@Qpatrika · @qaumipatrika punjabi · instagram.com/qaumipatrika

विश्व भर में सबसे ज्यादा पढ़ा जाने वाला

# ਕੌਮੀ ਪਤ੍ਰਿਕਾ

Largest Circulated

दिल्ली, हिमाचल, हरियाणा, पंजाब, उत्तर प्रदेश, उत्तराखण्ड से प्रसारित।

Saturday, 23 November 2024

Punjabi National Daily

Qaumi Patrika NO.1

VISIT: www.qaumipatrika.org
Email: qpatrika@gmail.com

ਨਵੀਂ ਦਿੱਲੀ: ਸ਼ਨੀਵਾਰ 23 ਨਵੰਬਰ 2024, 9 ਮੱਘਰ ਨਾਨਕਸ਼ਾਹੀ ਸੰਮਤ 555 (ਸਫ਼ੇ-12) ਮੁੱਲ 3.00 ਰੁਪਏ

R.N.I. No. 39272/81– ਸੰਪਾਦਕ – ਗੁਰਚਰਨ ਸਿੰਘ ਬੱਬਰ – ਸਾਲ – 43, ਅੰਕ 13, qpatrika@gmail.com ਫੋਨ : 9971359517 www.qaumipatrika.org


## ਕੁਮਾਰੀ ਸ਼ੈਲਜਾ ਨੇ ਨਾਇਬ ਸੈਣੀ ਨੂੰ ਲਿਖੀ ਚਿੱਠੀ

ਚੰਡੀਗੜ੍ਹ 22 ਨਵੰਬਰ। ਸਿਰਸਾ ਤੋਂ ਸੰਸਦ ਮੈਂਬਰ ਕੁਮਾਰੀ ਸ਼ੈਲਜਾ ਨੇ ਕਿਹਾ ਹੈ ਕਿ ਹਰਿਆਣਾ ਵਿਚ ਕੈਂਸਰ ਮਰੀਜਾਂ ਦੀ ਵਧਦੀ ਗਿਣਤੀ ਅਤੇ ਇਲਾਜ ਦੀਆਂ ਸੀਮਤ ਸਹੂਲਤਾਂ ਇਕ ਗੰਭੀਰ ਮੁੱਦਾ ਹੈ। ਸਿਰਸਾ, ਫਤਿਹਾਬਾਦ, ਕੈਥਲ ਅਤੇ ਅੰਬਾਲਾ ਵਰਗੇ ਜ਼ਿ?ਲ੍ਹਿਆਂ ਵਿਚ ਕੈਂਸਰ ਦੇ ਮਾਮਲੇ ਤੇਜੀ ਨਾਲ ਵਧ ਰਹੇ ਹਨ, ਜਿਸ ਕਾਰਨ ਮਰੀਜਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਇਲਾਜ ਲਈ ਦੂਜੇ ਸੂਬਿਆਂ ਦਾ ਰੁਖ ਕਰਨਾ ਪੈ ਰਿਹਾ ਹੈ। ਸ਼ੈਲਜਾ ਨੇ ਮੁੱਖ ਮੰਤਰੀ ਨੂੰ ਚਿੱਠੀ ਲਿਖ ਕੇ ਅਪੀਲ ਕੀਤੀ ਹੈ ਕਿ ਹਰਿਆਣਾ ਦੇ ਸਾਰੇ ਜ਼ਿ?ਲ੍ਹਿਆਂ ਦੇ ਸਿਵਲ ਹਸਪਤਾਲਾਂ ਵਿਚ ਕੈਂਸਰ ਦੇ ਇਲਾਜ ਦੀਆਂ ਸਹੂਲਤਾਂ ਯਕੀਨੀ ਕੀਤੀਆਂ ਜਾਣ। ਇਸ ਤੋਂ ਨਾ ਸਿਰਫ ਮਰੀਜਾਂ ਨੂੰ ਉੱਚਿਤ ਇਲਾਜ ਮਿਲ ਸਕੇਗਾ, ਸਗੋਂ ਉਨ੍ਹਾਂ ਦਾ ਸਮਾਂ ਵੀ ਬਚੇਗਾ। ਸ਼ੈਲਜਾ ਨੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੂੰ ਲਿਖੀ ਚਿੱਠੀ 'ਚ ਕਿਹਾ ਕਿ ਹਰਿਆਣਾ 'ਚ ਕੈਂਸਰ ਮਰੀਜਾਂ ਦੀ ਗਿਣਤੀ ਵਧ ਰਹੀ ਹੈ। ਹਰਿਆਣਾ 'ਚ ਹਰ ਮਹੀਨੇ 1500 ਕੈਂਸਰ ਮਰੀਜ ਕੈਂਸਰ ਨਾਲ ਮਰ ਰਹੇ ਹਨ, ਜੋ ਗੰਭੀਰ ਚਿੰਤਾ ਦਾ ਵਿਸ਼ਾ ਹੈ। ਜਿਸ 'ਤੇ ਤੁਰੰਤ ਧਿਆਨ ਦੇਣ ਦੀ ਲੋੜ ਹੈ। ਕੈਂਸਰ ਮਰੀਜਾਂ ਨੂੰ ਜਾਂ ਤਾਂ ਇਲਾਜ ਲਈ ਪੀ. ਜੀ. ਆਈ. ਰੋਹਤਕ/ ਚੰਡੀਗੜ੍ਹ ਰਾਸ਼ਟਰੀ ਕੈਂਸਰ ਸੰਸਥਾ, ਝੱਜਰ 'ਚ ਇਲਾਜ ਲਈ ਜਾਣਾ ਪੈਂਦਾ ਹੈ। ਜਿੱਥੇ ਮਰੀਜਾਂ ਦੀ ਗਿਣਤੀ ਬਹੁਤ ਜ਼ਿ?ਆਦਾ ਹੋਣ ਕਾਰਨ ਉਨ੍ਹਾਂ ਨੂੰ ਆਪਣੀ ਵਾਰੀ ਅਤੇ ਦਾਖਲ ਹੋਣ ਲਈ ਕਾਫੀ ਲੰਬੀ ਉਡੀਕ ਕਰਨੀ ਪੈਂਦੀ ਹੈ। ਮਰੀਜਾਂ ਕੋਲ ਹਰਿਆਣਾ ਤੋਂ ਬਾਹਰ ਜਿਵੇਂ ਬੀਕਾਨੇਰ, ਜੈਪੁਰ, ਦਿੱਲੀ ਜਾਣ ਤੋਂ ਇਲਾਵਾ ਕੋਈ ਵਿਕਲਪ ਨਹੀਂ ਬਚਦਾ, ਜੋ ਆਮ ਆਦਮੀ ਲਈ ਕਾਫੀ ਮਹਿੰਗਾ ਹੈ।

# ਖਾਸ ਰਿਹਾ ਪ੍ਰਧਾਨ ਮੰਤਰੀ ਮੋਦੀ ਦਾ ਵਿਦੇਸ਼ ਦੌਰਾ, 5 ਦਿਨਾਂ 'ਚ 31 ਵਿਸ਼ਵ ਨੇਤਾਵਾਂ ਨਾਲ ਕੀਤੀ ਮੁਲਾਕਾਤ

**ਸਿੰਮੀ ਕੌਰ ਬੱਬਰ**

ਨਵੀਂ ਦਿੱਲੀ 22 ਨਵੰਬਰ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਨਾਈਜੀਰੀਆ, ਬ੍ਰਾਜ਼ੀਲ ਅਤੇ ਗੁਆਨਾ ਦੀ 5 ਦਿਨਾਂ ਯਾਤਰਾ ਦੌਰਾਨ 31 ਵਿਸ਼ਵ ਨੇਤਾਵਾਂ ਨਾਲ ਮੁਲਾਕਾਤ ਕੀਤੀ ਹੈ। ਸੂਤਰਾਂ ਅਨੁਸਾਰ ਆਪਣੀ ਤਿੰਨ ਦੇਸ਼ਾਂ ਦੀ ਵਿਦੇਸ਼ ਯਾਤਰਾ ਦੌਰਾਨ ਸ਼੍ਰੀ ਮੋਦੀ ਨੇ 31 ਦੋ-ਪੱਖੀ ਬੈਠਕਾਂ ਅਤੇ ਗਲੋਬਲ ਨੇਤਾਵਾਂ ਨਾਲ ਗੈਰ-ਰਸਮੀ ਗੱਲਬਾਤ 'ਚ ਹਿੱਸਾ ਲਿਆ। ਉਨ੍ਹਾਂ ਨੇ ਨਾਈਜੀਰੀਆ 'ਚ ਇਕ ਦੋ-ਪੱਖੀ ਬੈਠਕ ਕੀਤੀ, ਬ੍ਰਾਜ਼ੀਲ 'ਚ ਜੀ-20 ਸਿਖਰ ਸੰਮੇਲਨ ਮੌਕੇ 10 ਦੋ-ਪੱਖੀ ਬੈਠਕਾਂ ਕੀਤੀਆਂ। ਇਸ ਤੋਂ ਬਾਅਦ ਗੁਆਨਾ ਯਾਤਰਾ ਦੌਰਾਨ ਉਨ੍ਹਾਂ ਨੇ 9 ਦੋ-ਪੱਖੀ ਬੈਠਕਾਂ ਕੀਤੀਆਂ। ਨਾਈਜੀਰੀਆ 'ਚ ਸ਼੍ਰੀ ਮੋਦੀ ਨੇ ਨਾਈਜੀਰੀਆ ਦੇ ਰਾਸ਼ਟਰੀ ਨਾਲ ਦੋ-ਪੱਖੀ ਬੈਠਕ ਕੀਤੀ। ਬ੍ਰਾਜ਼ੀਲ 'ਚ ਸ਼੍ਰੀ ਮੋਦੀ ਨੇ ਬ੍ਰਾਜ਼ੀਲ, ਇੰਡੋਨੇਸ਼ੀਆ, ਪੁਰਤਗਾਲ, ਇਟਲੀ, ਨਾਰਵੇ, ਫਰਾਂਸ, ਬ੍ਰਿਟੇਨ, ਚਿਲੀ, ਅਰਜਨਟੀਨਾ ਅਤੇ ਆਸਟ੍ਰੇਲੀਆ ਦੇ ਨੇਤਾਵਾਂ ਨਾਲ ਦੋ-ਪੱਖੀ ਬੈਠਕਾਂ ਕੀਤੀਆਂ। ਬ੍ਰਾਜ਼ੀਲ 'ਚ 10 ਦੋ-ਪੱਖੀ ਬੈਠਕਾਂ 'ਚੋਂ, 5 ਨੇਤਾਵਾਂ ਨਾਲ ਸ਼੍ਰੀ ਮੋਦੀ ਦੀ



ਪਹਿਲੀ ਬੈਠਕ ਹੋਈ। ਇੰਡੋਨੇਸ਼ੀਆ ਦੇ ਰਾਸ਼ਟਰਪਤੀ ਪ੍ਰਬੋਵੋ ਸੁਬਿਆਂਤੋ, ਪੁਰਤਗਾਲ ਦੇ ਪ੍ਰਧਾਨ ਮੰਤਰੀ ਲੁਈਸ ਮੋਂਟੇਨੇਗ੍ਰੋ, ਬ੍ਰਿਟੇਨ ਦੇ ਪ੍ਰਧਾਨ ਮੰਤਰੀ ਕੀਰ ਸਾਟਰਮਰ, ਚਿਲੀ ਦੇ ਰਾਸ਼ਟਰਪਤੀ ਗੇਬ੍ਰਿਅਲ ਬੋਰਿਕ ਅਤੇ ਅਰਜਨਟੀਨਾ ਦੇ ਰਾਸ਼ਟਰਪਤੀ ਜੇਵਿਅਰ ਮਾਇਲੀ ਤੋਂ ਇਲਾਵਾ ਸ਼੍ਰੀ ਮੋਦੀ ਨੇ ਸਿੰਗਾਪੁਰ, ਦੱਖਣ ਕੋਰੀਆ, ਮਿਸਰ, ਅਮਰੀਕਾ ਅਤੇ ਸਪੇਨ ਦੇ ਨੇਤਾਵਾਂ ਅਤੇ ਯੂਰਪੀ ਸੰਘ ਦੇ ਪ੍ਰਧਾਨ ਉਰਸੁਲਾ ਵਾਨ ਡੇਨ ਲੇਯੇਨ ਵਰਗੇ ਵੱਖ-ਵੱਖ ਅੰਤਰਰਾਸ਼ਟਰੀ ਸੰਗਠਨਾਂ ਦੇ ਮੁਖੀਆਂ ਅਤੇ ਅਧਿਕਾਰੀਆਂ ਨਾਲ ਗੈਰ-ਰਸਮੀ ਗੱਲਬਾਤ ਕੀਤੀ ਅਤੇ ਬੈਠਕਾਂ ਕੀਤੀਆਂ, ਜਿਨ੍ਹਾਂ 'ਚ ਸੰਯੁਕਤ ਰਾਸ਼ਟਰ ਦੇ ਜਨਰਲ ਸਕੱਤਰ ਐਂਟੋਨੀਓ ਗੁਟੇਰੇਸ, ਵਿਸ਼ਵ ਵਪਾਰ ਸੰਗਠਨ ਦੇ ਮੁਖੀ ਨਗੋਜੀ ਓਕੋਨਜੋ-ਇਵੇਲਾ, ਵਿਸ਼ਵ ਸਿਹਤ ਸੰਗਠਨ ਦੇ ਮੁਖੀ ਟੇਡ੍ਰੋਸ ਏਡਨੋਮ ਘੇਬ੍ਰੇਅਸਸ ਅਤੇ ਆਈਐੱਮਐੱਫ ਦੀ ਮੁੱਖ ਕ੍ਰਿਸਟਾਲਿਨਾ ਜਾਰਜੀਵਾ ਅਤੇ ਗੀਤਾ ਗੋਪੀਨਾਥ ਸ਼ਾਮਲ ਹਨ। ਗੁਆਨਾ 'ਚ ਸ਼੍ਰੀ ਮੋਦੀ ਨੇ ਗੁਆਨਾ, ਡੋਮਿਨਿਕਾ, ਬਹਾਮਾਸ, ਤ੍ਰਿਨਿਦਾਦ ਅਤੇ ਟੋਬੈਗੋ, ਸੂਰੀਨਾਮ, ਬਾਰਬਾਡੋਸ, ਐਂਟੀਗੁਆ ਅਤੇ ਬਾਰਬੁਡਾ, ਗ੍ਰੇਨੇਡਾ ਅਤੇ ਸੇਂਟ ਲੂਸੀਆ ਦੇ ਨੇਤਾਵਾਂ ਨਾਲ ਦੋ-ਪੱਖੀ ਬੈਠਕਾਂ ਕੀਤੀਆਂ।

## ਕੁਰਕ ਹੋਵੇਗਾ ਬੀਕਾਨੇਰ ਹਾਊਸ, ਅਦਾਲਤ ਨੇ ਦਿੱਤੇ ਹੁਕਮ

ਨਵੀਂ ਦਿੱਲੀ 22 ਨਵੰਬਰ। ਦਿੱਲੀ ਦੀ ਇੱਕ ਅਦਾਲਤ ਨੇ ਇੱਕ ਕੰਪਨੀ ਨੂੰ 50.31 ਲੱਖ ਰੁਪਏ ਦੀ ਸਾਲਸੀ ਰਕਮ ਦਾ ਭੁਗਤਾਨ ਨਾ ਕਰਨ ਲਈ ਰਾਜਸਥਾਨ ਵਿੱਚ ਨੋਖਾ ਨਗਰਪਾਲਿਕਾ ਦੀ ਮਲਕੀਅਤ ਵਾਲੇ ਬੀਕਾਨੇਰ ਹਾਊਸ ਨੂੰ ਕੁਰਕ ਕਰਨ ਦਾ ਨਿਰਦੇਸ ਦਿੱਤਾ ਹੈ। ਆਦੇਸ ਪਾਸ ਕਰਦੇ ਹੋਏ ਜ਼ਿ?ਲ੍ਹਾ ਜੱਜ ਵਿਦਿਆ ਪ੍ਰਕਾਸ ਨੇ ਕਿਹਾ ਕਿ ਇਸ ਸਾਲ ਦੇ ਸੂਰੂ ਵਿੱਚ ਨਗਰਪਾਲਿਕਾ ਦੁਆਰਾ ਦਾਇਰ ਕੀਤੀ ਗਈ ਅਪੀਲ ਨੂੰ ਰੱਦ ਕੀਤੇ ਜਾਣ ਤੋਂ ਬਾਅਦ 'ਐਨਵੀਰੋ ਇਨਫਰਾ ਇੰਜੀਨੀਅਰਜ ਪ੍ਰਾਈਵੇਟ ਲਿਮਟਿਡ' ਦੇ ਹੱਕ ਵਿੱਚ ਸਾਲ 2020 ਦਾ ਆਰਬਿਟਰੇਸਨ ਆਰਡਰ ਅੰਤਿਮ ਬਣ ਗਿਆ ਹੈ। ਇਸ ਦੇ ਨਾਲ ਹੀ ਜੱਜ ਨੇ 18 ਸਤੰਬਰ ਨੂੰ ਦਿੱਤੇ ਹੁਕਮਾਂ ਵਿੱਚ ਕਿਹਾ ਕਿ ਅਦਾਲਤ ਦੀਆਂ ਹਦਾਇਤਾਂ ਦੀ ਪਾਲਣਾ ਨਹੀਂ ਕੀਤੀ ਗਈ। ਜੱਜ ਨੇ ਕਿਹਾ ਕਿ ਇਸ ਗੱਲ ਨੂੰ ਨੋਟ ਕਰਦੇ ਹੋਏ ਕਿ ਵਾਰ-ਵਾਰ ਮੌਕੇ ਦੇਣ ਦੇ ਬਾਵਜੂਦ ਕਰਜਦਾਰ ਆਪਣੀ ਜਾਇਦਾਦ ਦਾ ਹਲਫਨਾਮਾ ਪੇਸ ਕਰਨ ਦੇ ਨਿਰਦੇਸਾਂ ਦੀ ਪਾਲਣਾ ਕਰਨ ਵਿੱਚ ਅਸਫਲ ਰਿਹਾ ਹੈ। ਅਦਾਲਤ ਨੇ ਡਿਕਰੀ ਧਾਰਕ () ਦੀ ਤਰਫੋਂ ਪੇਸ ਕੀਤੀਆਂ ਦਲੀਲਾਂ ਨਾਲ ਸਹਿਮਤੀ ਜਤਾਉਂਦੇ ਕਿਹਾ ਕਿ ਕਰਜਦਾਰ ਦੀ ਅਚੱਲ ਜਾਇਦਾਦ ਅਰਥਾਤ ਬੀਕਾਨੇਰ ਹਾਊਸ ਦੇ ਖ਼ਿ?ਲਾਫ ਕੁਰਕੀ ਵਾਰੰਟ ਜਾਰੀ ਕਰਨ ਦਾ ਇਹ ਇੱਕ ਢੁਕਵਾਂ ਮਾਮਲਾ ਹੈ। ਅਦਾਲਤ ਨੇ ਇਹ ਫੈਸਲਾ ਸਾਲਸੀ ਟ੍ਰਿਬਿਊਨਲ ਵੱਲੋਂ 21 ਜਨਵਰੀ 2020 ਨੂੰ ਦਿੱਤੇ ਹੁਕਮਾਂ ਨੂੰ ਲਾਗੂ ਕਰਨ ਦੀ ਮੰਗ ਵਾਲੀ ਪਟੀਸਨ 'ਤੇ ਦਿੱਤਾ ਹੈ। ਜੱਜ ਨੇ ਕਿਹਾ ਕਿ ਅਦਾਲਤ ਨੇ ਫੈਸਲਾ ਦਿੱਤਾ ਸੀ ਕਿ ਨੋਖਾ ਨਗਰਪਾਲਿਕਾ ਜਾਇਦਾਦ ਨੂੰ ਵੇਚ ਨਹੀਂ ਸਕਦੀ ਜਾਂ ਇਸ ਨੂੰ ਤੋਹਫੇ ਜਾਂ ਕਿਸੇ ਹੋਰ ਤਰੀਕੇ ਨਾਲ ਤਬਦੀਲ ਨਹੀਂ ਕਰ ਸਕਦੀ। ਜੱਜ ਨੇ ਨੋਖਾ ਨਗਰ ਪਾਲਿਕਾ ਦੇ ਨੁਮਾਇੰਦੇ ਨੂੰ ਅਗਲੀ ਸੁਣਵਾਈ 29 ਨਵੰਬਰ ਨੂੰ ਅਦਾਲਤ ਵਿੱਚ ਪੇਸ ਹੋਣ ਦੇ ਨਿਰਦੇਸ ਦਿੱਤੇ ਹਨ।

# ਸਾਗਰ ਅਡਾਨੀ ਦੇ ਮੋਬਾਈਲ ਫੋਨ ਨੇ ਕਿਵੇਂ ਖੋਲ੍ਹਿਆ ਰਾਜ

**ਨਵਦੀਪ ਸਿੰਘ ਸਾਹਨੀ**

ਨਵੀਂ ਦਿੱਲੀ 22 ਨਵੰਬਰ। ਅਰਬਪਤੀ ਗੌਤਮ ਅਡਾਨੀ ਦਾ 30 ਸਾਲਾ ਭਤੀਜਾ ਸਾਗਰ ਅਡਾਨੀ 250 ਮਿਲੀਅਨ ਡਾਲਰ ਦੇ ਰਿਸਵਤਖੋਰੀ ਮਾਮਲੇ ਕਾਰਨ ਚਰਚਾ 'ਚ ਹੈ। ਏਜੰਸੀਆਂ ਵੱਲੋਂ ਅਮਰੀਕਾ 'ਚ ਉਨ੍ਹਾਂ ਦੇ ਮੋਬਾਈਲ ਫੋਨ ਦੀ ਬਰਾਮਦਗੀ ਤੋਂ ਬਾਅਦ ਇਸ ਸਬੰਧੀ ਕਈ ਗੱਲਾਂ ਸਾਹਮਣੇ ਆ ਰਹੀਆਂ ਹਨ। ਸਾਗਰ ਨੇ ਵੱਕਾਰੀ ਬ੍ਰਾਊਨ ਯੂਨੀਵਰਸਿਟੀ ਤੋਂ ਸਿੱਖਿਆ ਹਾਸਲ ਕੀਤੀ ਹੈ। ਉਹ ਅਮਰੀਕੀ ਕਾਨੂੰਨਾਂ ਤੋਂ ਚੰਗੀ ਤਰ੍ਹਾਂ ਜਾਣੂ ਹਨ। ਇਸ ਦੇ ਬਾਵਜੂਦ ਉਨ੍ਹਾਂ ਨੇ ਗੱਲਾਂ ਨੂੰ ਸਾਧਾਰਨ ਜਿਹਾ ਸਮਝਣ ਦੀ ਗਲਤੀ ਕੀਤੀ। ਉਹ ਅਡਾਨੀ ਗ੍ਰੀਨ ਐਨਰਜੀ ਦੇ ਕਾਰਜਕਾਰੀ ਨਿਰਦੇਸਕ ਬਣੇ। ਉਹ ਅਮਰੀਕਾ ਦੇ ਦੌਰੇ 'ਤੇ ਸਨ ਕਿ ਐੱਫ. ਬੀ. ਆਈ. ਦੇ ਏਜੰਟਾਂ ਨੇ ਅਚਾਨਕ ਉਨ੍ਹਾਂ ਦਾ ਦਰਵਾਜਾ ਖੜਕਾਇਆ ਤੇ ਉਨ੍ਹਾਂ ਨੂੰ 17 ਮਾਰਚ, 2023 ਦਾ ਸਰਚ ਵਾਰੰਟ ਵਿਖਾਇਆ। ਅਦਾਲਤ 'ਚ ਦਾਇਰ ਕੀਤੇ ਗਏ ਦਸਤਾਵੇਜਾਂ 'ਚ ਸਾਗਰ ਨੂੰ ਨਾ ਸਿਰਫ ਇਕ ਸਹਾਇਕ ਸਗੋਂ ਇਕ ਰਣਨੀਤੀਕਾਰ



ਵਜੋਂ ਵੀ ਦਰਸਾਇਆ ਗਿਆ ਹੈ, ਜੋ ਭੁਗਤਾਨਾਂ ਦੇ ਪ੍ਰਬੰਧ ਤੇ ਵਸੂਲੀ 'ਚ ਡੂੰਘਾਈ ਨਾਲ ਸਾਮਲ ਸੀ। ਉਨ੍ਹਾਂ ਗੌਤਮ ਅਡਾਨੀ ਨਾਲ ਮਿਲ ਕੇ ਕੰਮ ਕੀਤਾ, ਬਿਜਲੀ ਕੰਪਨੀਆਂ ਨਾਲ ਮੀਟਿੰਗਾਂ ਕੀਤੀਆਂ ਤੇ ਸੀਨੀਅਰ ਅਧਿਕਾਰੀਆਂ ਨਾਲ ਰਿਸਵਤ ਬਾਰੇ ਚਰਚਾ ਕੀਤੀ। ਮੋਬਾਈਲ ਫੋਨ ਡਿਵਾਈਸ ਨੇ ਖੁਲਾਸਾ ਕੀਤਾ ਕਿ ਫਰਵਰੀ 2021 ਨੂੰ ਇਕ ਵ੍ਹਟਸਐਪ ਸੰਦੇਸ 'ਚ ਸਾਗਰ ਨੇ ਜੰਮੂ-ਕਸਮੀਰ ਤੇ ਛੱਤੀਸਗੜ੍ਹ 'ਚ ਸੰਭਾਵਤ ਬਿਜਲੀ ਸੌਦਿਆਂ ਲਈ ਪ੍ਰਵਾਨਗੀ ਹਾਸਲ ਕਰਨ ਲਈ 'ਇੰਸੈਂਟਿਵ' ਨੂੰ ਦੁੱਗਣਾ ਕਰਨ ਦੀ ਚਰਚਾ ਕੀਤੀ ਸੀ। ਜੁਲਾਈ, 2021 ਦੇ ਇਕ ਹੋਰ ਸੰਦੇਸ਼ 'ਚ 500 ਮੈਗਾਵਾਟ ਬਿਜਲੀ ਸੌਦੇ ਲਈ ਓਡਿਸ਼ਾ ਦੇ ਅਧਿਕਾਰੀਆਂ ਨੂੰ ਰਿਸਵਤ ਦੀ ਪੇਸ਼ਕਸ਼ ਦਾ ਵੇਰਵਾ ਦਿੱਤਾ ਗਿਆ ਹੈ। ਸਾਗਰ ਦੇ 2020 ਦੇ ਇਕ ਵ੍ਹਟਸਐਪ ਸੰਦੇਸ ਨੇ ਸਕੀਮ ਦੀ ਗੈਰ-ਯਕੀਨੀ ਪ੍ਰਕਿਰਤੀ ਬਾਰੇ ਉਨ੍ਹਾਂ ਦੀ ਜਾਗਰੂਕਤਾ ਨੂੰ ਉਜਾਗਰ ਕੀਤਾ ਪਰ ਉਸ ਨੂੰ ਲੁਕਾਉਣਾ ਬਹੁਤ ਔਖਾ ਹੈ। ਇਹ ਭੇਤ ਇਸ ਹਫਤੇ ਨਿਊਯਾਰਕ 'ਚ ਉਨ੍ਹਾਂ 'ਤੇ ਦੋਸ ਲਾਏ ਜਾਣ ਪਿੱਛੋਂ ਪੂਰੀ ਤਰ੍ਹਾਂ ਨਾਲ ਬੇਨਕਾਬ ਹੋ ਗਿਆ। ਮੋਬਾਈਲ ਫੋਨ ਦੀ ਸਕੈਨਿੰਗ ਤੋਂ ਪਤਾ ਲੱਗਾ ਹੈ ਕਿ ਸਾਗਰ ਨੇ ਆਪਣੇ ਮੋਬਾਈਲ ਫੋਨ 'ਤੇ ਸਭ ਕੁਝ ਧਿਆਨ ਨਾਲ ਰਿਕਾਰਡ ਕੀਤਾ ਸੀ। ਇਸ 'ਚ ਰਿਸਵਤ ਦੀ ਰਕਮ, ਬਦਲੇ 'ਚ ਖਰੀਦੀ ਗਈ ਬਿਜਲੀ ਦੀ ਮੈਗਾਵਾਟ ਤੇ ਇੱਥੋਂ ਤੱਕ ਕਿ ਪ੍ਰਤੀ ਮੈਗਾਵਾਟ ਰਿਸਵਤ ਦੀ ਦਰ ਵੀ ਸਾਮਲ ਹੈ। ਇਹ ਸਭ ਗੁਪਤ ਵ੍ਹਟਸਐਪ ਸੰਦੇਸਾਂ 'ਚ ਹੈ। ਐੱਫ. ਬੀ. ਆਈ. ਦੇ ਵਿਸੇਸ ਏਜੰਟਾਂ ਨੇ ਸਾਗਰ ਦੇ ਕਬਜੇ 'ਚੋਂ ਇਲੈਕਟ੍ਰਾਨਿਕ ਉਪਕਰਨ ਆਪਣੇ ਕਬਜੇ 'ਚ ਲੈ ਲਏ, ਜਿਸ ਨਾਲ ਪੂਰਾ ਮਾਮਲਾ ਬੇਨਕਾਬ ਹੋ ਗਿਆ।

## ਭਾਰਤ ਵਿੱਤੀ ਸਾਲ 2025 ਲਈ 11.1 ਟ੍ਰਿਲੀਅਨ ਰੁਪਏ ਦੇ ਪੂੰਜੀ ਖਰਚ ਦੇ ਟੀਚੇ ਨੂੰ ਕਰ ਸਕਦੈ ਪਾਰ

ਬਿਜਨੈੱਸ ਡੈਸਕ 22 ਨਵੰਬਰ। ਵਿੱਤ ਮੰਤਰਾਲੇ ਦੇ ਇੱਕ ਚੋਟੀ ਦੇ ਅਧਿਕਾਰੀ ਨੇ ਕਿਹਾ ਕਿ ਵਿੱਤੀ ਸਾਲ 2024-25 ਲਈ ਭਾਰਤ 11.1 ਟ੍ਰਿਲੀਅਨ ਰੁਪਏ (£131.72 ਬਿਲੀਅਨ) ਦੇ ਆਪਣੇ ਪੂੰਜੀ ਖਰਚ ਦੇ ਟੀਚੇ ਨੂੰ ਪਾਰ ਕਰ ਸਕਦਾ ਹੈ। ਆਰਥਿਕ ਮਾਮਲਿਆਂ ਦੇ ਸਕੱਤਰ ਅਜੈ ਸੇਠ ਨੇ ਨਵੀਂ ਦਿੱਲੀ ਵਿੱਚ ਇੱਕ ਸਮਾਗਮ ਵਿੱਚ ਕਿਹਾ ਭੋਜਨ ਦੀਆਂ ਕੀਮਤਾਂ ਇੱਕ ਸਮੱਸਿਆ ਦਾ ਖੇਤਰ ਹਨ ਪਰ ਮਹਿੰਗਾਈ ਇੱਕ ਚੁਣੌਤੀ ਨਹੀਂ ਹੈ। ਭਾਰਤ ਵਿੱਚ ਪ੍ਰਚੂਨ ਮਹਿੰਗਾਈ ਅਕਤੂਬਰ ਵਿੱਚ 14 ਮਹੀਨਿਆਂ ਵਿੱਚ ਆਪਣੇ ਸਭ ਤੋਂ ਉੱਚੇ ਪੱਧਰ 'ਤੇ ਪਹੁੰਚ ਗਈ, ਜਿਸਦਾ ਅੰਸਕ ਕਾਰਨ ਖਾਣ ਵਾਲਾ ਤੇਲ, ਪਿਆਜ ਅਤੇ ਟਮਾਟਰ ਦੀਆਂ ਉੱਚੀਆਂ ਕੀਮਤਾਂ ਹਨ। ਦੁਨੀਆ ਦੀ ਸਭ ਤੋਂ ਤੇਜ ਆਰਥਿਕ ਵਿਕਾਸ ਦਰਾਂ ਵਿੱਚੋਂ ਇੱਕ ਲਈ ਮਹੱਤਵਪੂਰਨ ਭਾਰਤ ਸਰਕਾਰ ਦਾ ਬੁਨਿਆਦੀ ਢਾਂਚਾ ਖਰਚ ਰਾਸਟਰੀ ਚੋਣਾਂ ਦੇ ਕਾਰਨ ਚਾਲੂ ਸਾਲ ਵਿਚ ਘੱਟ ਰਿਹਾ। ਸਰਕਾਰੀ ਅੰਕੜਿਆਂ ਦੇ ਅਨੁਸਾਰ ਅਪ੍ਰੈਲ ਅਤੇ ਸਤੰਬਰ ਦੇ ਵਿਚਕਾਰ ਸਰਕਾਰ ਨੇ 2024-25 ਲਈ ਆਪਣੇ 11.1 ਟ੍ਰਿਲੀਅਨ ਰੁਪਏ ਦੇ ਬਜਟ ਟੀਚੇ ਦਾ ਸਿਰਫ 37% ਖਰਚ ਕੀਤਾ, ਜਦਕਿ ਪਿਛਲੇ ਸਾਲ ਦੇ ਟੀਚੇ ਦਾ 49% ਖਰਚ ਕੀਤਾ ਗਿਆ ਸੀ। ਸੇਠ ਨੇ ਕਿਹਾ ਕਿ ਸਰਕਾਰ ਨੂੰ ਵਿੱਤੀ ਸਾਲ 2024-25 ਲਈ 6.5% -7% ਦੇ ਆਪਣੇ ਵਿਕਾਸ ਅਨੁਮਾਨ ਵਿੱਚ ਕੋਈ ਕਮੀ ਦਾ ਜੋਖਮ ਦਿਖਾਈ ਨਹੀਂ ਦਿੰਦਾ। ਇੱਕ ਪਿਛਲੀ ਰਿਪੋਰਟ ਵਿੱਚ ਕਿਹਾ ਗਿਆ ਹੈ

## ਮਾਹਿਰਾਂ ਦਾ ਕਹਿਣਾ ਹੈ ਕਿ ਦਿੱਲੀ ਵਿਚ ਨਕਲੀ ਮੀਂਹ ਕੋਈ ਤੁਰੰਤ ਹੱਲ ਨਹੀਂ

ਨਵੀਂ ਦਿੱਲੀ 22 ਨਵੰਬਰ। 'ਆਪ' ਦੀ ਸਰਕਾਰ ਨੇ ਇਤਿਹਾਸ ਵਿਚ ਸਭ ਤੋਂ ਖਰਾਬ ਪ੍ਰਦੂਸ਼ਣ ਦੌਰ ਨਾਲ ਜੂਝ ਰਹੀ ਦਿੱਲੀ ਵਿਚ ਨਕਲੀ ਮੀਂਹ ਲਈ ਦਬਾਅ ਪਾਇਆ ਹੈ ਪਰ ਮਾਹਿਰਾਂ ਦਾ ਕਹਿਣਾ ਹੈ ਕਿ ਇਹ ਤੁਰੰਤ ਹੱਲ ਦੇ ਰੂਪ ਵਿਚ ਸੰਭਵ ਨਹੀਂ ਹੈ। ਵਿਗਿਆਨੀਆਂ ਨੇ ਕਿਹਾ ਕਿ ਧੁੰਦ ਵਿਚ ਨਮੀ ਹੋਣੀ ਚਾਹੀਦਾ ਹੈ। ਸਾਨੂੰ ਬੱਦਲਾਂ ਦੀ ਜਾਣਕਾਰੀ ਰੱਖਣ ਵਾਲੇ ਮਾਹਿਰਾਂ ਦੀ ਲੋੜ ਹੈ, ਪਰ ਯੂਨੀਵਰਸਿਟੀਆਂ ਵਿਚ ਅਜਿਹੇ ਮਾਹਿਰਾਂ ਦੀ ਕਮੀ ਹੈ। ਜਮੀਨ 'ਤੇ ਕਲਾਊਡ ਸੀਡਿੰਗ ਦੀ ਲੋੜ ਹੈ। ਧੁੰਦ ਦੀ ਵਰਤੋਂ ਇਕ ਵੱਖਰੀ ਤਕਨੀਕ ਨਾਲ ਵੀ ਕੀਤੀ ਜਾ ਸਕਦੀ ਹੈ, ਜਿਸ ਦੀ ਭਾਰਤ ਵਿਚ ਅਜੇ ਤੱਕ ਵਰਤੋਂ ਨਹੀਂ ਹੋਈ ਹੈ। ਇਨ੍ਹਾਂ ਮਾਹਿਰਾਂ ਦਾ ਕਹਿਣਾ ਹੈ ਕਿ ਇਸ ਦੇ ਲਈ ਹਮੇਸ਼ਾ ਵੱਡੇ ਪੈਮਾਨੇ 'ਤੇ ਕੋਸ਼ਿਸ਼ ਹੋਣੀ ਚਾਹੀਦੀ ਹੈ, ਨਾ ਕਿ ਸਿਰਫ ਮੁਸ਼ਕਲ ਘੜੀ ਆਉਣ 'ਤੇ। ਉਨ੍ਹਾਂ ਦਾ ਇਹ ਵੀ ਕਹਿਣਾ ਹੈ ਕਿ ਪਰਾਲੀ ਸਾੜਨ ਤੋਂ ਪਹਿਲਾਂ ਨਿਕਲਣ ਵਾਲੇ ਧੂੰਏਂ ਨਾਲ ਨਜਿੱਠਣ ਦੀ ਤਿਆਰੀ ਹੋਣੀ ਚਾਹੀਦੀ ਹੈ। ਵਿਗਿਆਨੀਆਂ ਨੇ ਇਹ ਵੀ ਕਿਹਾ ਹੈ ਕਿ ਇਸ ਤਕਨੀਕ ਦੀਆਂ ਕੁਝ ਹੱਦਾਂ ਹਨ ਕਿਉਂਕਿ ਇਸ ਨੂੰ ਵਿਕਲਪ ਦੇ ਤੌਰ 'ਤੇ ਵਿਚਾਰ ਕਰਨ ਲਈ ਦਿੱਲੀ ਐੱਨ. ਸੀ. ਆਰ. ਵਿਚ ਬੱਦਲਾਂ ਦਾ ਹੋਣਾ ਲਾਜਮੀ ਹੈ। ਹਾਰਵਰਡ ਯੂਨੀਵਰਸਿਟੀ, ਕਾਨਪੁਰ ਆਈ. ਆਈ. ਟੀ. ਅਤੇ ਹੋਰ ਥਾਵਾਂ ਦੇ ਮਾਹਿਰਾਂ ਨੇ ਸ਼ਹਿਰ ਦੇ ਉੱਪਰੋਂ ਧੁੰਦ ਦੀ ਮੋਟੀ ਪਰਤ ਨੂੰ ਹਟਾਉਣ ਲਈ ਕਲਾਊਡ ਸੀਡਿੰਗ ਵਿਚ ਮਦਦ ਕਰਨ ਲਈ ਕਿਹਾ ਸੀ, ਉਨ੍ਹਾਂ ਕਿਹਾ ਕਿ ਇਸ ਤਰ੍ਹਾਂ ਦੇ ਕਦਮ ਉਠਾਉਣ ਲਈ ਲੰਬੀ ਤਿਆਰੀ ਅਤੇ ਪਹਿਲਾਂ ਤੋਂ ਯੋਜਨਾ ਬਣਾਉਣ ਦੀ ਲੋੜ ਹੁੰਦੀ ਹੈ। ਦਿੱਲੀ ਸਰਕਾਰ ਨੇ ਕਿਹਾ ਸੀ ਕਿ ਉਸ ਨੇ ਇਸ ਸਬੰਧੀ ਕੇਂਦਰ ਸਰਕਾਰ ਤੋਂ ਵਾਰ-ਵਾਰ ਅਪੀਲ ਕੀਤੀ, ਪਰ ਕੋਈ ਮਦਦ ਨਹੀਂ ਮਿਲੀ ਅਤੇ ਕੇਂਦਰ ਨੇ ਅਜੇ ਤੱਕ ਵਿਕਲਪ 'ਤੇ ਚਰਚਾ ਲਈ ਬੈਠਕ ਤੱਕ ਨਹੀਂ ਸੱਦੀ ਹੈ। ਕਾਨਪੁਰ ਆਈ. ਆਈ. ਟੀ. ਨੂੰ ਛੱਡ ਕੇ, ਜਿਥੇ ਦੋ ਸਾਲ ਪਹਿਲਾਂ ਸਾਜੋ-ਸਾਮਾਨ ਨਾਲ ਲੈਸ ਸਿਰਫ ਇਕ ਜਹਾਜ ਦੀ ਵਰਤੋਂ ਕੀਤੀ ਗਈ ਸੀ, ਦੇਸ਼ ਵਿਚ ਕਿਤੇ ਵੀ ਅਜਿਹਾ ਪ੍ਰਯੋਗ ਨਹੀਂ ਕੀਤਾ ਗਿਆ। ਇਨ੍ਹਾਂ ਮਾਹਿਰਾਂ ਦਾ ਕਹਿਣਾ ਹੈਂ ਕ ਓਦੋਂ ਤੋਂ ਕੋਈ ਕੋਸ਼ਿਸ਼ ਨਹੀਂ ਕੀਤੀ ਗਈ। ਦਿੱਲੀ ਪਿਛਲੇ ਕੁਝ ਦਿਨਾਂ ਤੋਂ ਹਵਾ ਦੇ ਪ੍ਰਦੂਸ਼ਣ ਦੀ ਹੰਗਾਮੀ ਸਥਿਤੀ ਦਾ ਸਾਹਮਣਾ ਕਰ ਰਹੀ ਹੈ, ਰਾਜਧਾਨੀ ਵਿਚ ਹਵਾ ਦੀ ਗੁਣਵੱਤਾ ਸੂਚਕ ਅੰਕ (ਏ. ਕਿਊ. ਆਈ.) 494 ਤੱਕ ਪਹੁੰਚ ਗਿਆ ਹੈ – ਜੋ ਪਿਛਲੇ ਕੁਝ ਸਾਲਾਂ ਵਿਚ ਸਭ ਤੋਂ ਖਰਾਬ ਪ੍ਰਦੂਸ਼ਣ ਦੇ ਰਿਕਾਰਡ ਵਿਚੋਂ ਇਕ ਹੈ।

## ਸਰਕਾਰੀ ਅਧਿਕਾਰੀਆਂ ਦੇ ਕੰਪਲੈਕਸਾਂ 'ਤੇ ਲੋਕਾਯੁਕਤ ਦਾ ਛਾਪਾ

ਬੈਂਗਲੁਰੂ 22 ਨਵੰਬਰ। ਕਰਨਾਟਕ ਲੋਕਾਯੁਕਤ ਵਲੋਂ ਛਾਪੇਮਾਰੀ ਦੌਰਾਨ ਨਕਦੀ, ਗਹਿਣੇ, ਘੜੀਆਂ ਅਤੇ ਸਮਾਰਕਾਂ ਦਾ ਭਾਰੀ ਜਖੀਰਾ ਬਰਾਮਦ ਕੀਤਾ ਗਿਆ ਹੈ। ਸੂਬੇ ਦੇ ਚਾਰ ਸਰਕਾਰੀ ਅਧਿਕਾਰੀਆਂ ਦੇ ਟਿਕਾਣਿਆਂ 'ਤੇ ਛਾਪੇਮਾਰੀ ਕੀਤੀ। ਅਧਿਕਾਰਤ ਸੂਤਰਾਂ ਨੇ ਇਹ ਜਾਣਕਾਰੀ ਦਿੱਤੀ। ਅਧਿਕਾਰਤ ਸੂਤਰਾਂ ਨੇ ਦੱਸਿਆ ਕਿ ਬੈਂਗਲੁਰੂ, ਮਾਂਡਿਆ ਅਤੇ ਚਿੱਕਬੱਲਾਪੁਰ 'ਚ ਛਾਪੇਮਾਰੀ ਕੀਤੀ ਗਈ। ਆਮਦਨ ਦੇ ਜਾਣੇ-ਪਛਾਣੇ ਸਰੋਤਾਂ ਤੋਂ ਵੱਧ ਜਾਇਦਾਦ ਦੇ ਮਾਮਲਿਆਂ ਦੀ ਜਾਂਚ ਦੇ ਸਬੰਧ ਵਿਚ ਚਾਰ ਅਧਿਕਾਰੀਆਂ ਨਾਲ ਜੁੜੇ ਕਈ ਟਿਕਾਣਿਆਂ 'ਤੇ ਛਾਪੇ ਮਾਰੇ ਗਏ। ਜਿਨ੍ਹਾਂ ਅਧਿਕਾਰੀਆਂ ਦੇ ਕੰਪਲੈਕਸਾਂ 'ਚ ਛਾਪੇਮਾਰੀ ਕੀਤੀ ਗਈ, ਉਨ੍ਹਾਂ 'ਚ 'ਮਾਈਨਜ ਐਂਡ ਜਿਓਲੋਜੀ' ਵਿਭਾਗ ਦੇ ਸੀਨੀਅਰ ਭੂ-ਵਿਗਿਆਨੀ ਕ੍ਰਿਸਨਾਵੇਣੀ ਐਮ. ਸੀ, 'ਕਾਵੇਰੀ ਨੀਰਾਵਰੀ ਕਾਰਪੋਰੇਸਨ ਸਰਫੇਸ ਵਾਟਰ ਡਾਟਾ ਸੈਂਟਰ' ਦੇ ਮੈਨੇਜਿੰਗ ਡਾਇਰੈਕਟਰ ਮਹੇਸ, ਟਾਊਨ ਐਂਡ ਕੰਟਰੀ ਪਲਾਨਿੰਗ ਦੇ ਡਾਇਰੈਕਟਰ ਐਨ. ਕੇ ਥਿੱਪੇਸਵਾਮੀ ਅਤੇ ਸੰਯੁਕਤ ਆਬਕਾਰੀ ਕਮਿਸ਼ਨਰ ਦਫਤਰ ਦੇ ਆਬਕਾਰੀ ਪ੍ਰਧਾਨ ਮੋਹਨ ਕੇ ਸ਼ਾਮਲ ਹਨ। ਉਨ੍ਹਾਂ ਕਿਹਾ ਕਿ ਲੋਕਾਯੁਕਤ ਅਧਿਕਾਰੀ ਦਸਤਾਵੇਜਾਂ, ਜਾਇਦਾਦਾਂ ਅਤੇ ਕੀਮਤੀ ਸਮਾਨ ਦੀ ਜਾਂਚ ਕਰ ਰਹੇ ਹਨ।

# ਐਮਐਸਐਮਈ ਖੇਤਰ 'ਚ ਨੌਕਰੀਆਂ 23 ਕਰੋੜ ਦੇ ਪਾਰ

**ਤੇਜਿੰਦਰ ਕੌਰ ਬੱਬਰ**

ਨਵੀਂ ਦਿੱਲੀ 22 ਨਵੰਬਰ। ਸਰਕਾਰ ਨਾਲ ਰਜਿਸਟਰਡ ਸੂਖਮ, ਛੋਟੇ ਅਤੇ ਦਰਮਿਆਨੇ ਉੱਦਮਾਂ () ਦੁਆਰਾ ਰਿਪੋਰਟ ਕੀਤੀਆਂ ਕੁੱਲ ਨੌਕਰੀਆਂ 23 ਕਰੋੜ ਦੇ ਅੰਕੜੇ ਨੂੰ ਪਾਰ ਕਰ ਗਈਆਂ ਹਨ। ਮੰਤਰਾਲੇ ਦੇ ਅਧਿਕਾਰਤ ਅੰਕੜਿਆਂ ਦੇ ਅਨੁਸਾਰ, ਸਰਕਾਰ ਦੇ ਉੱਦਮ ਪੋਰਟਲ 'ਤੇ ਰਜਿਸਟਰਡ 5.49 ਕਰੋੜ ਨੇ 23.14 ਕਰੋੜ ਨੌਕਰੀਆਂ ਦੀ ਰਿਪੋਰਟ ਕੀਤੀ ਹੈ, ਜੋ ਪਿਛਲੇ ਸਾਲ ਅਗਸਤ ਤੱਕ 2.33 ਕਰੋੜ ਰਜਿਸਟਰਡ ਦੁਆਰਾ ਪੈਦਾ ਕੀਤੀਆਂ 13.15 ਕਰੋੜ ਨੌਕਰੀਆਂ ਤੋਂ ਵੱਧ ਹਨ, ਪਿਛਲੇ 15 ਵਿੱਚ 10 ਕਰੋੜ ਨੌਕਰੀਆਂ ਜੋੜੀਆਂ ਗਈਆਂ ਹਨ। ਕੁੱਲ ਰੁਜਗਾਰ ਵਿੱਚ 2.84 ਕਰੋੜ ਨੌਕਰੀਆਂ ਅਤੇ ਐਂਟਰਪ੍ਰਾਈਜ ਸਰਟੀਫਿਕੇਸਨ ਰਾਹੀਂ ਸਰਕਾਰ ਕੋਲ ਰਜਿਸਟਰਡ 2.38 ਕਰੋੜ ਗੈਰ-ਰਸਮੀ ਮਾਈਕਰੋ ਯੂਨਿਟਾਂ ਦੁਆਰਾ 5.23 ਕਰੋੜ ਔਰਤਾਂ ਦਾ ਰੁਜਗਾਰ ਵੀ ਸਾਮਲ ਹੈ। ਕੁੱਲ ਰਜਿਸਟਰਡ ਇਕਾਈਆਂ ਵਿੱਚੋਂ 5.41 ਕਰੋੜ ਸੂਖਮ ਉੱਦਮ ਹਨ ਜਦੋਂ ਕਿ ਛੋਟੇ ਉਦਯੋਗ 7.27 ਲੱਖ ਅਤੇ ਦਰਮਿਆਨੇ ਉਦਯੋਗ ਸਿਰਫ 68,682 ਹਨ। ਜੁਲਾਈ



2020 ਵਿੱਚ ਉੱਦਮ ਪੋਰਟਲ ਦੀ ਸੁਰੂਆਤ ਦੇ ਸਮੇਂ, 2.8 ਕਰੋੜ ਨੌਕਰੀਆਂ ਦਰਜ ਕੀਤੀਆਂ ਗਈਆਂ ਸਨ। ਆਰਬੀਆਈ ਦੇ ਅੰਕੜਿਆਂ ਅਨੁਸਾਰ, ਵਿੱਤੀ ਸਾਲ 24 ਵਿੱਚ ਦੇਸ ਵਿੱਚ 46.7 ਮਿਲੀਅਨ ਨੌਕਰੀਆਂ (4.67 ਕਰੋੜ) ਪੈਦਾ ਹੋਈਆਂ, ਜਿਸ ਨਾਲ ਕੁੱਲ ਨੌਕਰੀਆਂ ਦੀ ਗਿਣਤੀ 643.3 ਮਿਲੀਅਨ (64.33 ਕਰੋੜ) ਹੋ ਗਈ। ਆਰਥਿਕ ਸਰਵੇਖਣ 2023-24 ਦੇ ਅਨੁਸਾਰ, ਖੇਤੀਬਾੜੀ ਦੀਆਂ ਨੌਕਰੀਆਂ ਦਾ ਹਿੱਸਾ 45 ਪ੍ਰਤੀਸਤ ਤੋਂ ਵੱਧ ਰਿਹਾ, ਜੋ ਲਗਭਗ 25-29 ਕਰੋੜ ਨੌਕਰੀਆਂ ਦੇ ਬਰਾਬਰ ਹੈ। 2020 ਤੋਂ ਬਾਅਦ ਵਿੱਚ ਨੌਕਰੀਆਂ ਦੀ ਗਿਣਤੀ ਵਧੀ ਹੈ, ਪਰ ਕਈ ਦੇ ਬੰਦ ਹੋਣ ਕਾਰਨ ਨੌਕਰੀਆਂ ਵੀ ਖਤਮ ਹੋ ਗਈਆਂ ਹਨ। ਇਸ ਸਾਲ ਜੁਲਾਈ ਵਿੱਚ ਐਮਐਸਐਮਈ ਮੰਤਰੀ ਜੀਤਨ ਰਾਮ ਮਾਂਝੀ ਦੁਆਰਾ ਸੰਸਦ ਵਿੱਚ ਸਾਂਝੇ ਕੀਤੇ ਗਏ ਅੰਕੜਿਆਂ ਅਨੁਸਾਰ, 2020 ਤੋਂ ਹੁਣ ਤੱਕ 49,342 ਐਮਐਸਐਮਈ ਬੰਦ ਹੋ ਗਏ ਹਨ ਅਤੇ ਐਮਐਸਐਮਈ ਬੰਦ ਹੋਣ ਕਾਰਨ ਕੁੱਲ 3,17,641 ਨੌਕਰੀਆਂ ਚਲੀਆਂ ਗਈਆਂ ਹਨ। ਮਾਂਝੀ ਨੇ ਲੋਕ ਸਭਾ ਵਿੱਚ ਇੱਕ ਸਵਾਲ ਦੇ ਲਿਖਤੀ ਜਵਾਬ ਵਿੱਚ ਕਿਹਾ, "ਕੰਪਨੀ ਦੇ ਮਾਲਕ ਵਿੱਚ ਤਬਦੀਲੀ, ਸਰਟੀਫਿਕੇਟ ਦੀ ਹੁਣ ਲੋੜ ਨਹੀਂ, ਡੁਪਲੀਕੇਟ ਰਜਿਸਟ੍ਰੇਸ਼ਨ ਅਤੇ ਅਜਿਹੇ ਹੋਰ ਕਾਰਨਾਂ ਕਰਕੇ, ਆਪਣੀ ਰਜਿਸਟ੍ਰੇਸ਼ਨ ਰੱਦ ਕਰ ਦਿੰਦੇ ਹਨ ਜਾਂ ਪੋਰਟਲ 'ਤੇ ਬੰਦ ਦਿਖਾਉਂਦੇ ਹਨ।"




### ਬਾਹਰ ਕਬਾਬ, ਅੰਦਰ ਸ਼ਰਾਬ, ਪੁਲਸ ਦਾ ਕਰੀਬੀ ਦੱਸ ਕੇ ਥਾਣਾ ਨੰਬਰ 1 ਦੇ ਬਾਹਰ ਚਲਾ ਰਿਹਾ ਨਾਜਾਇਜ ਬਾਰ

ਜਲੰਧਰ 22 ਨਵੰਬਰ। ਜਲੰਧਰ ਸ਼ਹਿਰ ਦੇ ਥਾਣਾ ਡਿਵੀਜਨ ਨੰਬਰ 1 ਦੇ ਬਾਹਰ ਨਾਜਾਇਜ ਤਰੀਕੇ ਨਾਲ ਰੈਸਟੋਰੈਂਟ ਦੀ ਆੜ ਵਿਚ ਬਾਰ ਚਲਾਇਆ ਜਾ ਰਿਹਾ ਹੈ। ਹੈਰਾਨੀ ਦੀ ਗੱਲ ਹੈ ਕਿ ਬਾਰ ਵਾਲੇ ਸ਼ਰੇਆਮ ਕਹਿੰਦੇ ਹਨ ਕਿ ਪੁਲਸ ਮੁਲਾਜਮਾਂ ਲਈ ਇਥੇ ਸਭ ਕੁਝ ਫ੍ਰੀ ਹੈ ਕਿਉਂਕਿ ਉਨ੍ਹਾਂ ਕਾਰਨ ਹੀ ਸਾਡਾ ਸਿਸਟਮ ਚੱਲ ਰਿਹਾ ਹੈ। ਇਸ ਨਾਜਾਇਜ ਸ਼ਰਾਬਖਾਨੇ ਨੂੰ ਲੈ ਕੇ ਪ੍ਰਸ਼ਾਸਨ ਵੀ ਬੇਖਬਰ ਹੈ ਪਰ ਬਾਰ ਵਾਲੇ ਅਧਿਕਾਰੀਆਂ ਦੇ ਨਾਂ ਲੈ ਕੇ ਉਨ੍ਹਾਂ ਨੂੰ ਬਦਨਾਮ ਕਰ ਰਹੇ ਹਨ, ਜਿਨ੍ਹਾਂ ਦੀ ਦੇਖ-ਰੇਖ ਵਿਚ ਐਕਸਾਈਜ ਵਿਭਾਗ ਨੂੰ ਵੀ ਚੂਨਾ ਲਗਾ ਕੇ ਸ਼ਰਾਬ ਦੇ ਨਾਲ-ਨਾਲ ਕਬਾਬ ਆਦਿ ਵੀ ਵੇਚਿਆ ਜਾ ਰਿਹਾ ਹੈ। ਇਥੇ ਕੁਝ ਵਾਲੇ ਅਧਿਕਾਰੀਆਂ ਦੇ ਨਾਂ ਲੈ ਕੇ ਉਨ੍ਹਾਂ ਨੂੰ ਬਦਨਾਮ ਕਰ ਰਹੇ ਹਨ, ਜਿਨ੍ਹਾਂ ਦੀ ਦੇਖ-ਰੇਖ ਵਿਚ ਐਕਸਾਈਜ ਵਿਭਾਗ ਨੂੰ ਵੀ ਚੂਨਾ ਲਗਾ ਕੇ ਸ਼ਰਾਬ ਦੇ ਨਾਲ-ਨਾਲ ਕਥਿਤ ਪਾਰਟੀਆਂ ਦੇ ਵਰਕਰਾਂ ਅਤੇ ਪਾਰਟੀ ਨੂੰ ਵੋਟ ਪੁਆਉਣ ਲਈ ਵੋਟਰਾਂ ਨੂੰ ਵੀ ਲੁਭਾਉਣ ਲਈ ਲਿਆਂਦਾ ਜਾਂਦਾ ਹੈ। ਇਸ ਤਰ੍ਹਾਂ ਦੀ ਚੱਲ ਰਹੀ ਧਾਂਦਲੀ ਦੇ ਬਾਵਜੂਦ ਇਲੈਕਸ਼ਨ ਕਮਿਸ਼ਨ ਬੇਖਬਰ ਹੈ। ਬਦਬੂਦਾਰ ਖਾਣਾ ਖੁਆਉਣ ਵਾਲੇ ਇਸ ਰੈਸਟੋਰੈਂਟ ਦੇ ਮਾਲਕ ਖੁਦ ਨੂੰ ਨੇਤਾ ਵੀ ਦੱਸਦੇ ਹਨ ਪਰ ਬਿਨਾਂ ਲਾਇਸੈਂਸ ਦੇ ਚੱਲ ਰਹੇ ਇਸ ਬਾਰ ’ਤੇ ਕਿਸੇ ਦੀ ਨਜਰ ਨਹੀਂ ਪਈ ਅਤੇ ਇਹ ਲੋਕ ਸ਼ਰੇਆਮ ਕਹਿੰਦੇ ਹਨ ਕਿ ਅਸੀਂ ਪੁਲਸ ਨੂੰ ਫ੍ਰੀ ਵਿਚ ਖਾਣਾ ਦਿੰਦੇ ਹਾਂ। ਜਦੋਂ ਸ਼ਟਰ ਚੁੱਕ ਕੇ ਵੇਖਿਆ ਤਾਂ ਕਈ ਬੁਕੀ ਆਦਿ ਉਥੇ ਡੇਰਾ ਜਮਾਈ ਬੈਠੇ ਸਨ।

# 6.5 ਬੈਂਡ ਵਾਲੀ ਕੁੜੀ ਨਾਲ ਵਿਆਹ ਤੇ ਕੈਨੇਡਾ ਭੇਜਣ ’ਤੇ ਖਰਚੇ 36 ਲੱਖ, ਹੁਣ ਕਰਨ ਲੱਗੀ 25 ਲੱਖ ਦੀ ਹੋਰ ਡਿਮਾਂਡ

ਮੋਗਾ 22 ਨਵੰਬਰ। ਫਿਰੋਜ਼ਪੁਰ ਜ਼ਿਲੇ ਦੇ ਪਿੰਡ ਵਾੜਾ ਭਾਈ ਘੱਲ ਖੁਰਦ ਦੇ ਵਸਨੀਕ ਜਗਤਾਰ ਸਿੰਘ ਦੇ ਪੁੱਤਰ ਜਸਪ੍ਰੀਤ ਸਿੰਘ ਨੂੰ ਵਿਆਹ ਕਰਵਾ ਕੇ ਕੈਨੇਡਾ ਲਿਜਾਣ ਦਾ ਝਾਂਸਾ ਦੇ ਕੇ ਉਸ ਦੀ ਪਤਨੀ ਮਨਪ੍ਰੀਤ ਕੌਰ ਨੇ ਆਪਣੇ ਪਰਿਵਾਰ ਵਾਲਿਆਂ ਨਾਲ ਕਥਿਤ ਮਿਲੀਭੁਗਤ ਕਰਕੇ 36 ਲੱਖ 85 ਹਜ਼ਾਰ ਰੁਪਏ ਹੜੱਪਣ ਤੋਂ ਇਲਾਵਾ ਆਪਣੇ ਪਤੀ ਨੂੰ ਕੈਨੇਡਾ ’ਚ ਪੱਕਾ ਕਰਵਾਉਣ ਦੇ ਨਾਂ ’ਤੇ 25 ਲੱਖ ਰੁਪਏ ਮੰਗਣ ਦਾ ਮਾਮਲਾ ਸਾਹਮਣੇ ਆਇਆ ਹੈ। ਪੁਲਸ ਨੇ ਜਾਂਚ ਤੋਂ ਬਾਅਦ ਕਥਿਤ ਦੋਸ਼ੀਆਂ ਖਿ਼ਲਾਫ ਥਾਣਾ ਬੱਧਨੀ ਕਲਾਂ ’ਚ ਮਾਮਲਾ ਦਰਜ ਕਰ ਲਿਆ ਹੈ। ਜ਼ਿਲਾ ਪੁਲਸ ਮੁਖੀ ਮੋਗਾ ਨੂੰ ਦਿੱਤੇ ਸ਼ਿਕਾਇਤ ਪੱਤਰ ’ਚ ਜਗਤਾਰ ਸਿੰਘ ਨੇ ਕਿਹਾ ਕਿ ਉਸ ਦੇ ਪੁੱਤਰ ਜਸਪ੍ਰੀਤ ਸਿੰਘ ਦਾ ਵਿਆਹ ਮਨਪ੍ਰੀਤ ਕੌਰ ਨਿਵਾਸੀ ਪਿੰਡ ਬੁੱਟਰ ਖੁਰਦ ਦੇ ਨਾਲ 20 ਨਵੰਬਰ, 2022 ਨੂੰ ਤਲਵੰਡੀ ਭਾਈ ’ਚ ਹੋਇਆ ਸੀ, ਜਿਸ ਦਾ ਸਾਰਾ ਖਰਚਾ ਮੁੰਡੇ ਵਾਲਿਆਂ ਵਲੋਂ ਕੀਤਾ ਗਿਆ। ਮਨਪ੍ਰੀਤ ਕੌਰ ਦੇ ਆਈਲੈਟਸ ’ਚੋਂ 6.5 ਬੈਂਡ ਆਏ ਸਨ, ਜਿਸ ’ਤੇ ਕੁੜੀ ਦੇ ਪਰਿਵਾਰ ਵਾਲਿਆਂ ਨੇ ਮੁੰਡੇ ਵਾਲਿਆਂ ਨੂੰ ਕਿਹਾ ਸੀ ਕਿ ਉਨ੍ਹਾਂ ਦੀ ਧੀ ਦਾ ਸਾਰਾ ਖਰਚਾ ਮੁੰਡੇ ਵਾਲੇ ਕਰਨਗੇ ਤੇ ਉਹ ਕੈਨੇਡਾ ਜਾ ਕੇ ਮੁੰਡੇ ਨੂੰ ਉਥੇ ਬੁਲਾ ਲਵੇਗੀ ਤੇ ਪੀ. ਆਰ. ਵੀ ਦਿਵਾਏਗੀ, ਜਿਸ ’ਤੇ ਮੁੰਡੇ ਵਾਲਿਆਂ ਨੇ ਕਰੀਬ 36 ਲੱਖ ਰੁਪਏ ਖਰਚ ਦਿੱਤੇ। ਵਿਆਹ ਤੋਂ ਬਾਅਦ 25 ਦਸੰਬਰ, 2022 ਨੂੰ ਮਨਪ੍ਰੀਤ ਕੌਰ ਕੈਨੇਡਾ ਚਲੀ ਗਈ ਤੇ 5 ਮਹੀਨਿਆਂ ਬਾਅਦ ਉਸ ਨੇ ਆਪਣੇ ਪਤੀ ਜਸਪ੍ਰੀਤ ਸਿੰਘ ਨੂੰ ਵੀ ਕੈਨੇਡਾ ਬੁਲਾ ਲਿਆ। ਜਗਤਾਰ ਸਿੰਘ ਨੇ ਕਿਹਾ ਕਿ ਮੇਰੇ ਮੁੰਡੇ ਜਸਪ੍ਰੀਤ ਸਿੰਘ ਨੂੰ ਹੁਣ ਉਸ ਦੀ ਪਤਨੀ ਮਨਪ੍ਰੀਤ ਕੌਰ ਕੈਨੇਡਾ ’ਚ ਪੀ. ਆਰ. ਦਿਵਾਉਣ ’ਤੇ 25 ਲੱਖ ਰੁਪਏ ਦੀ ਮੰਗ ਕਰ ਰਹੀ ਹੈ ਤੇ ਪੈਸੇ ਨਾ ਦੇਣ ’ਤੇ ਉਹ ਉਸ ਨੂੰ ਵਾਪਸ ਭੇਜਣ ਦੀਆਂ ਧਮਕੀਆਂ ਦੇਣ ਲੱਗੀ, ਜਿਸ ’ਤੇ ਅਸੀਂ ਪੰਚਾਇਤ ਦੇ ਰਾਹੀਂ ਮਨਪ੍ਰੀਤ ਕੌਰ ਦੇ ਪਿਤਾ ਗੁਰਚਰਨ ਸਿੰਘ ਤੇ ਮਾਤਾ ਸੁਖਵਿੰਦਰ ਕੌਰ ਦੇ ਨਾਲ ਗੱਲਬਾਤ ਕੀਤੀ ਤੇ ਕਿਹਾ ਕਿ ਤੁਸੀਂ ਕਿਹਾ ਸੀ ਕਿ ਜਦੋਂ ਉਨ੍ਹਾਂ ਦੀ ਲੜਕੀ ਕੈਨੇਡਾ ਪਹੁੰਚ ਜਾਵੇਗੀ ਤਾਂ ਉਹ ਆਪਣੇ ਪਤੀ ਨੂੰ ਬੁਲਾ ਕੇ ਪੀ. ਆਰ. ਕਰਵਾਏਗੀ ਪਰ ਹੁਣ ਉਹ 25 ਲੱਖ ਰੁਪਏ ਮੰਗ ਰਹੀ ਹੈ ਤਾਂ ਉਨ੍ਹਾਂ ਨੇ ਵੀ ਕਿਹਾ ਕਿ ਇਸ ਸਬੰਧੀ ਉਹ ਕੁਝ ਨਹੀਂ ਕਰ ਸਕਦੇ। ਜਾਂਚ ਅਧਿਕਾਰੀ ਨੇ ਦੋਵਾਂ ਧਿਰਾਂ ਨੂੰ ਆਪਣਾ ਪੱਖ ਪੇਸ਼ ਕਰਨ ਲਈ ਬੁਲਾਇਆ। ਜਾਂਚ ਸਮੇਂ ਮਨਪ੍ਰੀਤ ਕੌਰ ਦੇ ਪਿਤਾ ਗੁਰਚਰਨ ਸਿੰਘ ਨੇ ਕਿਹਾ ਕਿ ਜਸਪ੍ਰੀਤ ਸਿੰਘ ਕੈਨੇਡਾ ’ਚ ਉਸ ਦੀ ਧੀ ਨੂੰ ਤੰਗ-ਪ੍ਰੇਸ਼ਾਨ ਕਰਦਾ ਸੀ, ਜਿਸ ਕਾਰਨ ਉਹ ਵੱਖ ਹੋ ਗਈ ਤੇ ਉਨ੍ਹਾਂ ਸ਼ਿਕਾਇਤਕਰਤਾ ਦੇ ਦੋਸ਼ਾਂ ਨੂੰ ਬੇਬੁਨਿਆਦ ਦੱਸਿਆ। ਉਕਤ ਮਾਮਲੇ ’ਚ ਜਾਂਚ ਅਧਿਕਾਰੀ ਵਲੋਂ ਕਾਨੂੰਨੀ ਰਾਏ ਹਾਸਲ ਕਰਨ ਤੋਂ ਬਾਅਦ ਕਥਿਤ ਮੁਲਜ਼ਮਾਂ ਮਨਪ੍ਰੀਤ ਕੌਰ, ਉਸ ਦੇ ਪਿਤਾ ਗੁਰਚਰਨ ਸਿੰਘ ਤੇ ਮਾਤਾ ਸੁਖਵਿੰਦਰ ਕੌਰ ਸਾਰੇ ਨਿਵਾਸੀ ਪਿੰਡ ਬੁੱਟਰ ਖੁਰਦ ਖ਼ਿਲਾਫ਼ ਧੋਖਾਧੜੀ ਤੇ ਮਿਲੀਭੁਗਤ ਦਾ ਮਾਮਲਾ ਦਰਜ ਕੀਤਾ ਗਿਆ ਹੈ। ਜਾਂਚ ਅਧਿਕਾਰੀ ਨੇ ਜਾਂਚ ’ਚ ਕਿਹਾ ਕਿ ਕਥਿਤ ਦੋਸ਼ੀਆਂ ਨੇ ਮਿਲੀਭੁਗਤ ਕਰਕੇ ਆਪਣੀ ਧੀ ਨੂੰ ਕੈਨੇਡਾ ਭੇਜ ਕੇ 36 ਲੱਖ 82 ਹਜ਼ਾਰ ਰੁਪਏ ਖਰਚਾ ਕਰਵਾ ਕੇ 25 ਲੱਖ ਰੁਪਏ ਦੀ ਹੋਰ ਮੰਗ ਕੀਤੀ ਜਾ ਰਹੀ ਹੈ। ਇਸ ਮਾਮਲੇ ਦੀ ਅਗਲੇਰੀ ਜਾਂਚ ਸਹਾਇਕ ਥਾਣੇਦਾਰ ਹਰਪ੍ਰੀਤ ਸਿੰਘ ਵਲੋਂ ਕੀਤੀ ਜਾ ਰਹੀ ਹੈ।

### ਇਕ ਵਾਰ ਫਿਰ ਕਿਸਾਨਾਂ ਤੇ ਹਰਿਆਣਾ ਪੁਲਸ ਦਾ ਪਿਆ ਪੇਚਾ

ਅੰਬਾਲਾ ਸਹਿਰ 22 ਨਵੰਬਰ। ਕਿਸਾਨ ਅੰਦੋਲਨ ਕਾਰਨ ਇਕ ਵਾਰ ਫਿਰ ਪੁਲਸ ਅਤੇ ਕਿਸਾਨ ਆਹਮੋ-ਸਾਹਮਣੇ ਹੁੰਦੇ ਨਜਰ ਆ ਰਹੇ ਹਨ। ਇਸ ਵਾਰ ਅੰਬਾਲਾ ਪੁਲਸ ਨੇ ਕਿਸਾਨ ਅੰਦੋਲਨ ’ਚ ਅਹਿਮ ਭੂਮਿਕਾ ਨਿਭਾਅ ਰਹੇ ਭਾਰਤੀ ਕਿਸਾਨ ਯੂਨੀਅਨ ਸਹੀਦ ਭਗਤ ਸਿੰਘ ਸੰਗਠਨ ਦੇ ਨੇਤਾਵਾਂ ਅਤੇ ਅਧਿਕਾਰੀਆਂ ਨੂੰ ਕਾਨੂੰਨੀ ਨੋਟਿਸ ਭੇਜੇ ਹਨ, ਜਿਨ੍ਹਾਂ ’ਚ ਧਾਰਾ 107/150 ਤਹਿਤ ਉਨ੍ਹਾਂ ਨੂੰ ਦੋਸੀ ਮੰਨਿਆ ਗਿਆ ਹੈ। ਉਥੇ ਹੀ ਪੁਲਸ ਦੀ ਇਸ ਕਾਰਵਾਈ ’ਤੇ ਪ੍ਰਤੀਕਿਰਿਆ ਦਿੰਦਿਆਂ ਕਿਸਾਨਾਂ ਨੇ ਕਿਹਾ ਕਿ ਸਰਕਾਰ ਦੇ ਇਸਾਰੇ ’ਤੇ ਪੁਲਸ ਉਨ੍ਹਾਂ ਨੂੰ ਬਿਨਾਂ ਵਜ੍ਹਾ ਤੰਗ-ਪ੍ਰੇਸਾਨ ਕਰ ਰਹੀ ਹੈ, ਉਨ੍ਹਾਂ ਨੇ ਅਜਿਹਾ ਕੋਈ ਅਪਰਾਧ ਨਹੀਂ ਕੀਤਾ ਹੈ।

## ਨਾੜ ਨੂੰ ਅੱਗ ਲੱਗਣ ਕਾਰਨ ਕਿਸਾਨਾਂ ਦੇ ਆਸ਼ੀਆਨੇ ਹੋਏ ਤਬਾਹ, ਨਕਦੀ ਸਮੇਤ ਨਹੀਂ ਬਚਿਆ ਅਨਾਜ

ਬਮਿਆਲ/ਦੀਨਾਨਗਰ 22 ਨਵੰਬਰ। ਸਰਹੱਦੀ ਕਸਬਾ ਬਮਿਆਲ ਦੇ ਨਜਦੀਕੀ ਪਿੰਡ ਅਨਿਆਲ ਦੇ ਵਿੱਚ ਕਣਕ ਦੇ ਨਾੜ ਨੂੰ ਅੱਗ ਲੱਗਣ ਦੇ ਕਾਰਨ ਕਰੀਬ ਚਾਰ ਘਰਾਂ ਦਾ ਸਾਮਾਨ ਸੜ ਕੇ ਸਵਾਹ ਹੋਣ ਦਾ ਸਮਾਚਾਰ ਪ੍ਰਾਪਤ ਹੋਇਆ ।ਪ੍ਰਾਪਤ ਜਾਣਕਾਰੀ ਅਨੁਸਾਰ ਇਹ ਅੱਗ ਨਜਦੀਕੀ ਪਿੰਡ ਮਨਵਾਲ ਤੋਂ ਕਿਸੇ ਅਣਪਛਾਤੇ ਕਿਸਾਨ ਵੱਲੋਂ ਆਪਣੀ ਫਸਲ ਦੀ ਨਾੜ ਨੂੰ ਲਗਾਈ ਗਈ ਸੀ ਜੋ ਕਿ ਹਵਾ ਤੇਜ ਹੋਣ ਕਾਰਨ ਇਨ੍ਹਾਂ ਕਿਸਾਨਾਂ ਦੇ ਖੇਤਾਂ ‘ਚ ਪਹੁੰਚ ਗਈ ਅਤੇ ਕਿਸਾਨਾਂ ਵੱਲੋਂ ਖੇਤਾਂ ਦੇ ਵਿੱਚ ਬਣਾਏ ਗਏ ਘਰਾਂ ਨੂੰ ਅੱਗ ਲੱਗਣ ਕਾਰਨ ਘਰਾਂ ਵਿੱਚ ਪਿਆ ਕੀਮਤੀ



ਸਾਮਾਨ ਸੜ ਕੇ ਸਵਾਹ ਹੋ ਗਿਆ। ਇਸ ਦੇ ਨਾਲ ਹੀ ਲਗਭਗ 18 ਰਿਪਰ ਤੂੜੀ ਵੀ ਸੜ ਕੇ ਸਵਾਹ ਹੋ ਗਈ । ਪੀੜਤ ਕਿਸਾਨ ਤਿਲਕ ਰਾਜ ,ਚਰਨਜੀਤ ,ਗੁਲਸਨ ਕੁਮਾਰ, ਸਾਮ ਲਾਲ, ਜੋਨੀ ਸਰਮਾ ਅਤੇ ਤਿਲਕ ਸਿੰਘ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਉਨ੍ਹਾਂ ਦੇ ਚਾਰ ਇੰਜਨ ਵੀ ਸੜ ਕੇ ਸਵਾਹ ਹੋ ਗਏ ਹਨ ।ਜਿਸ ਦੇ ਨਾਲ ਉਨ੍ਹਾਂ ਦੱਸਿਆ ਕਿ ਕਿਸਾਨਾਂ ਵੱਲੋਂ ਖੇਤਾਂ ‘ਚ ਬਣਾਈਆਂ ਗਈਆਂ ਝੌਂਪੜੀਆਂ ਨੂੰ ਅੱਗ ਲੱਗਣ ਕਾਰਨ ਝੌਂਪੜੀਆਂ ‘ਚ ਪਏ ਸਾਮਾਨ ਸਮੇਤ ਨਗਦੀ ਵੀ ਸੜ ਕੇ ਸੁਆਹ ਹੋਣ ਦਾ ਸਮਾਚਾਰ ਪ੍ਰਾਪਤ ਹੋਇਆ । ਕਿਸਾਨਾਂ ਨੇ ਦੱਸਿਆ ਕਿ ਉਨ੍ਹਾਂ ਵੱਲੋਂ ਆਪਣੇ ਖਾਣ ਲਈ ਜੋ ਕਣਕ ਰੱਖੀ ਹੋਈ ਸੀ ਉਹ ਵੀ ਸੜ ਕੇ ਸੁਆਹ ਹੋ ਗਈ ਕਿਸਾਨਾਂ ਨੇ ਦੱਸਿਆ ਕਿ ਇਸ ਵੇਲੇ ਉਹਨਾਂ ਕੋਲ ਪਸ਼ੂਆਂ ਨੂੰ ਪਾਉਣ ਯੋਗ ਚਾਰਾ ਵੀ ਨਹੀਂ ਬਚਿਆ ਹੈ ਅਤੇ ਨਾ ਹੀ ਘਰ ਵਿੱਚ ਖਾਣ ਲਈ ਅਨਾਜ ਬਚਿਆ ਹੈ। ਜਿਸ ਦੇ ਚਲਦੇ ਕਿਸਾਨਾਂ ਨੂੰ ਭਾਰੀ ਆਰਥਿਕ ਨੁਕਸਾਨ ਹੋਇਆ ਹੈ। ਇਸ ਮੌਕੇ ਕਿਸਾਨਾਂ ਵੱਲੋਂ ਪ੍ਰਸਾਸਨ ਤੋਂ ਮੰਗ ਕੀਤੀ ਗਈ ਕਿ ਕਿਸਾਨਾਂ ਦਾ ਨੁਕਸਾਨ ਦੇਖਣ ਤੋਂ ਬਾਅਦ ‘ਚ ਉਹਨਾਂ ਨੂੰ ਮੁਆਵਜਾ ਮੁਹਈਆ ਕਰਵਾਏ ਜਾਵੇ।

### ਹਥਿਆਰਾਂ ਨਾਲ ਲੈੱਸ ਹੋ ਕੇ ਹਮਲਾ ਕਰਨ ’ਤੇ 9 ਲੋਕਾਂ ਖਿਲਾਫ ਮਾਮਲਾ ਦਰਜ

ਲੁਧਿਆਣਾ 22 ਨਵੰਬਰ। ਗੁਰੂ ਅਰਜਨ ਦੇਵ ਨਗਰ ਤੇ ਤਾਜਪੁਰ ਰੋਡ ’ਤੇ ਇਕ ਰੁਪਏ ਰੋਟੀ ਵਾਲੀ ਰੋਡ ’ਤੇ ਹਥਿਆਰਾਂ ਨਾਲ ਲੈਸ ਕੁਝ ਮੁਲਜਮਾਂ ਨੇ ਇਕ-ਦੂਜੇ ’ਤੇ ਹਮਲਾ ਕਰ ਕੇ ਕੁੱਟਮਾਰ ਕੀਤੀ। ਇਸ ਸਬੰਧੀ ਥਾਣਾ ਡਵੀਜਨ ਨੰ. 7 ਦੀ ਪੁਲਸ ਨੇ ਦੋ ਧਿਰਾਂ ਦੇ 9 ਵਿਅਕਤੀਆਂ ਖਿ਼ਲਾਫ ਮਾਮਲਾ ਦਰਜ ਕੀਤਾ ਹੈ। ਫਿਲਹਾਲ ਮੁਲਜਮਾਂ ਦੀ ਗ੍ਰਿਫਤਾਰੀ ਬਾਕੀ ਹੈ। ਇਸ ਸਬੰਧੀ ਜਦੋਂ ਗੁਰਮੀਤ ਸਿੰਘ 14 ਮਈ ਨੂੰ ਗੁਰੂ ਅਰਜਨ ਦੇਵ ਨਗਰ ਵਿਖੇ ਇਕ ਰੁਪਏ ਰੋਟੀ ਰੋਡ ਨੇੜੇ ਵਾਕ ਐਂਡ ਵੇਅਰ ਕੁਲੈਕਸਨ ਦੇ ਸਾਹਮਣੇ ਹੋਈ ਲੜਾਈ ਦੀ ਜਾਂਚ ਕਰਨ ਲਈ ਗਿਆ ਤਾਂ 9-10 ਮਈ ਦੀ ਰਾਤ ਨੂੰ ਕਿਸੇ ਨੇ ਬਿਆਨ ਦਿੱਤਾ ਹੈ। ਪੁਲਸ ਦੀ ਖੁਫੀਆ ਜਾਂਚ ਤੋਂ ਪਤਾ ਲੱਗਾ ਹੈ ਕਿ ਦੋਵੇਂ ਧਿਰਾਂ ਹਥਿਆਰਾਂ ਨਾਲ ਲੈੱਸ ਸਨ ਅਤੇ ਇਕ-ਦੂਜੇ ’ਤੇ ਹਮਲਾ ਕੀਤਾ ਸੀ। ਇਸ ਮਾਮਲੇ ’ਚ ਪੁਲਸ ਨੇ ਦੋਵਾਂ ਧਿਰਾਂ ਦੇ 9 ਮੁਲਜਮਾਂ ਖਿ਼ਲਾਫ ਕੇਸ ਦਰਜ ਕਰ ਲਿਆ ਹੈ।

## ਫ਼ਿਰੋਜ਼ਪੁਰ ਦੀ ਕੇਂਦਰੀ ਜੇਲ੍ਹ ‘ਚੋਂ ਫਿਰ ਬਰਾਮਦ ਹੋਇਆ ਮੋਬਾਈਲ ਫ਼ੋਨ, ਮਾਮਲਾ ਦਰਜ

ਫਿਰੋਜ਼ਪੁਰ 22 ਨਵੰਬਰ। ਕੇਂਦਰੀ ਜੇਲ੍ਹ ਫ਼ਿਰੋਜ਼ਪੁਰ ‘ਚੋਂ ਬੀਤੇ ਦਿਨੀਂ ਜੇਲ੍ਹ ਅਧਿਕਾਰੀਆਂ ਅਤੇ ਕਰਮਚਾਰੀਆਂ ਵੱਲੋਂ ਚਲਾਈ ਤਲਾਸ਼ੀ ਮੁਹਿੰਮ ਦੌਰਾਨ ਜੇਲ੍ਹ ਦੇ ਲਾਕਅੱਪ ਵਿੱਚੋਂ ਇੱਕ ਮੋਬਾਈਲ ਫ਼ੋਨ ਬਰਾਮਦ ਹੋਇਆ ਹੈ। ਉਕਤ ਮਾਮਲੇ ਵਿੱਚ ਥਾਣਾ ਸਿਟੀ ਫ਼ਿਰੋਜ਼ਪੁਰ ਦੀ ਪੁਲਸ ਨੇ ਜੇਲ੍ਹ ਅਧਿਕਾਰੀ ਦੇ ਬਿਆਨਾਂ ’ਤੇ ਮੁਲਜ਼ਮਾਂ ਖ਼ਿਲਾਫ਼ ਵੱਖ-ਵੱਖ ਧਾਰਾਵਾਂ ਤਹਿਤ ਮਾਮਲਾ ਦਰਜ ਕਰ ਲਿਆ ਹੈ। ਜਾਣਕਾਰੀ ਦਿੰਦਿਆਂ ਥਾਣਾ ਸਿਟੀ ਫ਼ਿਰੋਜ਼ਪੁਰ ਦੇ ਸਹਾਇਕ ਇੰਸਪੈਕਟਰ ਗੁਰਮੇਲ ਸਿੰਘ ਨੇ ਦੱਸਿਆ ਕਿ ਪੁਲਸ ਨੂੰ ਦਿੱਤੇ ਬਿਆਨਾਂ ’ਚ ਜਸਵੀਰ ਸਿੰਘ ਸਹਾਇਕ ਸੁਪਰਡੈਂਟ ਕੇਂਦਰੀ ਜੇਲ੍ਹ ਫ਼ਿਰੋਜ਼ਪੁਰ ਨੇ ਦੱਸਿਆ ਕਿ ਉਹ ਆਪਣੇ ਸਾਥੀ ਮੁਲਾਜ਼ਮਾਂ ਸਮੇਤ ਬਲਾਕ ਨੰਬਰ 1 ਦੀ ਚੱਕੀ ਨੰਬਰ 1‘ਚ ਦਾਖਲ ਹੋਏ ਸਨ। ਜਦੋਂ ਕੱਲ੍ਹ ਜੇਲ੍ਹ ਦੇ ਹਾਈ ਸਕਿਓਰਿਟੀ ਜ਼ੋਨ ’ਚ 3 ਵਿਅਕਤੀਆਂ ਦੀ ਤਲਾਸ਼ੀ ਲਈ ਗਈ ਤਾਂ ਹਿਰਾਸਤ ‘ਚ ਲਏ ਬਲਰਾਜ ਸਿੰਘ ਉਰਫ ਬਰੀ ਪੁੱਤਰ ਅਨੋਖ ਸਿੰਘ ਵਾਸੀ ਬਸੰਤ ਕੋਟਲੀ ਕੋਲੋਂ 1 ਮੋਬਾਇਲ ਫੋਨ, ਜਿਸ ‘ਚ ਟੁੱਟੀ ਹੋਈ ਓਪੋ ਟੱਚ ਸਕਰੀਨ ਸੀ ਬਰਾਮਦ ਹੋਇਆ। ਮਾਮਲੇ ਦੀ ਜਾਂਚ ਕਰ ਰਹੇ ਥਾਣਾ ਮੁਖੀ ਗੁਰਮੇਲ ਸਿੰਘ ਨੇ ਦੱਸਿਆ ਕਿ ਪੁਲਸ ਨੇ ਉਕਤ ਮਾਮਲੇ ‘ਚ ਕਥਿਤ ਦੋਸ਼ੀਆਂ ਖਿ਼ਲਾਫ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਕਰਨੀ ਸ਼ੁਰੂ ਕਰ ਦਿੱਤੀ ਹੈ।

# 15,000 ਰੁਪਏ ਰਿਸਵਤ ਲੈਂਦਾ ਪਟਵਾਰੀ ਵਿਜੀਲੈਂਸ ਬਿਊਰੋ ਵੱਲੋਂ ਕਾਬੂ

ਚੰਡੀਗੜ੍ਹ 22 ਨਵੰਬਰ। ਪੰਜਾਬ ਵਿਜੀਲੈਂਸ ਬਿਊਰੋ ਵੱਲੋਂ ਸੂਬੇ ’ਚ ਭ੍ਰਿਸ਼ਟਾਚਾਰ ਵਿਰੁੱਧ ਚਲਾਈ ਮੁਹਿੰਮ ਦੌਰਾਨ ਬੁੱਧਵਾਰ ਨੂੰ ਹੁਸ਼ਿਆਰਪੁਰ ਜ਼ਿਲ੍ਹੇ ਦੇ ਮਾਲ ਹਲਕਾ ਪੰਡੋਰੀ ਸਰਕਲ ’ਚ ਬਤੌਰ ਪਟਵਾਰੀ ਤਾਇਨਾਤ ਰਮੇਸ ਕੁਮਾਰ ਨੂੰ 15,000 ਰੁਪਏ ਦੀ ਰਿਸਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕੀਤਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਰਾਜ ਵਿਜੀਲੈਂਸ ਬਿਊਰੋ ਦੇ ਸਰਕਾਰੀ ਬੁਲਾਰੇ ਨੇ ਦੱਸਿਆ ਕਿ ਉਪਰੋਕਤ ਮਾਲ ਅਧਿਕਾਰੀ ਨੂੰ ਹੁਸ਼ਿਆਰਪੁਰ ਦੇ ਪਿੰਡ ਤਨੂਲੀ ਦੀ ਵਸਨੀਕ ਜਸਵਿੰਦਰ ਕੌਰ ਵੱਲੋਂ ਦਰਜ ਕਰਵਾਈ ਗਈ ਸ਼ਿਕਾਇਤ ਦੇ ਆਧਾਰ ‘ਤੇ ਗ੍ਰਿਫਤਾਰ ਕੀਤਾ ਗਿਆ ਹੈ। ਉਸਨੇ ਅੱਗੇ ਦੱਸਿਆ ਕਿ ਉਕਤ ਸ਼ਿਕਾਇਤਕਰਤਾ ਨੇ ਆਪਣੇ ਪਤੀ ਸਮੇਤ ਵਿਜੀਲੈਂਸ ਬਿਊਰੋ ਕੋਲ ਪਹੁੰਚ ਕਰਕੇ ਦੋਸ ਲਗਾਇਆ ਕਿ ਉਕਤ ਪਟਵਾਰੀ ਉਸਦੀ ਨਨਾਣ ਨੂੰ ਜ਼ਿੰਦਾ ਹੋਣ ਸਬੰਧੀ ਸਰਟੀਫਿਕੇਟ ਜਾਰੀ ਕਰਨ ਬਦਲੇ 15,000 ਰੁਪਏ ਦੀ ਮੰਗ ਕਰ ਰਿਹਾ ਹੈ ਅਤੇ ਇਹ ਪੈਸੇ ਦੇਣ ਲਈ ਉਸਦੇ ਮੋਬਾਈਲ ਫੋਨ ‘ਤੇ ਸੁਨੇਹਾ ਭੇਜਿਆ ਹੈ ਕਿ ਜੇਕਰ ਜਲਦ ਪੈਸੇ ਨਾ ਦਿੱਤੇ ਤਾਂ ਕੁਝ ਦਿਨਾਂ ਬਾਅਦ ਰਿਸਵਤ ਦੀ ਰਕਮ ਵਧ ਕੇ 20,000 ਰੁਪਏ ਹੋ ਜਾਵੇਗੀ। ਉਸਨੇ ਅੱਗੇ ਦੱਸਿਆ ਕਿ ਉਕਤ ਪਟਵਾਰੀ ਨੇ ਉਸਦੀ ਫੋਨ ਕਾਲ ਦੌਰਾਨ 15,000 ਰੁਪਏ ਦੀ ਰਿਸਵਤ ਲੈਣ ਲਈ ਜੋਰ ਪਾਇਆ ਹੈ। ਸ਼ਿਕਾਇਤਕਰਤਾ ਨੇ ਅੱਗੇ ਇਹ ਵੀ ਦੱਸਿਆ ਕਿ ਉਕਤ ਪਟਵਾਰੀ ਨੇ ਪਹਿਲਾਂ ਉਨ੍ਹਾਂ ਦੀ ਜਮੀਨ ਦਾ ਇੰਤਕਾਲ ਮਾਲ ਰਿਕਾਰਡ ’ਚ ਦਰਜ ਕਰਨ ਬਦਲੇ ਉਸਦੇ ਪਤੀ ਤੋਂ 25,000 ਰੁਪਏ ਦੀ ਰਿਸਵਤ ਦੀ ਮੰਗ ਕੀਤੀ ਸੀ ਅਤੇ ਇਸ ਕੰਮ ਨੂੰ ਪੂਰਾ ਕਰਨ ਬਦਲੇ 15,000 ਰੁਪਏ ਦੀ ਰਿਸਵਤ ਲਈ ਸੀ। ਬੁਲਾਰੇ ਨੇ ਦੱਸਿਆ ਕਿ ਇਸ ਸ਼ਿਕਾਇਤ ਦੀ ਮੁੱਢਲੀ ਪੜਤਾਲ ਉਪਰੰਤ ਵਿਜੀਲੈਂਸ ਬਿਊਰੋ ਦੀ ਟੀਮ ਨੇ ਜਾਲ ਵਿਛਾਇਆ ਜਿਸ ਦੌਰਾਨ ਉਕਤ ਮੁਲਜਮ ਪਟਵਾਰੀ ਨੂੰ ਦੋ ਸਰਕਾਰੀ ਗਵਾਹਾਂ ਦੀ ਹਾਜਰੀ ’ਚ ਸ਼ਿਕਾਇਤਕਰਤਾ ਪਾਸੋਂ 15,000 ਰੁਪਏ ਦੀ ਰਿਸਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕਰ ਲਿਆ ਅਤੇ ਉਸ ਕੋਲੋਂ ਰਿਸਵਤ ਦੀ ਰਕਮ ਵੀ ਮੌਕੇ ਉੱਤੇ ਹੀ ਬਰਾਮਦ ਕਰ ਲਈ। ਉਨ੍ਹਾਂ ਦੱਸਿਆ ਕਿ ਇਸ ਸਬੰਧ ’ਚ ਉਕਤ ਮੁਲਜਮ ਖ਼ਿਲਾਫ ਵਿਜੀਲੈਂਸ ਬਿਓਰੋ ਦੇ ਥਾਣਾ ਜਲੰਧਰ ਰੇਂਜ ’ਚ ਭ੍ਰਿਸਟਾਚਾਰ ਰੋਕੂ ਕਾਨੂੰਨ ਅਧੀਨ ਕੇਸ ਦਰਜ ਕਰ ਲਿਆ ਹੈ। ਉਨ੍ਹਾਂ ਕਿਹਾ ਕਿ ਮੁਲਜਮ ਨੂੰ ਭਲਕੇ ਅਦਾਲਤ ’ਚ ਪੇਸ ਕੀਤਾ ਜਾਵੇਗਾ ਅਤੇ ਇਸ ਮਾਮਲੇ ਦੀ ਅਗਲੇਰੀ ਜਾਂਚ ਜਾਰੀ ਹੈ।



### ਪਟਿਆਲਾ ‘ਚ ਕੇਕ ਖਾਣ ਤੋਂ ਬਾਅਦ ਹੋਈ ਬੱਚੀ ਦੀ ਮੌਤ ਦੇ ਮਾਮਲੇ ‘ਚ ਨਵਾਂ ਮੋੜ, ਸਾਹਮਣੇ ਆਈ ਫਾਈਨਲ ਰਿਪੋਰਟ

ਪਟਿਆਲਾ 22 ਨਵੰਬਰ। ਪਟਿਆਲਾ ਵਿਚ 10 ਸਾਲਾ ਬੱਚੀ ਮਾਨਵੀ ਦੀ ਆਪਣੇ ਹੀ ਜਨਮ ਦਿਨ ‘ਤੇ ਕੇਕ ਖਾਣ ਨਾਲ ਹੋਈ ਮੌਤ ਦੇ ਮਾਮਲੇ ਵਿਚ ਨਵਾਂ ਮੋੜ ਆ ਗਿਆ ਹੈ। ਪੁਲਸ ਵਲੋਂ ਲੈਬ ਵਿਚ ਭੇਜੇ ਗਏ ਕੇਕ ਦੇ ਸੈਂਪਲਾਂ ਦੀ ਫਾਈਨਲ ਰਿਪੋਰਟ ਆ ਗਈ ਹੈ। ਰਿਪੋਰਟ ਮੁਤਾਬਕ ਕੇਕ ਵਿਚ ਕੋਈ ਵੀ ਜਹਿਰੀਲਾ ਪਦਾਰਥ ਨਹੀਂ ਪਾਇਆ ਗਿਆ ਹੈ। ਦਰਅਸਲ ਪਿਛਲੀ 24 ਮਾਰਚ ਨੂੰ ਪਟਿਆਲਾ ‘ਚ ਬੱਚੀ ਮਾਨਵੀ ਦਾ ਜਨਮ ਦਿਨ ਸੀ ਅਤੇ ਪਰਿਵਾਰ ਵਲੋਂ ਆਨਲਾਈਨ ਕੇਕ ਮੰਗਵਾਇਆ ਗਿਆ ਸੀ, ਜਿਸ ਨੂੰ ਖਾਣ ਤੋਂ ਬਾਅਦ ਪੂਰੇ ਪਰਿਵਾਰ ਦੀ ਸਿਹਤ ਵਿਗੜ ਗਈ ਸੀ ਜਿਸ ਵਿਚ 10 ਸਾਲਾ ਮਾਨਵੀ ਦੀ ਮੌਤ ਹੋ ਗਈ ਸੀ। ਇਸ ਤੋਂ ਬਾਅਦ ਪਰਿਵਾਰ ਲਗਾਤਾਰ ਇਨਸਾਫ ਦੀ ਮੰਗ ਕਰਦਾ ਆ ਰਿਹਾ ਸੀ ਪਰ ਪਹਿਲਾਂ ਹੀ ਪੁਲਸ ਨੇ ਪਰਿਵਾਰ ਦੇ ਬਿਆਨਾਂ ‘ਤੇ ਮਾਮਲਾ ਦਰਜ ਕਰਕੇ ਕੇਕ ਬਣਾਉਣ ਵਾਲੇ ਸਣੇ 2 ਮੁਲਜਮਾਂ ਨੂੰ ਕਾਬੂ ਕੀਤਾ ਸੀ ਪਰ ਬੇਕਰੀ ਦਾ ਮਾਲਕ ਮਾਮਲਾ ਦਰਜ ਹੋਣ ਮਗਰੋਂ ਫਰਾਰ ਹੋ ਗਿਆ ਸੀ ਜਿਸ ਨੂੰ ਅੱਜ 2 ਮਹੀਨੇ ਦਾ ਸਮਾਂ ਹੋ ਚੁੱਕਾ ਹੈ ਪਰ ਅੱਜ ਇਸ ਮਾਮਲੇ ‘ਚ ਖਰੜ ਤੋਂ ਵਿਸਰਾ ਰਿਪੋਰਟ ਸਾਹਮਣੇ ਆਈ ਹੈ ਜਿਸ ‘ਚ ਸਾਫ ਆਖਿਆ ਗਿਆ ਹੈ ਕਿ ਕੇਕ ਵਿਚ ਕੁਝ ਵੀ ਜਹਿਰੀਲਾ ਨਹੀਂ ਸੀ। ਦੂਜੇ ਪਾਸੇ ਪੀੜਤ ਪਰਿਵਾਰ ਦਾ ਕਹਿਣਾ ਹੈ ਕਿ ਸਾਡਾ ਤਾਂ ਸਾਰਾ ਕੁਝ ਬਰਬਾਦ ਹੋ ਗਿਆ ਹੈ

### ਪਤੀ ਤੋਂ ਦੁਖੀ ਵਿਆਹੁਤਾ ਨੇ ਚੁੱਕਿਆ ਖੌਫਨਾਕ ਕਦਮ, ਨਹੀਂ ਪਤਾ ਸੀ ਹੋ ਜਾਵੇਗਾ ਇਹ ਕੁਝ

ਫਤਹਿਗੜ੍ਹ ਸਾਹਿਬ 22 ਨਵੰਬਰ। ਵਿਆਹੁਤਾ ਔਰਤ ਨੇ ਆਪਣੇ ਪਤੀ ਤੋਂ ਦੁਖੀ ਹੋ ਕੇ ਪੱਖੇ ਨਾਲ ਫਾਹਾ ਲੈ ਕੇ ਖੁਦਕੁਸ਼ੀ ਕਰ ਲਈ। ਮਾਮਲੇ ‘ਚ ਪੁਲਸ ਵੱਲੋਂ ਮ੍ਰਿਤਕਾ ਦੇ ਪਤੀ ਨੂੰ ਗ੍ਰਿਫਤਾਰ ਕਰ ਲਿਆ ਹੈ। ਮਾਮਲਾ ਸਰਹਿੰਦ ਮੰਡੀ ਦਾ ਹੈ, ਜਿੱਥੇ ਇੱਕ ਵਿਆਹੁਤਾ ਔਰਤ ਲਵਲੀਨ ਕੌਰ ਨੇ ਪੱਖੇ ਨਾਲ ਲਟਕ ਕੇ ਖੁਦਕਸ਼ੀ ਕਰ ਲਈ। ਮਾਮਲੇ ‘ਚ ਪੁਲਸ ਵੱਲੋਂ ਉਸਦੇ ਪਤੀ ਨਰੇਸ਼ ਕੁਮਾਰ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਦੂਜੇ ਪਾਸੇ ਡੀ.ਐੱਸ.ਪੀ. ਸੁਖਨਾਜ਼ ਸਿੰਘ ਨੇ ਦੱਸਿਆ ਕਿ ਨਰੇਸ਼ ਕੁਮਾਰ ਆਪਣੀ ਪਤਨੀ ਲਵਲੀਨ ਕੌਰ ਨਾਲ ਲੜਾਈ ਝਗੜਾ ਕਰਦਾ ਰਹਿੰਦਾ ਸੀ। ਲਵਲੀਨ ਕੌਰ ਵੱਲੋਂ ਪਤੀ ਤੋਂ ਤੰਗ ਆ ਕੇ ਪੱਖੇ ਨਾਲ ਲਟਕ ਕੇ ਆਪਣੀ ਜੀਵਨ ਲੀਲਾ ਸਮਾਪਤ ਕੀਤੀ ਗਈ ਹੈ। ਮ੍ਰਿਤਕਾ ਦੇ ਭਰਾ ਰੁਪਿੰਦਰ ਸਿੰਘ ਦੇ ਬਿਆਨਾਂ ‘ਤੇ ਥਾਣਾ ਫ਼ਤਹਿਗੜ੍ਹ ਸਾਹਿਬ ਵਿਖੇ ਮਾਮਲਾ ਦਰਜ ਕੀਤਾ ਗਿਆ ਹੈ। ਪੁਲਸ ਨੇ ਨਰੇਸ਼ ਕੁਮਾਰ ਨੂੰ ਗ੍ਰਿਫਤਾਰ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

# ਡੇਢ ਕਰੋੜ ਰੁਪਏ ਦੀ ਚਰਸ ਬਰਾਮਦ, ਨੇਪਾਲੀ ਮਹਿਲਾ ਤਸਕਰ ਗ੍ਰਿਫਤਾਰ

ਬਹਿਰਾਈਚ 22 ਨਵੰਬਰ। ਉੱਤਰ ਪ੍ਰਦੇਸ਼ ਦੇ ਬਹਿਰਾਈਚ ਜ਼ਿਲ੍ਹੇ ‘ਚ ਭਾਰਤ-ਨੇਪਾਲ ਸਰਹੱਦੀ ਰੂਪਈਡੀਹਾ ਸਰਹੱਦ ‘ਤੇ ਸਸ਼ਸਤਰ ਸੀਮਾ ਬਲ (ਐੱਸਐੱਸਬੀ) ਅਤੇ ਉੱਤਰ ਪ੍ਰਦੇਸ ਪੁਲਸ ਦੀ ਇਕ ਸਾਂਝੀ ਟੀਮ ਨੇ ਇਕ ਨੇਪਾਲੀ ਮਹਿਲਾ ਨਸਾ ਤਸਕਰ ਕੋਲੋਂ ਡੇਢ ਕਰੋੜ ਰੁਪਏ ਤੋਂ ਵੱਧ ਦਾ ਨਸੀਲਾ ਪਦਾਰਥ ਬਰਾਮਦ ਕਰਨ ਤੋਂ ਬਾਅਦ ਉਸ ਨੂੰ ਗ੍ਰਿਫਤਾਰ ਕਰ ਲਿਆ ਹੈ। ਅਧਿਕਾਰੀਆਂ ਨੇ ਮੰਗਲਵਾਰ ਨੂੰ ਇਹ ਜਾਣਕਾਰੀ ਦਿੱਤੀ। ਪੁਲਸ ਅਨੁਸਾਰ ਬਰਾਮਦ ਨਸੀਲਾ ਪਦਾਰਥ ਨੇਪਾਲ ਤੋਂ ਤਸਕਰੀ ਕਰ ਕੇ ਸ਼ਿਮਲਾ (ਹਿਮਾਚਲ ਪ੍ਰਦੇਸ) ਲਿਆਂਦਾ ਜਾ ਰਿਹਾ ਸੀ। ਸਸ਼ਸਤਰ ਸੀਮਾ ਬਲ 42ਵੀਂ ਕੋਰ ਦੇ ਡਿਪਟੀ ਕਮਾਂਡਰ ਦਿਲੀਪ ਕੁਮਾਰ ਨੇ ਦੱਸਿਆ ਕਿ ਸੋਮਵਾਰ ਸਾਮ ਨੂੰ ਠੋਸ ਅਤੇ ਭਰੋਸੇਮੰਦ ਖੁਫੀਆ ਸੂਚਨਾ ਦੇ ਆਧਾਰ ‘ਤੇ ਐੱਸਐੱਸਬੀ ਅਤੇ ਉੱਤਰ ਪ੍ਰਦੇਸ ਪੁਲਸ ਦੀ ਸਾਂਝੀ ਟੀਮ ਜਾਂਚ ਅਤੇ ਤਲਾਸ ‘ਚ ਲੱਗੀ ਹੋਈ ਸੀ। ਇਸ ਦੌਰਾਨ ਨੇਪਾਲ ਤੋਂ ਆਈ ਇਕ ਨੇਪਾਲੀ ਔਰਤ ਦੇ ਬੈਗ ‘ਚੋਂ ਹਰੇ ਕੱਪੜੇ ‘ਚ ਲਪੇਟੇ 6 ਪਾਰਦਰਸੀ ਪਾਊਚ ਬਰਾਮਦ ਹੋਏ। ਡੌਗ ਸਕੁਐਡ ਅਤੇ ਖੋਜੀ ਕੁੱਤਿਆਂ ਨੇ ਬੈਗ ‘ਚ ਰੱਖੇ ਕਾਲੇ ਰੰਗ ਦੇ ਪਦਾਰਥ ਨੂੰ ਨਸ਼ੀਲੇ ਪਦਾਰਥ ਹੋਣ ਵਰਗੀ ਪ੍ਰਤੀਕਿਰਿਆ ਦਿੱਤੀ ਅਤੇ ਬਾਅਦ ‘ਚ ਵਿਸ਼ੇਸ਼ ਸਿਖਲਾਈ ਪ੍ਰਾਪਤ ਜਵਾਨਾਂ ਨੇ ਇਸ ਨੂੰ ਚਰਸ ਵਜੋਂ ਪਛਾਣਿਆ। ਫੜੀ ਗਈ ਨੇਪਾਲੀ ਨਾਗਰਿਕ ਦੀ ਪਛਾਣ ਦਿਲਬਹਾਦਰ ਬੁਧਾ ਦੀ ਧੀ ਰੇਖਾ ਬੁਧਾ ਵਜੋਂ ਹੋਈ ਹੈ। ਨਸ਼ੀਲੇ ਪਦਾਰਥ ਤਸਕਰ ਰੇਖਾ ਖ਼ਿਲਾਫ ਨਸ਼ੀਲੇ ਪਦਾਰਥ ਪਾਬੰਦੀ ਨਾਲ ਸੰਬੰਧਤ ਐੱਨ.ਡੀ.ਪੀ.ਐੱਸ. ਐਕਟ ਦੇ ਅਧੀਨ ਰੂਪਈਡੀਹਾ ਥਾਣੇ ‘ਚ ਮਾਮਲਾ ਦਰਜ ਕੀਤਾ ਗਿਆ ਹੈ। ਡਿਪਟੀ ਕਮਾਂਡਰ ਨੇ ਦੱਸਿਆ ਕਿ ਕਰੀਬ 5 ਕਿਲੋਗ੍ਰਾਮ ਭਾਰੀ ਚਰਸ ਦੀ ਕੌਮਾਂਤਰੀ ਬਜਾਰ ‘ਚ ਕੀਮਤ ਲਗਭਗ 1.6 ਕਰੋੜ ਰੁਪਏ ਦੱਸੀ ਜਾਂਦੀ ਹੈ। ਗ੍ਰਿਫਤਾਰੀ ਨੇਪਾਲੀ ਔਰਤ ਨੇ ਸ਼ੁਰੂਆਤੀ ਪੁੱਛ-ਗਿੱਛ ‘ਚ ਦੱਸਿਆ ਕਿ ਉਸ ਨੇ ਨੇਪਾਲ ‘ਚ ਰੂਕੁਮ ਜ਼ਿਲ੍ਹੇ ਦੇ ਕਾਕਰਾ ਪਿੰਡ ਸਥਿਤ ਆਪਣੇ ਘਰ ‘ਤੇ ਉਕਤ ਚਰਸ ਤਿਆਰ ਕੀਤੀ ਸੀ ਅਤੇ ਘੱਟ ਸਮੇਂ ‘ਚ ਵੱਧ ਤੋਂ ਵੱਧ ਪੈਸਾ ਕਮਾਉਣ ਦੇ ਲਾਲਚ ‘ਚ ਉਹ ਇਸ ਨੂੰ ਵੇਚਣ ਦੇ ਮਕਸਦ ਨਾਲ ਭਾਰਤ ਦੇ ਸ਼ਿਮਲਾ (ਹਿਮਾਚਲ ਪ੍ਰਦੇਸ਼) ਲਿਜਾਉਣ ਵਾਲੀ ਸੀ।



## ਪਿੰਡ ਕੱਟਿਆਂ ਵਾਲਾ ਵਿਖੇ ਨਸ਼ਾ ਤਸਕਰਾਂ ਖਿਲਾਫ ਵੱਡੀ ਕਾਰਵਾਈ, 15 ਲੱਖ 67 ਹਜ਼ਾਰ ਦੀ ਪ੍ਰੋਪਰਟੀ ਕੀਤੀ ਸੀਲ

ਜਲਾਲਾਬਾਦ 22 ਨਵੰਬਰ। ਪੰਜਾਬ ਪੁਲਸ ਦੇ ਵੱਲੋਂ ਨਸ਼ਾ ਤਸਕਰਾਂ ਦੇ ਖਿ਼ਲਾਫ ਚਲਾਈ ਗਈ ਮੁਹਿੰਮ ਦੇ ਤਹਿਤ ਅੱਜ ਐੱਸ. ਐੱਸ. ਪੀ. ਫਾਜ਼ਿਲਕਾ ਦੇ ਦਿਸ਼ਾ-ਨਿਰਦੇਸ਼ਾਂ ਤੇ ਪਿੰਡ



ਕੱਟੀਆਂ ਵਾਲਾ ਵਿਖੇ ਇੱਕ ਨਸ਼ਾ ਤਸਕਰ ਦੀ 15 ਲੱਖ 67 ਹਜ਼ਾਰ ਦੀ ਪ੍ਰੋਪਰਟੀ ਸੀਲ ਕੀਤੀ ਗਈ ਹੈ। ਸਾਲ 2022 ‘ਚ ਅਬੋਹਰ ਸਿਟੀ 1 ਦੇ ਵਿਚ 92 ਕਿਲੋ ਚੂਰਾ ਪੋਸਤ ਦੇ ਨਾਲ ਬਲਵਿੰਦਰ ਸਿੰਘ ਪੁੱਤਰ ਸੁਖਦੇਵ ਸਿੰਘ ਵਾਸੀ ਕੱਟੀਆਂ ਵਾਲਾ ਨੂੰ ਕਾਬੂ ਕੀਤਾ ਗਿਆ ਸੀ ਅਤੇ ਉਸ ਦੇ ਖਿ਼ਲਾਫ ਮਾਮਲਾ ਦਰਜ ਕੀਤਾ ਗਿਆ ਸੀ। ਜਿਸ ਤੋਂ ਬਾਅਦ ਹੁਣ ਉਸ ਦੀ ਪ੍ਰੋਪਰਟੀ ਅਟੈਚ ਕੀਤੀ ਗਈ ਸੀ ਅਤੇ ਬੀਤੇ ਦਿਨ ਥਾਣਾ ਵੈਰੋਕਾ ਪੁਲਸ ਵੱਲੋਂ ਕਾਰਵਾਈ ਕਰਦੇ ਹੋਏ ਬਲਵਿੰਦਰ ਸਿੰਘ ਪੁੱਤਰ ਸੁਖਦੇਵ ਸਿੰਘ ਦੇ ਪਿੰਡ ਕੱਟੀਆਂ ਵਾਲਾ ਪਹੁੰਚ ਉਸਦੀ ਪ੍ਰੋਪਰਟੀ ਦੇ ਬਾਹਰ ਸੀਜ਼ ਦਾ ਨੋਟਿਸ ਚਿਪਕਾਇਆ ਗਿਆ ਹੈ। ਉਨ੍ਹਾਂ ਦੱਸਿਆ ਕਿ ਇਸ ਨਸ਼ਾ ਤਸਕਰ ਵੱਲੋਂ ਨਸ਼ੇ ਦੀ ਕਮਾਈ ‘ਚ ਇਹ 2290 ਸਕੇਅਰ ਫੁੱਟ ਮਕਾਨ ਬਣਾਇਆ ਗਿਆ ਹੈ। ਹੁਣ ਨਾ ਤਾਂ ਨਸ਼ਾ ਤਸਕਰ ਇਸ ਮਕਾਨ ਨੂੰ ਵੇਚ ਸਕੇਗਾ ਅਤੇ ਨਾ ਹੀ ਕਿਸੇ ਨੂੰ ਗਿਫਟ ਕਰ ਸਕੇਗਾ। ਉਨ੍ਹਾਂ ਨੇ ਦੱਸਿਆ ਕਿ ਜਲਦ ਹੀ ਇਸ ਨਸ਼ਾ ਤਸਕਰ ਦੀ ਪ੍ਰੋਪਰਟੀ ਨਿਲਾਮ ਕੀਤੀ ਜਾਏਗੀ। ਇਸ ਮੌਕੇ ਮੀਡੀਆ ਨੂੰ ਜਾਣਕਾਰੀ ਦਿੰਦੇ ਹੋਏ ਥਾਣਾ ਵੈਰੋਕਾ ਦੇ ਇੰਚਾਰਜ ਗੁਰਜੰਟ ਸਿੰਘ ਨੇ ਦੱਸਿਆ ਦਫਤਰਾਂ ਦੇ ਹੁਕਮਾਂ ਤੋਂ ਬਾਅਦ ਇਹ ਕਾਰਵਾਈ ਕੀਤੀ ਜਾ ਰਹੀ ਹੈ ਅਤੇ ਆਉਂਦੇ ਸਮੇਂ ਦੇ ਵਿੱਚ ਵੀ ਇਸ ਤਰ੍ਹਾਂ ਦੀਆਂ ਕਾਰਵਾਈਆਂ ਲਗਾਤਾਰ ਜਾਰੀ ਰਹਿਣਗੀਆਂ। ਉਨ੍ਹਾਂ ਨੇ ਕਿਹਾ ਕਿ ਇਲਾਕੇ ਦੇ ‘ਚ ਕਿਸੇ ਨੂੰ ਵੀ ਨਸ਼ਾ ਤਸਕਰੀ ਦੀ ਇਜਾਜ਼ਤ ਨਹੀਂ ਦਿੱਤੀ ਜਾਏਗੀ ਅਤੇ ਨਸ਼ਾ ਤਸਕਰਾਂ ਨਾਲ ਭਵਿੱਖ ਦੇ ਵਿੱਚ ਸਖਤੀ ਦੇ ਨਾਲ ਨਜਿੱਠਿਆ ਜਾਵੇਗਾ। ਇਸ ਮੌਕੇ ਉਨ੍ਹਾਂ ਨੇ ਪਿੰਡ ਵਾਸੀਆਂ ਨੂੰ ਵੀ ਹਦਾਇਤਾਂ ਜਾਰੀ ਕੀਤੀਆਂ ਤੇ ਕਿਹਾ ਕਿ ਜੇਕਰ ਕੋਈ ਵੀ ਨਸ਼ਾ ਸਮਗਲਿੰਗ ਦੇ ਮਾਮਲੇ ਦੇ ਵਿੱਚ ਲਿਪਤ ਪਾਇਆ ਗਿਆ ਤਾਂ ਉਸ ਦੇ ਖਿ਼ਲਾਫ ਪੁਲਸ ਵੱਲੋਂ ਸਖਤ ਤੋਂ ਸਖਤ ਕਾਰਵਾਈ ਅਮਲ ‘ਚ ਲਿਆਂਦੀ ਜਾਵੇਗੀ। ਦੱਸ ਦਈਏ ਕਿ ਜ਼ਿਲ੍ਹਾ ਫਾਜ਼ਿਲਕਾ ਪੁਲਸ ਦੇ ਵੱਲੋਂ ਲਗਾਤਾਰ ਨਸ਼ਾ ਤਸਕਰਾਂ ਦੇ ਖਿ਼ਲਾਫ ਕਾਰਵਾਈਆਂ ਕੀਤੀਆਂ ਜਾ ਰਹੀਆਂ ਜਿਸ ਦੇ ਤਹਿਤ ਉਹਨਾਂ ਦੀਆਂ ਪ੍ਰੋਪਰਟੀਆਂ ਸੀਲ ਕੀਤੀਆਂ ਜਾ ਰਹੀਆਂ ਹਨ। ਇੱਥੇ ਲੜੀ ਨੂੰ ਅੱਗੇ ਵਧਾਉਂਦੇ ਹੋਏ ਜਲਾਲਾਬਾਦ ਦੇ ਪਿੰਡ ਕੱਟੀਆਂਵਾਲਾ ਵਿਖੇ ਪੁਲਸ ਦੀ ਇਹ ਕਾਰਵਾਈ ਦੇਖਣ ਨੂੰ ਮਿਲੀ ਹੈ। ਪੁਲਸ ਦਾ ਕਹਿਣਾ ਹੈ ਕਿ ਆਉਣ ਵਾਲੇ ਸਮੇਂ ਦੇ ਵਿੱਚ ਕਈ ਹੋਰ ਇਸੇ ਤਰ੍ਹਾਂ ਦੇ ਨਸ਼ਾ ਤਸਕਰ ਪਾਈਪਲਾਈਨ ਦੇ ਵਿੱਚ ਹਨ ਜਿਨਾਂ ਦੀਆਂ ਜਲਦ ਹੀ ਪ੍ਰੋਪਰਟੀਆਂ ਪੁਲਸ ਦੇ ਵੱਲੋਂ ਸੀਲ ਕੀਤੀਆਂ ਜਾਣਗੀਆਂ।

### ਸਾਧੂ ਦਾ ਭੇਸ ਬਣਾ ਕੇ ਠੱਗਣ ਵਾਲਾ ਔਰਤ ਸਣੇ ਗ੍ਰਿਫਤਾਰ

ਖੰਨਾ 22 ਨਵੰਬਰ। ਖੰਨਾ ਪੁਲਸ ਨੇ ਸਾਧੂ ਦਾ ਭੇਸ ਬਣਾ ਕੇ ਲੋਕਾਂ ਨੂੰ ਲੁੱਟਣ ਵਾਲੇ ਠੱਗਾਂ ਨੂੰ ਇਕ ਔਰਤ ਸਮੇਤ ਤਿੰਨ ਵਿਅਕਤੀਆਂ ਨੂੰ ਕਾਬੂ ਕੀਤਾ ਹੈ। ਇਸ ਸਬੰਧੀ ਖੰਨਾ ਦੇ ਡੀ.ਐੱਸ.ਪੀ. ਅੰਮ੍ਰਿਤਪਾਲ ਸਿੰਘ ਨੇ ਦੱਸਿਆ ਕਿ ਪਿਛਲੇ ਦਿਨੀਂ ਖੰਨਾ ਦੇ ਕ੍ਰਿਸ਼ਨਾ ਨਗਰ ਦੇ ਇਲਾਕੇ ਵਿਚ ਠੱਗਾਂ ਵੱਲੋਂ ਇਕ ਵਿਅਕਤੀ ਦੀਪਕ ਭਾਰਦਵਾਜ ਨੂੰ ਸਮੋਹਿਤ ਕਰਕੇ ਉਸ ਪਾਸੋਂ 2 ਸੋਨੇ ਦੀਆਂ ਮੁੰਦਰੀਆਂ, 5 ਤੋਲੇ ਦਾ ਇਕ ਬਰੈਸਲਟ ਅਤੇ 10 ਹਜ਼ਾਰ ਰੁਪਏ ਠੱਗ ਕੇ ਫਰਾਰ ਹੋ ਗਏ ਸਨ। ਡੀ.ਐੱਸ.ਪੀ. ਨੇ ਦੱਸਿਆ ਕਿ ਉਨ੍ਹਾਂ ਨੂੰ ਕਾਬੂ ਕਰਨ ਲਈ ਖੰਨਾ ਪੁਲਸ ਵੱਲੋਂ ਵੱਖ-ਵੱਖ ਟੀਮਾਂ ਬਣਾ ਕੇ ਸਿਟੀ 1 ਦੇ ਇੰਸਪੈਕਟਰ ਅਸ਼ੋਕ ਕੁਮਾਰ ਅਤੇ ਸੀ.ਆਈ.ਏ. ਸਟਾਫ ਦੀਆਂ ਟੀਮਾਂ ਵੱਲੋਂ ਕਥਿਤ ਦੋਸ਼ੀਆਂ ਨੂੰ ਟਰੇਸ ਕਰਕੇ ਦੋ ਮੋਟਰਸਾਈਕਲਾਂ ਸਮੇਤ ਇਕ ਔਰਤ ਅਤੇ ਤਿੰਨ ਵਿਆਕਤੀਆਂ ਨੂੰ ਜ਼ਿਲ੍ਹਾ ਤਰਨਤਾਰਨ ਤੋਂ ਗ੍ਰਿਫਤਾਰ ਕੀਤਾ ਗਿਆ ਹੈ। ਡੀ.ਐੱਸ.ਪੀ. ਖੰਨਾ ਨੇ ਦੱਸਿਆ ਕਿ ਕਥਿਤ ਦੋਸ਼ੀਆਂ ਵੱਲੋਂ ਲੁੱਟੇ ਗਹਿਣੇ ਅਤੇ ਪੈਸੇ ਖੁਰਦ-ਬੁਰਦ ਕਰ ਦਿੱਤੇ ਗਏ ਹਨ। ਉਨ੍ਹਾਂ ਨੂੰ ਅਦਾਲਤ ਵਿਚ ਪੇਸ਼ ਕਰਕੇ ਰਿਮਾਂਡ ਲੈ ਕੇ ਪੁੱਛ ਗਿੱਛ ਕੀਤੀ ਜਾਵੇਗੀ।

### ਸਮੋਸਾ ਪਾਰਟੀ ਦੇਣ ਤੋਂ ਇਨਕਾਰ ਕਰਨ ‘ਤੇ ਹੈਵਾਨ ਬਣੇ ਦੋਸਤ, ਬੇਰਹਿਮੀ ਨਾਲ ਕਰ ‘ਤਾ ਕਤਲ

ਨੈਸਨਲ ਡੈਸਕ 22 ਨਵੰਬਰ। ਦਿੱਲੀ ਦੇ ਸਕਰਪੁਰ ਥਾਣਾ ਖੇਤਰ ਤੋਂ ਇਕ ਹੈਰਾਨ ਕਰ ਦੇਣ ਵਾਲਾ ਮਾਮਲਾ ਸਾਹਮਣੇ ਆਇਆ ਹੈ। ਦੋਸਤਾਂ ਨੂੰ ਸਮੋਸਾ ਪਾਰਟੀ ਦੇਣ ਤੋਂ ਇਨਕਾਰ ਕਰਨ ‘ਤੇ ਇਕ ਨੌਜਵਾਨ ਦਾ ਉਸ ਦੇ ਦੋਸਤਾਂ ਵਲੋਂ ਚਾਕੂ ਮਾਰ ਕੇ ਕਤਲ ਕਰ ਦੇਣ ਦਾ ਮਾਮਲਾ ਸਾਹਮਣੇ ਆਇਆ ਹੈ। ਪੁਲਸ ਨੇ ਇਸ ਮਾਮਲੇ ਵਿੱਚ ਉਕਤ ਨੌਜਵਾਨਾਂ ਖਿ਼ਲਾਫ ਕਤਲ ਦਾ ਕੇਸ ਦਰਜ ਕਰ ਲਿਆ ਹੈ। ਮੁੱਢਲੀ ਜਾਂਚ ਵਿੱਚ ਪੁਲਸ ਨੂੰ ਪਤਾ ਲੱਗਾ ਹੈ ਕਿ ਸਾਰੇ ਮੁਲਜਮ ਨਾਬਾਲਗ ਹਨ। ਦਰਅਸਲ ਨੌਵੀਂ ਜਮਾਤ ਵਿੱਚ ਪੜ੍ਹਦੇ ਸਚਿਨ (16) ਨੇ ਇੱਕ ਨਵਾਂ ਮੋਬਾਈਲ ਖਰੀਦਿਆ ਸੀ। ਮੋਬਾਈਲ ਖਰੀਦਣ ਦੀ ਪਾਰਟੀ ਕਰਨ ਦੀ ਜ਼ਿਦ ਕਰਦੇ ਹੋਏ ਉਸ ਦੇ ਤਿੰਨ ਦੋਸਤਾਂ ਨੇ ਉਸ ਨੂੰ ਸਮੋਸੇ ਖੁਆਉਣ ਲਈ ਕਿਹਾ, ਪਰ ਸਚਿਨ ਨੇ ਆਪਣੇ ਦੋਸਤਾਂ ਨੂੰ ਸਮੋਸੇ ਪਾਰਟੀ ਦੇਣ ਤੋਂ ਇਨਕਾਰ ਕਰ ਦਿੱਤਾ। ਇਹ ਗੱਲ ਉਸ ਦੇ ਦੋਸਤਾਂ ਨੂੰ ਪਸੰਦ ਨਹੀਂ ਆਈ ਅਤੇ ਉਹਨਾਂ ਨੇ ਗੁੱਸੇ ‘ਚ ਸਚਿਨ ਦੀ ਚਾਕੂ ਮਾਰ ਕੇ ਹੱਤਿਆ ਕਰ ਦਿੱਤੀ। ਥਾਣਾ ਸਕਰਪੁਰ ਪੁਲਸ ਨੇ ਬੀਐੱਨਐੱਸ ਦੀਆਂ ਸਬੰਧਤ ਧਾਰਾਵਾਂ ਤਹਿਤ ਮਾਮਲਾ ਦਰਜ ਕਰਕੇ ਮ੍ਰਿਤਕ ਨੌਜਵਾਨ ਦੀ ਲਾਸ ਨੂੰ ਕਬਜੇ ‘ਚ ਲੈ ਕੇ ਪੋਸਟਮਾਰਟਮ ਲਈ ਭੇਜ ਦਿੱਤਾ ਹੈ। ਥਾਣਾ ਪੁਲਸ ਦੇ ਮੁਤਾਬਕ ਸਚਿਨ ਆਪਣੇ ਪਰਿਵਾਰ ਨਾਲ ਸਕਰਪੁਰ ਇਲਾਕੇ ‘ਚ ਰਹਿੰਦਾ ਸੀ। ਉਹ ਸਰਕਾਰੀ ਸਕੂਲ ਵਿੱਚ ਨੌਵੀਂ ਜਮਾਤ ਦਾ ਵਿਦਿਆਰਥੀ ਸੀ। ਉਹ ਆਪਣੇ ਇੱਕ ਦੋਸਤ ਨਾਲ ਨਵਾਂ ਮੋਬਾਈਲ ਖਰੀਦ ਕੇ ਵਾਪਸ ਆ ਰਿਹਾ ਸੀ ਤਾਂ ਰਾਮਜੀ ਨੇ ਆਪਣੇ ਤਿੰਨ ਦੋਸਤਾਂ ਨੂੰ ਸਮੋਸੇ ਦੀ ਦੁਕਾਨ ਕੋਲ ਖੜ੍ਹੇ ਦੇਖਿਆ।

## ਕੁੜੀ ਦੀਆਂ ਇਤਰਾਜਯੋਗ ਫੋਟੋਆਂ ਕੀਤੀਆਂ ਜਨਤਕ, ਪੰਚਾਇਤ ਨੇ ਦੋਸ਼ੀ ਨੂੰ ਚੱਪਲਾਂ ਨਾਲ ਕੁੱਟਣ ਦੀ ਦਿੱਤੀ ਸਜਾ

ਬਰੇਲੀ 22 ਨਵੰਬਰ। ਉੱਤਰ ਪ੍ਰਦੇਸ਼ ਦੇ ਬਰੇਲੀ ਜ਼ਿਲ੍ਹੇ ਦੇ ਨਵਾਬਗੰਜ ਥਾਣਾ ਖੇਤਰ ਦੇ ਇਕ ਪਿੰਡ ਦੀ ਪੰਚਾਇਤ ਨੇ ਇਕ ਕੁੜੀ ਦੀ ਫੋਟੋ ਐਡਿਟ ਕਰਕੇ ਜਨਤਕ ਕਰਨ ਦੇ ਦੋਸ ਵਿਚ ਇਕ ਵਿਅਕਤੀ ਨੂੰ ਚੱਪਲਾਂ ਨਾਲ ਕੁੱਟਣ ਦੀ ਸਜਾ ਦੇ ਕੇ ਮਾਮਲੇ ਦਾ ਨਿਪਟਾਰਾ ਕਰ ਦਿੱਤਾ। ਹਾਲਾਂਕਿ ਬਰੇਲੀ ਦੇ ਐੱਸਪੀ (ਉੱਤਰੀ) ਮੁਕੇਸ ਚੰਦਰ ਮਿਸਰਾ ਨੇ ਕਿਹਾ ਕਿ ਪੁਲਸ ਕੋਲ ਅਜਿਹੀ ਕਿਸੇ ਘਟਨਾ ਦੀ ਜਾਣਕਾਰੀ ਨਹੀਂ ਹੈ ਪਰ ਮਾਮਲੇ ਦੀ ਜਾਂਚ ਕਰਕੇ ਕਾਰਵਾਈ ਕੀਤੀ ਜਾਵੇਗੀ। ਸੂਤਰਾਂ ਨੇ ਦੱਸਿਆ ਕਿ ਨੌਜਵਾਨ ਨੇ ਚੋਰੀ ਕੀਤੇ ਮੋਬਾਈਲ ਫੋਨ ਨਾਲ ਕੁੜੀ ਦੀ ਫੋਟੋ ਐਡਿਟ ਕਰਕੇ ਸੋਸਲ ਮੀਡੀਆ ‘ਤੇ ਜਨਤਕ ਕਰ ਦਿੱਤੀ ਸੀ। ਉਨ੍ਹਾਂ ਦੱਸਿਆ ਕਿ ਕੁੜੀ ਦੇ ਪਰਿਵਾਰ ਵਾਲਿਆਂ ਨੇ ਇਸ ਸਬੰਧੀ ਪੰਚਾਇਤ ‘ਚ ਸ਼ਿਕਾਇਤ ਕੀਤੀ, ਜਿਸ ਨੇ ਨੌਜਵਾਨ ਨੂੰ ਚੱਪਲਾਂ ਨਾਲ ਕੁੱਟਣ ਦਾ ਫੈਸਲਾ ਸੁਣਾਉਂਦੇ ਹੋਏ ਮਾਮਲੇ ਦਾ ਨਿਪਟਾਰਾ ਕਰ ਦਿੱਤਾ। ਉਨ੍ਹਾਂ ਦੱਸਿਆ ਕਿ ਪੰਚਾਇਤ ਦੇ ਫੈਸਲੇ ਤੋਂ ਬਾਅਦ ਪੀੜਤਾ ਦੀ ਮਾਂ ਨੇ ਚੱਪਲਾਂ ਨਾਲ ਨੌਜਵਾਨ ਦੀ ਕੁੱਟਮਾਰ ਕੀਤੀ। ਪੰਚਾਇਤ ਨੇ ਕਿਹਾ ਕਿ ਜੇਕਰ ਇਹ ਮਾਮਲਾ ਪੁਲਸ ਕੋਲ ਗਿਆ ਤਾਂ ਨੌਜਵਾਨ ਦਾ ਭਵਿੱਖ ਬਰਬਾਦ ਹੋ ਜਾਵੇਗਾ, ਇਸ ਲਈ ਮੁਲਜਮ ਨੂੰ ਚੱਪਲਾਂ ਨਾਲ ਕੁੱਟ ਕੇ ਮਾਮਲਾ ਸੁਲਝਾ ਲਿਆ ਗਿਆ। ਨਵਾਬਗੰਜ ਬਲਾਕ ਮੁਖੀ ਪ੍ਰਗਿਆ ਗੰਗਵਾਰ ਨੇ ਮੰਗਲਵਾਰ ਨੂੰ ਦੱਸਿਆ ਕਿ ਇਹ ਘਟਨਾ ਉਨ੍ਹਾਂ ਦੇ ਬਲਾਕ ਦੇ ਹਰਦੁਆ ਪਿੰਡ ‘ਚ ਵਾਪਰੀ। ਉਨ੍ਹਾਂ ਦੱਸਿਆ ਕਿ ਉਕਤ ਨੌਜਵਾਨ ਨੇ ਪਿੰਡ ਦੀ ਇਕ ਕੁੜੀ ਦੀਆਂ ਇਤਰਾਜਯੋਗ ਤਸਵੀਰਾਂ ਜਨਤਕ ਕੀਤੀਆਂ ਸਨ, ਜਿਨ੍ਹਾਂ ਨੂੰ ਐਡਿਟ ਕੀਤਾ ਗਿਆ ਸੀ।



ਗੰਗਵਾਰ ਨੇ ਕਿਹਾ ਕਿ ਪੰਚਾਇਤ ‘ਚ ਨੌਜਵਾਨ ਦੇ ਭਵਿੱਖ ਨੂੰ ਦੇਖਦੇ ਹੋਏ ਰਾਜੀਨਾਮਾ ਕਰ ਦਿੱਤਾ ਗਿ ਸੀ ਪਰ ਕੁੜੀ ਦੀ ਮਾਂ ਨੇ ਸ਼ਰਤ ਰੱਖੀ ਸੀ ਕਿ ਜਦੋਂ ਤੱਕ ਉਹ ਨੌਜਵਾਨ ਨੂੰ ਚੱਪਲ ਨਾਲ ਨਹੀਂ ਕੁੱਟੇਗੀ, ਉਦੋਂ ਤੱਕ ਉਹ ਉਸ ਨੂੰ ਮੁਆਫ ਨਹੀਂ ਕਰੇਗੀ।

### ਲਿਤ ਪਰਿਵਾਰ ਦਾ ਕੀਤਾ ਬਾਈਕਾਟ, 16 ਲੋਕ ਗ੍ਰਿਫਤਾਰ

ਹੈਦਰਾਬਾਦ 22 ਨਵੰਬਰ। ਤੇਲੰਗਾਨਾ ਦੇ ਮੇਡਕ ਜ਼ਿਲ੍ਹੇ ’ਚ ਪਿੰਡ ਦੇ ਸਮਾਗਮ ’ਚ ‘ਦੱਪੂ’ (ਇਕ ਕਿਸਮ ਦਾ ਸੰਗੀਤਕ ਸਾਜ) ਵਜਾਉਣ ਤੋਂ ਇਨਕਾਰ ਕਰਨ ’ਤੇ ਦਲਿਤ ਪਰਿਵਾਰ ਦੇ ਮੈਂਬਰਾਂ ਦਾ ਕਥਿਤ ਤੌਰ ’ਤੇ ਸਮਾਜਿਕ ਬਾਈਕਾਟ ਕੀਤਾ ਗਿਆ। ਪੁਲਸ ਨੇ ਇਸ ਮਾਮਲੇ ਦੇ ਦੋਸ਼ ‘ਚ 16 ਲੋਕਾਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਦਰਅਸਲ ਇਸ ਪਰਿਵਾਰ ਨੇ ਪਿੰਡ ਦੇ ਰਿਵਾਜਾਂ ਅਨੁਸਾਰ ਇਕ ਰਵਾਇਤੀ ਸਾਜ ਵਜਾਉਣ ਤੋਂ ਇਨਕਾਰ ਕੀਤਾ। ਪਰਿਵਾਰ ਦੇ ਦੋ ਭਰਾ, ਜੋ ਹੈਦਰਾਬਾਦ ਵਿਚ ਨੌਕਰੀ ਕਰ ਰਹੇ ਹਨ, ਇਸ ਰਵਾਇਤੀ ਸਾਜ ਨੂੰ ਵਜਾਉਣ ਤੋਂ ਮੁਕਰ ਗਏ ਸਨ। ਇਸ ਤੋ ਬਾਅਦ ਪਿੰਡ ਵਿਚ ਕੁਝ ਲੋਕਾਂ ਨੇ ਸਮਾਜਕ ਬਾਈਕਾਟ ਦਾ ਐਲਾਨ ਕੀਤਾ। ਪਰਿਵਾਰ ਨੇ ਪੁਲਸ ਕੋਲ ਸ਼ਿਕਾਇਤ ਦਰਜ ਕਰਵਾਈ, ਜਿਸ ਤੋਂ ਬਾਅਦ 16 ਲੋਕਾਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ।

# ਲਗਾਤਾਰ ਨਵੇਂ ਰਿਕਾਰਡ ਬਣਾ ਰਿਹਾ ਸ਼ੇਅਰ ਬਾਜਾਰ

ਮੁੰਬਈ 22 ਨਵੰਬਰ। ਸੇਅਰ ਬਾਜਾਰ ਨੇ ਅੱਜ ਯਾਨੀ 27 ਸਤੰਬਰ ਨੂੰ ਲਗਾਤਾਰ 7ਵੇਂ ਦਿਨ ਸਭ ਤੋਂ ਉੱਚਾ ਪੱਧਰ ਬਣਾਇਆ। ਕਾਰੋਬਾਰ ਦੌਰਾਨ ਸੈਂਸੈਕਸ 666.25 ਅੰਕ ਭਾਵ 0.78 ਫੀਸਦੀ ਦੇ ਵਾਧੇ ਨਾਲ 85,836.12 ਦੇ ਪੱਧਰ ਨੂੰ ਛੂਹ ਗਿਆ। ਇਸ ਦੇ ਨਾਲ ਹੀ ਇਸ ਦੇ 26 ਸ਼ੇਅਰ ਵਾਧੇ ਅਤੇ 4 ਸ਼ੇਅਰ ਗਿਰਾਵਟ ਨਾਲ ਕਾਰੋਬਾਰ ਕਰ ਰਹੇ ਹਨ। ਦੂਜੇ ਪਾਸੇ ਨਿਫਟੀ 211.90 ਅੰਕ ਭਾਵ 0.81 ਫੀਸਦੀ ਦੇ ਵਾਧੇ ਨਾਲ 26,216 ਦੇ ਆਲ ਟਾਈਮ ਹਾਈ ਪੱਧਰ ਨੂੰ ਛੂਹ ਗਿਆ। ਇਸ ਦੇ 41 ਸ਼ੇਅਰ ਵਾਧੇ ਨਾਲ ਅਤੇ 9 ਸ਼ੇਅਰ ਗਿਰਾਵਟ ਨਾਲ ਕਾਰੋਬਾਰ ਕਰਦੇ ਦੇਖੇ ਗਏ। ਅੱਜ ਏਸੀਆਈ ਬਾਜਾਰ ‘ਚ ਤੇਜੀ ਹੈ। ਜਾਪਾਨ ਦਾ ਨਿੱਕੇਈ 2.49% ਅਤੇ ਹਾਂਗਕਾਂਗ ਦਾ ਹੈਂਗ ਸੇਂਗ ਸੂਚਕਾਂਕ 1.71% ਉੱਪਰ ਹੈ। ਚੀਨ ਦਾ ਸੰਘਾਈ ਕੰਪੋਜ਼ਿਟ ਇੰਡੈਕਸ ਵੀ 0.58% ਦੇ ਵਾਧੇ ਨਾਲ ਕਾਰੋਬਾਰ ਕਰ ਰਿਹਾ ਹੈ। 27 ਸਤੰਬਰ ਨੂੰ ਅਮਰੀਕੀ ਬਾਜਾਰ ਦਾ ਡਾਓ ਜੋਂਸ 0.70 ਫੀਸਦੀ ਡਿੱਗ ਕੇ 41,914 ਦੇ ਪੱਧਰ ‘ਤੇ ਬੰਦ ਹੋਇਆ। ਜਦੋਂ ਕਿ ਨੈਸਡੈਕ 0.043% ਵਧ ਕੇ 18,082 ‘ਤੇ ਬੰਦ ਹੋਇਆ। × 500 0.19% ਘਟਿਆ. ਐਨਐਸਈ ਦੇ ਅੰਕੜਿਆਂ ਅਨੁਸਾਰ, ਵਿਦੇਸੀ ਨਿਵੇਸਕਾਂ (ਐਫਆਈਆਈ) ਨੇ 27 ਸਤੰਬਰ ਨੂੰ 973.94 ਕਰੋੜ ਰੁਪਏ ਦੇ ਸੇਅਰ ਵੇਚੇ। ਇਸ ਦੌਰਾਨ ਘਰੇਲੂ ਨਿਵੇਸਕਾਂ () ਨੇ 1,778.99 ਕਰੋੜ ਰੁਪਏ ਦੇ ਸੇਅਰ ਖਰੀਦੇ। ਡਿਫਿਊਜਨ ਇੰਜੀਨੀਅਰਜ ਲਿਮਟਿਡ ਦੀ ਸੁਰੂਆਤੀ ਜਨਤਕ ਪੇਸਕਸ ਯਾਨੀ ਅੱਜ ਖੁੱਲ੍ਹ ਗਈ ਹੈ। ਨਿਵੇਸਕ ਇਸ ਲਈ 30 ਸਤੰਬਰ ਤੱਕ ਬੋਲੀ ਲਗਾ ਸਕਦੇ ਹਨ। ਕੰਪਨੀ ਦੇ ਸੇਅਰ 4 ਅਕਤੂਬਰ ਨੂੰ ਬੰਬੇ ਸਟਾਕ ਐਕਸਚੇਂਜ (ਬੀਐਸਈ) ਅਤੇ ਨੈਸਨਲ ਸਟਾਕ ਐਕਸਚੇਂਜ (ਐਨਐਸਈ) ਵਿੱਚ ਸੂਚੀਬੱਧ ਕੀਤੇ ਜਾਣਗੇ। ਇਸ ਤੋਂ ਪਹਿਲਾਂ ਕੱਲ੍ਹ ਯਾਨੀ 27 ਸਤੰਬਰ ਨੂੰ ਸਟਾਕ ਮਾਰਕੀਟ ਨੇ ਲਗਾਤਾਰ ਛੇਵੇਂ ਦਿਨ ਸਭ ਤੋਂ ਉੱਚੀ ਪੱਧਰ ਬਣਾਈ ਸੀ। ਕਾਰੋਬਾਰ ਦੌਰਾਨ ਸੈਂਸੈਕਸ 85,247 ਦੇ ਪੱਧਰ ਨੂੰ ਛੂਹ ਗਿਆ ਅਤੇ ਨਿਫਟੀ 26,032 ਦੇ ਪੱਧਰ ਨੂੰ ਛੂਹ ਗਿਆ। ਇਸ ਤੋਂ ਬਾਅਦ ਸੈਂਸੈਕਸ 255 ਅੰਕਾਂ ਦੇ ਵਾਧੇ ਨਾਲ 85,169 ਦੇ ਪੱਧਰ ‘ਤੇ ਬੰਦ ਹੋਇਆ। ਨਿਫਟੀ ਵੀ 63 ਅੰਕ ਵਧ ਕੇ 26,004 ਦੇ ਪੱਧਰ ‘ਤੇ ਬੰਦ ਹੋਇਆ। ਆਟੋ, ਆਈ.ਟੀ., ਊਰਜਾ ਅਤੇ ਬੈਂਕਿੰਗ ਸੇਅਰਾਂ ‘ਚ ਤੇਜੀ ਰਹੀ।

**ਕੌਮੀ ਪਤ੍ਰਿਕਾ**

ਮੁੱਖ ਸੰਪਾਦਕ-ਗੁਰਚਰਨ ਸਿੰਘ ਬੱਬਰ, ਸਵਾਮੀ ਪ੍ਰਿੰਟਰ ਪਬਲਿਸ਼ਰ ਅਤੇ ਐਡੀਟਰ ਨੇ ਕੌਮੀ ਪਤ੍ਰਿਕਾ ਪ੍ਰਿੰਟਿੰਗ ਪ੍ਰੈਸ ਏ-144 ਇੰਡਸਟ੍ਰਿਅਲ ਏਰੀਆ ਸੈਕਟਰ ਏ-4, ਟ੍ਰੋਨਿਕਾ ਸਿਟੀ ਲੋਨੀ ਗਾਜ਼ਿਆਬਾਦ ਤੋਂ ਛਪਵਾ ਕੇ 5, ਬਹਾਦੁਰ ਸ਼ਾਹ ਜਫਰ ਮਾਰਗ ਨਵੀਂ ਦਿੱਲੀ-110002 ਤੋਂ ਪ੍ਰਕਾਸ਼ਿਤ ਕੀਤਾ ਹੈ।

Edited Printed Published and Owned by Gurcharan Singh Babbar 5, Bahadur Shah Zafar Marg New Delhi 110002. Printed at Qaumi Patrika Printing Press A-4 Tronica City Loni Ghaziabad

Ph. : 011-41509689, 011-23315814

Mob. : 9971359517, 9312262300

E-mail address: qpatrika@gmail.com

R.N.I. No. 39272/81

Legal Advisors:
Advocate Mohd. Sajid
Advocate Dr. A.P.Singh
Advocate Manish Sharma
Advocate Pooja Bhaskar Sharma

## ਬੇਟੇ ਨੇ ਮੋਬਾਈਲ ਫੋਨ ਠੀਕ ਕਰਾਉਣ ਲਈ ਕਿਹਾ ਤਾਂ ਪਿਓ ਨੇ ਬੈਟ ਨਾਲ ਕੁੱਟ-ਕੁੱਟ ਮਾਰ 'ਤਾ

ਬੈਂਗਲੁਰੂ 22 ਨਵੰਬਰ। ਕਰਨਾਟਕ ਦੀ ਰਾਜਧਾਨੀ ਬੈਂਗਲੁਰੂ 'ਚ ਮੋਬਾਈਲ ਫੋਨ ਕਾਰਨ ਹੱਤਿਆ ਦੀ ਸਨਸਨੀਖੇਜ ਘਟਨਾ ਸਾਹਮਣੇ ਆਈ ਹੈ। ਇੱਥੇ ਇਕ ਪਿਤਾ ਨੇ ਮੋਬਾਈਲ ਫੋਨ ਦੀ ਵਜ੍ਹਾ ਨਾਲ ਆਪਣੇ ਬੇਟੇ ਨੂੰ ਬੇਰਹਿਮੀ ਨਾਲ ਕੁੱਟ-ਕੁੱਟ ਕੇ ਮੌਤ ਦੇ ਘਾਟ ਉਤਾਰ ਦਿੱਤਾ। 14 ਸਾਲਾਂ ਦਾ ਲੜਕਾ ਆਪਣੇ ਪਿਤਾ ਤੋਂ ਮੋਬਾਈਲ ਰਿਪੇਅਰ ਕਰਵਾਉਣ ਲਈ ਜੋਰ ਪਾ ਰਿਹਾ ਸੀ। ਇਸ ਮਾਮਲੇ ਵਿਚ ਪੁਲਸ ਨੇ ਮੁਲਜਮ ਪਿਤਾ ਖਿ਼ਲਾਫ ਕੇਸ ਦਰਜ ਕਰਕੇ ਉਸ ਨੂੰ ਗ੍ਰਿਫਤਾਰ ਕਰ ਲਿਆ ਹੈ। ਇਸ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ। ਡਿਪਟੀ ਕਮਿਸਨਰ ਆਫ ਪੁਲਸ (ਦੱਖਣੀ) ਲੋਕੇਸ ਬੀ. ਜਗਲਾਸਰ ਨੇ ਦੱਸਿਆ ਕਿ ਮੋਬਾਈਲ ਦੀ ਜਿ਼ਆਦਾ ਵਰਤੋਂ ਨੂੰ ਲੈ ਕੇ ਬੱਚੇ ਅਤੇ ਉਸ ਦੇ ਮਾਪਿਆਂ ਵਿਚਕਾਰ ਅਕਸਰ ਝਗੜੇ ਹੁੰਦੇ ਰਹਿੰਦੇ ਸਨ। ਲੜਕਾ ਹਰ ਸਮੇਂ ਆਪਣਾ ਮੋਬਾਈਲ ਫੋਨ ਵਰਤ ਰਿਹਾ ਸੀ। ਇਸ ਕਾਰਨ ਉਹ ਅਕਸਰ ਸਕੂਲ ਵੀ ਨਹੀਂ ਜਾਂਦਾ ਸੀ। ਸਕੂਲ ਦੇ ਮਾੜੇ ਮੁੰਡਿਆਂ ਨਾਲ ਵੀ ਉਸ ਦੇ ਸਬੰਧ ਸਨ। ਇਹੀ ਕਾਰਨ ਹੈ ਕਿ ਉਸ ਦੇ ਮਾਤਾ-ਪਿਤਾ ਉਸ ਤੋਂ ਨਾਰਾਜ ਸਨ। ਉਸ ਨੂੰ ਸੁਧਾਰਨ ਦੀ ਲਗਾਤਾਰ ਕੋਸਿ਼ਸ ਕਰ ਰਹੇ ਸਨ। ਦੱਸਿਆ ਜਾ ਰਿਹਾ ਹੈ ਕਿ ਘਟਨਾ ਵਾਲੇ ਦਿਨ ਲੜਕਾ ਆਪਣੇ ਮਾਤਾ-ਪਿਤਾ ਤੋਂ ਮੋਬਾਈਲ ਫੋਨ ਠੀਕ ਕਰਵਾਉਣ ਦੀ ਜਿ਼ੱਦ ਕਰ ਰਿਹਾ ਸੀ। ਪਰ ਉਸ ਦਾ ਪਿਤਾ ਨਹੀਂ ਚਾਹੁੰਦਾ ਸੀ ਕਿ ਉਹ ਠੀਕ ਹੋ ਜਾਵੇ। ਇਸ ਗੱਲ ਨੂੰ ਲੈ ਕੇ ਦੋਵਾਂ ਵਿਚਾਲੇ ਝਗੜਾ ਹੋ ਗਿਆ। ਲੜਾਈ ਇੰਨੀ ਵਧ ਗਈ ਕਿ ਗੁੱਸੇ 'ਚ ਆਏ ਪਿਤਾ ਨੇ ਪੁੱਤਰ 'ਤੇ ਹਮਲਾ ਕਰ ਦਿੱਤਾ। ਉਨ੍ਹਾਂ ਨੇ ਪਹਿਲਾਂ ਉਸ ਨੂੰ ਕ੍ਰਿਕਟ ਬੈਟ ਨਾਲ ਬੁਰੀ ਤਰ੍ਹਾਂ ਕੁੱਟਿਆ। ਇਸ ਤੋਂ ਬਾਅਦ ਉਸ ਨੇ ਉਸ ਦੀ ਗਰਦਨ ਫੜੀ ਅਤੇ ਉਸ ਦਾ ਸਿਰ ਕੰਧ 'ਤੇ ਕਈ ਵਾਰ ਮਾਰਿਆ। ਇਸ ਤੋਂ ਬਾਅਦ ਜਦੋਂ ਲੜਕਾ ਪੂਰੀ ਤਰ੍ਹਾਂ ਬੇਹੋਸ ਹੋ ਗਿਆ ਤਾਂ ਉਸ ਨੂੰ ਹਸਪਤਾਲ ਲਿਜਾਇਆ ਗਿਆ, ਜਿੱਥੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ ਗਿਆ। ਪੁਲਸ ਨੇ ਦੱਸਿਆ ਕਿ ਹਮਲੇ ਕਾਰਨ ਬੱਚੇ ਦੀ ਮੌਤ ਹੋ ਗਈ। ਇਹ ਕੋਈ ਆਮ ਹਮਲਾ ਨਹੀਂ ਸੀ।

# ਇਕ ਮਹੀਨਾ ਪਹਿਲਾਂ ਪਤਨੀ ਤੋਂ ਲਿਆ ਤਲਾਕ, ਹੁਣ ਨੌਜਵਾਨ ਨੇ ਲਗਾ ਲਿਆ ਮੌਤ ਨੂੰ ਗਲੇ

ਪਾਇਲ 22 ਨਵੰਬਰ। ਥਾਣਾ ਪਾਇਲ ਅਧੀਨ ਪੈਂਦੇ ਪਿੰਡ ਘੁਡਾਣੀ ਕਲਾਂ 'ਚ ਇਕ ਨੌਜਵਾਨ ਵੱਲੋਂ ਖੁਦਕੁਸ਼ੀ ਕਰ ਲੈਣ ਦਾ ਮਾਮਲਾ ਸਾਹਮਣੇ ਆਇਆ ਹੈ। ਮ੍ਰਿਤਕ ਦੀ ਪਛਾਣ ਗੁਰਜੀਤ ਸਿੰਘ (36) ਪੁੱਤਰ ਬਹਾਦਰ ਸਿੰਘ ਵਾਸੀ ਪਿੰਡ ਘੁਡਾਣੀ ਕਲਾ, ਥਾਣਾ ਪਾਇਲ, ਜਿ਼ਲ੍ਹਾ ਲੁਧਿਆਣਾ ਵਜੋਂ ਹੋਈ ਹੈ। ਦੱਸਿਆ ਜਾ ਰਿਹਾ ਹੈ ਕਿ ਉਕਤ ਨੌਜਵਾਨ ਦਾ ਆਪਣੀ ਪਤਨੀ ਨਾਲ ਇਕ ਮਹੀਨਾ ਪਹਿਲਾਂ ਹੀ ਤਲਾਕ ਹੋਇਆ ਸੀ, ਜਿਸ ਤੋਂ ਬਾਅਦ ਉਕਤ ਨੌਜਵਾਨ ਮਾਨਸਿਕ ਤੌਰ 'ਤੇ ਪ੍ਰੇਸ਼ਾਨ ਰਹਿੰਦਾ ਸੀ। ਪਾਇਲ ਪੁਲਸ ਪਾਸ ਬਿਆਨ ਦਰਜ ਕਰਵਾਉਂਦੇ ਹੋਏ ਮ੍ਰਿਤਕ ਦੇ ਜੀਜਾ ਬਲਵਿੰਦਰ ਸਿੰਘ ਪੁੱਤਰ ਗੁਰਦਿਆਲ ਸਿੰਘ ਵਾਸੀ ਪਿੰਡ ਸਿੰਗਲਾ ਥਾਣਾ ਅਮਰਗੜ੍ਹ ਜਿ਼ਲ੍ਹਾ ਮਾਲੇਰਕੋਟਲਾ ਨੇ ਦੱਸਿਆ ਕਿ ਗੁਰਜੀਤ ਸਿੰਘ ਖੇਤੀਬਾੜੀ ਦਾ ਕੰਮ ਕਰਦਾ ਸੀ। ਉਸ ਦਾ ਆਪਣੀ ਪਤਨੀ ਲਵਪ੍ਰੀਤ ਕੌਰ ਵਾਸੀ ਸੀਲੋ ਕਲਾਂ ਨਾਲ ਕਰੀਬ ਇਕ ਮਹੀਨਾ ਪਹਿਲਾਂ ਅਦਾਲਤ ਵਿੱਚ ਤਲਾਕ ਹੋ ਚੁੱਕਾ ਹੈ। ਉਸ ਦਾ ਲੜਕਾ ਜਸਕੀਰਤ ਸਿੰਘ (11) ਆਪਣੀ ਮਾਂ ਕੋਲ ਰਹਿੰਦਾ ਹੈ ਅਤੇ ਉਸ ਦੇ ਪਿਤਾ ਬਹਾਦਰ ਸਿੰਘ ਦੀ ਵੀ ਕਾਫੀ ਸਮਾਂ ਪਹਿਲਾਂ ਮੌਤ ਹੋ ਚੁੱਕੀ ਹੈ। ਉਹ ਘਰ ਵਿੱਚ ਆਪਣੀ ਬਿਰਧ ਮਾਤਾ ਸੁਰਿੰਦਰ ਕੌਰ ਨਾਲ ਰਹਿੰਦਾ ਸੀ। ਇਸ ਘਟਨਾ ਦੇ ਸਬੰਧ ਵਿੱਚ ਥਾਣਾ ਪਾਇਲ ਦੇ ਏ. ਐੱਸ. ਆਈ. ਸੁਰਜੀਤ ਸਿੰਘ ਵੱਲੋਂ ਧਾਰਾ 194 ਬੀ.



ਐੱਨ. ਐੱਸ. ਤਹਿਤ ਕਾਰਵਾਈ ਕਰਕੇ ਪੋਸਟਮਾਰਟਮ ਕਰਵਾਉਣ ਉਪਰੰਤ ਲਾਸ਼ ਵਾਰਸਾਂ ਹਵਾਲੇ ਕਰ ਦਿੱਤੀ ਹੈ। ਇਸ ਘਟਨਾ ਸਬੰਧੀ ਮਾਮਲੇ ਦੀ ਜਾਂਚ ਕਰ ਰਹੇ ਏ. ਐੱਸ. ਆਈ. ਸੁਰਜੀਤ ਸਿੰਘ ਨਾਲ ਗੱਲਬਾਤ ਕੀਤੀ ਗਈ ਤਾਂ ਉਨ੍ਹਾਂ ਇਸ ਮਾਮਲੇ ਦੀ ਪੁਸਟੀ ਕਰਦਿਆਂ ਦੱਸਿਆ ਕਿ ਮ੍ਰਿਤਕ ਦੇ ਜੀਜਾ ਬਲਵਿੰਦਰ ਸਿੰਘ ਨੇ ਪੁਲਸ ਨੂੰ ਸੂਚਿਤ ਕੀਤਾ ਕਿ ਉਹ ਆਪਣੀ ਪਤਨੀ ਮਨਦੀਪ ਕੌਰ ਨਾਲ ਆਪਣੇ ਸਹੁਰੇ ਪਿੰਡ ਘੁਡਾਣੀ ਕਲਾਂ ਆਇਆ ਹੋਇਆ ਸੀ। ਰਾਤ ਨੂੰ ਖਾਣਾ ਖਾਣ ਤੋਂ ਬਾਅਦ ਉਹ ਉਪਰ ਚੋਬਾਰੇ ਵਿੱਚ ਸੌਂ ਗਿਆ ਜਦੋਂ ਕਿ ਉਸ ਦਾ ਸਾਲਾ ਗੁਰਜੀਤ ਸਿੰਘ ਹੇਠਾਂ ਆਪਣੇ ਕਮਰੇ ਵਿੱਚ ਇਕੱਲਾ ਸੁੱਤਾ ਹੋਇਆ ਸੀ। ਸਵੇਰੇ 4 ਵਜੇ ਦੇ ਕਰੀਬ ਜਦੋਂ ਉਹ ਪਾਣੀ ਪੀਣ ਲਈ ਆਇਆ ਤਾਂ ਵੇਖਿਆ ਕਿ ਗੁਰਜੀਤ ਸਿੰਘ ਦੇ ਕਮਰੇ ਦਾ ਦਰਵਾਜਾ ਖੁੱਲ੍ਹਾ ਸੀ ਅਤੇ ਅੰਦਰ ਗੁਰਜੀਤ ਸਿੰਘ ਦੀ ਲਾਸ ਪੱਖੇ ਨਾਲ ਲਟਕ ਰਹੀ ਸੀ। ਬਾਅਦ ਵਿਚ ਜਦੋਂ ਉਸ ਨੂੰ ਹੇਠਾਂ ਉਤਾਰ ਕੇ ਜਾਂਚ ਕੀਤੀ ਗਈ ਤਾਂ ਉਸ ਸਮੇਂ ਤੱਕ ਉਸ ਦੀ ਮੌਤ ਹੋ ਚੁੱਕੀ ਸੀ। ਏ. ਐੱਸ. ਆਈ. ਸੁਰਜੀਤ ਸਿੰਘ ਨੇ ਮੌਕੇ 'ਤੇ ਪਹੁੰਚ ਕੇ ਲਾਸ ਨੂੰ ਆਪਣੇ ਕਬਜੇ 'ਚ ਲੈ ਕੇ ਸਿਵਲ ਹਸਪਤਾਲ ਪਾਇਲ ਤੋਂ ਪੋਸਟਮਾਰਟਮ ਕਰਵਾਉਣ ਉਪਰੰਤ ਲਾਸ ਵਾਰਸਾਂ ਹਵਾਲੇ ਕਰ ਦਿੱਤੀ ਗਈ।

## ਦੇਰ ਨਾਲ ਸਕੂਲ ਆਉਣ ਦੀ ਸਜਾ, ਪ੍ਰਿੰਸੀਪਲ ਨੇ ਕੱਟ ਦਿੱਤੇ ਵਿਦਿਆਰਥਣਾਂ ਦੇ ਵਾਲ

ਨੈਸ਼ਨਲ ਡੈਸਕ 22 ਨਵੰਬਰ। ਦੇਰ ਨਾਲ ਸਕੂਲ ਆਉਣ 'ਤੇ ਕੁਝ ਵਿਦਿਆਰਥਣਾਂ ਦੇ ਵਾਲ ਕੱਟਣ ਦੇ ਦੋਸ਼ 'ਚ ਇਕ ਸਰਕਾਰੀ ਸਕੂਲ ਦੀ ਪ੍ਰਿੰਸੀਪਲ ਨੂੰ ਮੁਅੱਤਲ ਕਰ ਦਿੱਤਾ ਗਿਆ ਹੈ। ਇਕ ਅਧਿਕਾਰੀ ਨੇ ਮੰਗਲਵਾਰ ਨੂੰ ਇਹ ਜਾਣਕਾਰੀ ਦਿੱਤੀ। ਇਹ ਵਾਰਦਾਤ ਆਂਧਰਾ ਪ੍ਰਦੇਸ਼ ਦੇ ਅੱਲੂਰੀ ਸੀਤਾਰਾਮ ਰਾਜੂ ਜਿ਼ਲ੍ਹੇ ਦੀ ਹੈ। ਸਟੇਟ ਪ੍ਰਾਜੈਕਟ ਡਾਇਰੈਕਟਰ ਬੀ. ਸ਼੍ਰੀਨਿਵਾਸ ਰਾਵ ਨੇ ਕਿਹਾ ਕਿ ਇਹ ਘਟਨਾ ਹਾਲ ਹੀ 'ਚ ਹੋਈ ਅਤੇ ਸੋਮਵਾਰ ਨੂੰ ਸਾਹਮਣੇ ਆਇਆ, ਜਿਸ ਤੋਂ ਬਾਅਦ ਵਿਭਾਗ ਨੇ ਯੂ ਸਾਈ ਪ੍ਰਸੰਨਾ ਖਿ਼ਲਾਫ ਜਾਂਚ ਸ਼ੁਰੂ ਕੀਤੀ। ਨਿਰਦੇਸ਼ਕ ਅਨੁਸਾਰ, ਇਹ ਘਟਨਾ ਅੱਲੂਰੀ ਸੀਤਾਰਾਮ ਰਾਜੂ ਜਿ਼ਲ੍ਹੇ ਦੇ ਜੀ ਮਦੁਗੁਲਾ ਸਥਿਤ ਕੁੜੀਆਂ ਦੇ ਰਿਹਾਇਸ਼ੀ ਸਕੂਲ ਕਸਤੂਰਬਾ ਗਾਂਧੀ ਬਾਲਿਕਾ ਸਕੂਲ (ਕੇਜੀਬੀਵੀ) 'ਚ ਵਾਪਰੀ। ਰਾਵ ਨੇ ਕਿਹਾ,"ਕੱਲ੍ਹ (ਸੋਮਵਾਰ) ਅਸੀਂ ਜਾਂਚ ਕੀਤੀ ਅਤੇ ਦੇਰ ਰਾਤ (ਸੋਮਵਾਰ) ਕਲੈਕਟਰ ਨੇ ਮੁਅੱਤਲੀ ਦੇ ਹੁਕਮ ਜਾਰੀ ਕਰ ਦਿੱਤੇ।" ਜਿ਼ਲ੍ਹਾ ਸਿੱਖਿਆ ਅਧਿਕਾਰੀ (ਡੀਈਓ) ਅਤੇ ਬਾਲਿਕਾ ਵਿਕਾਸ ਅਧਿਕਾਰੀ ਦੀ ਅਗਵਾਈ 'ਚ ਕੀਤੀ ਗਈ ਜਾਂਚ ਦੇ ਨਤੀਜੇ ਵਜੋਂ ਪ੍ਰਿੰਸੀਪਲ ਪ੍ਰਸੰਨਾ ਖਿ਼ਲਾਫ ਅਨੁਸ਼ਾਸਨਾਤਮਕ ਕਾਰਵਾਈ ਕੀਤੀ ਗਈ। ਮੁਅੱਤਲੀ ਦੇ ਹੁਕਮ 'ਚ ਕਿਹਾ ਗਿਆ ਹੈ ਕਿ ਪ੍ਰਿੰਸੀਪਲ (ਪ੍ਰਸੰਨਾ) ਨੇ ਕੁਝ ਵਿਦਿਆਰਥਣਾਂ ਦੇ ਵਾਲ ਕੱਟਣ ਦੀ ਗੱਲ ਸਵੀਕਾਰ ਕੀਤੀ ਹੈ, ਇਸਲਈ ਪਹਿਲੀ ਨਜਰ ਦੋਸ਼ ਸ਼ੱਕ ਤੋਂ ਪਰੇ ਸਾਬਿਤ ਹੋਇਆ ਹੈ।

# ਮਰਿਆ ਮੁਰਗਾ ਲੈ ਕੇ ਥਾਣੇ ਪਹੁੰਚ ਗਿਆ ਵਿਅਕਤੀ, ਕਹਿੰਦਾ ਕਰੋ ਮਾਮਲਾ ਦਰਜ

ਨੈਸ਼ਨਲ ਡੈਸਕ 22 ਨਵੰਬਰ। ਉੱਤਰ ਪ੍ਰਦੇਸ ਦੇ ਕੌਸਾਂਬੀ ਜਿ਼ਲ੍ਹੇ 'ਚ ਇਕ ਨੌਜਵਾਨ ਦੇ ਮੁਰਗੇ ਨਾਲ ਪਿਆਰ ਦੀ ਅਜੀਬ ਕਹਾਣੀ ਸਾਹਮਣੇ ਆਈ ਹੈ। ਨੌਜਵਾਨ ਨੂੰ ਮੁਰਗੇ ਨਾਲ ਇੰਨਾ ਪਿਆਰ ਸੀ ਕਿ ਉਹ ਇਸ ਦੇ ਕਾਤਲ ਨੂੰ ਸਜਾ ਦਿਵਾਉਣ ਲਈ ਥਾਣੇ ਗਿਆ ਅਤੇ ਸਿ਼ਕਾਇਤ ਦਰਜ ਕਰਵਾਉਣ ਅਤੇ ਕਤਲ ਦਾ ਮਾਮਲਾ ਦਰਜ ਕਰਵਾਉਣ 'ਤੇ ਅੜ ਗਿਆ। ਸਿ਼ਕਾਇਤ ਮਿਲਣ ਤੋਂ ਬਾਅਦ ਪੁਲਸ ਨੇ ਜਾਂਚ ਸੁਰੂ ਕਰ ਦਿੱਤੀ ਹੈ। ਪਿਪਰੀ ਥਾਣਾ ਖੇਤਰ ਦੇ ਜਵਾਈ ਪਿੰਡ ਵਾਸੀ ਸਿ਼ਵਰਾਮ ਪੁੱਤਰ ਭਈਲਾਲ ਮਜਦੂਰੀ ਕਰਦਾ ਹੈ। ਦੋਸ ਹੈ ਕਿ ਗੁਆਂਢੀ ਨੇ ਮੁਰਗੇ ਨੂੰ ਇੱਟ ਨਾਲ ਮਾਰ ਦਿੱਤਾ। ਇਸ ਕਾਰਨ ਮੁਰਗੇ ਦੀ ਮੌਤ ਹੋ ਗਈ। ਸੂਚਨਾ ਤੋਂ ਬਾਅਦ ਸਿ਼ਵਰਾਮ ਮੌਕੇ 'ਤੇ ਪਹੁੰਚੇ। ਜਦੋਂ ਉਹ ਇਸ ਦੀ ਸਿ਼ਕਾਇਤ ਕਰਨ ਆਪਣੇ ਗੁਆਂਢੀ ਦੇ ਘਰ ਪਹੁੰਚਿਆ ਤਾਂ ਮੁਲਜਮਾਂ ਨੇ ਉਸ ਨਾਲ ਦੁਰਵਿਵਹਾਰ ਕੀਤਾ ਅਤੇ ਕੁੱਟਮਾਰ ਕੀਤੀ। ਲੋਕਾਂ ਨੇ ਦਖਲ ਦੇ ਕੇ ਮਾਮਲਾ ਸਾਂਤ ਕਰਵਾਇਆ। ਨੌਜਵਾਨ ਮੁਲਜਮਾਂ ਖਿ਼ਲਾਫ ਕਤਲ ਦਾ ਕੇਸ ਦਰਜ



ਕਰਨ ਦੀ ਮੰਗ ਕਰ ਰਿਹਾ ਸੀ। ਜਾਣਕਾਰੀ ਅਨੁਸਾਰ ਧਾਰਾ 429 ਤਹਿਤ 50 ਰੁਪਏ ਤੋਂ ਵੱਧ ਕੀਮਤ ਵਾਲੇ ਪਾਲਤੂ ਜਾਨਵਰ ਨੂੰ ਮਾਰਨਾ ਅਤੇ ਕਿਸੇ ਵੀ ਤਰ੍ਹਾਂ ਨਾਲ ਛੇੜਛਾੜ ਕਰਨਾ ਕਾਨੂੰਨੀ ਜੁਰਮ ਹੈ। ਇਸ ਤਹਿਤ ਦੋਸੀਆਂ ਲਈ ਪੰਜ ਸਾਲ ਤੱਕ ਦੀ ਸਜਾ ਦਾ ਪ੍ਰਬੰਧ ਹੈ। ਸਿ਼ਵਰਾਮ ਖੁਦ ਮੁਰਗੇ ਦੀ ਦੇਖਭਾਲ ਕਰਦਾ ਸੀ, ਮੁਰਗੇ ਲਈ ਭੋਜਨ ਤੋਂ ਲੈ ਕੇ ਪਾਣੀ ਤੱਕ ਦਾ ਹਰ ਪ੍ਰਬੰਧ ਕਰਦਾ ਸੀ। ਅਜਿਹੇ 'ਚ ਜਦੋਂ ਗੁਆਂਢੀ ਨੇ ਮੁਰਗੇ ਨੂੰ ਮਾਰਿਆ ਤਾਂ ਸਿ਼ਵਰਾਮ ਹੈਰਾਨ ਰਹਿ ਗਿਆ ਅਤੇ ਮੁਰਗੇ ਨੂੰ ਮਾਰਨ ਵਾਲੇ ਗੁਆਂਢੀ ਨੂੰ ਸਜਾ ਦੇਣਾ ਚਾਹੁੰਦਾ ਸੀ। ਸਿ਼ਵਰਾਮ ਦਾ ਕਹਿਣਾ ਹੈ ਕਿ ਉਹ ਕਈ ਮਹੀਨਿਆਂ ਤੋਂ ਮੁਰਗੇ ਦੀ ਦੇਖਭਾਲ ਕਰ ਰਿਹਾ ਸੀ ਅਤੇ ਇਸ ਨੂੰ ਬਹੁਤ ਪਿਆਰ ਨਾਲ ਪਾਲਦਾ ਸੀ। ਮੁਰਗੇ ਦੀ ਮੌਤ ਤੋਂ ਬਾਅਦ ਸਿ਼ਵਰਾਮ ਕਾਫੀ ਦੁਖੀ ਹੈ, ਜਿਸ ਤੋਂ ਬਾਅਦ ਉਸ ਨੇ ਪੁਲਸ ਕੋਲ ਜਾ ਕੇ ਸਿ਼ਕਾਇਤ ਕੀਤੀ। ਇਸ ਮਾਮਲੇ ਵਿੱਚ ਪਿਪਰੀ ਥਾਣਾ ਇੰਚਾਰਜ ਬਲਰਾਮ ਸਿੰਘ ਨੇ ਦੱਸਿਆ ਕਿ ਮੁਰਗਾ ਮਾਰਨ ਦਾ ਮਾਮਲਾ ਸਾਹਮਣੇ ਆਇਆ ਹੈ। ਇਸ ਮਾਮਲੇ ਦੀ ਸਿ਼ਕਾਇਤ ਮਿਲੀ ਹੈ, ਸਿ਼ਕਾਇਤ ਦੇ ਆਧਾਰ 'ਤੇ ਜਾਂਚ ਕੀਤੀ ਜਾ ਰਹੀ ਹੈ ਅਤੇ ਇਸ ਮਾਮਲੇ 'ਚ ਕਾਰਵਾਈ ਕੀਤੀ ਜਾਵੇਗੀ।

## ਸ਼ਾਤਿਰ ਠੱਗਾਂ ਨੇ ਔਰਤ ਦੇ ਖਾਤੇ 'ਚੋਂ ਕਰਵਾ ਲਏ 3 ਲੱਖ ਰੁਪਏ

ਭਰਾੜੀ 22 ਨਵੰਬਰ। ਬਿਲਾਸਪੁਰ ਜਿ਼ਲ੍ਹੇ ਦੇ ਭਰੜੀ ਥਾਣਾ ਖੇਤਰ ਦੇ ਅਧੀਨ ਆਉਂਦੇ ਪਿੰਡ ਦੀ ਇਕ ਔਰਤ ਦੇ ਖਾਤੇ 'ਚੋਂ ਸਰਾਰਤੀ ਅਨਸਰਾਂ ਵਲੋਂ 3 ਲੱਖ ਰੁਪਏ ਤੋਂ ਜਿ਼ਆਦਾ ਦੀ ਰਕਮ ਕਢਵਾਉਣ ਦਾ ਮਾਮਲਾ ਸਾਹਮਣੇ ਆਇਆ ਹੈ। ਇਸ ਸਬੰਧੀ ਪੀੜਤ ਔਰਤ ਨੇ ਥਾਣਾ ਭਰਾੜੀ ਵਿਖੇ ਮਾਮਲਾ ਦਰਜ ਕਰਵਾਇਆ ਹੈ। ਦੱਸ ਦੇਈਏ ਕਿ ਪੁਲਸ ਥਾਣੇ 'ਚ ਦਿੱਤੀ ਸਿ਼ਕਾਇਤ 'ਚ ਪਾਂਥੇਹਰਾ ਗ੍ਰਾਮ ਪੰਚਾਇਤ ਅਧੀਨ ਪੈਂਦੇ ਪਿੰਡ ਦੀ ਰਹਿਣ ਵਾਲੀ ਔਰਤ ਨੇ ਕਿਹਾ ਕਿ ਉਸ ਦਾ ਖਾਤਾ ਬ੍ਰਾਂਚ ਹਟਵਾੜ 'ਚ ਹੈ। ਕਿਸੇ ਨੇ ਯੂਪੀਆਈ ਰਾਹੀਂ ਉਸ ਦੇ ਖਾਤੇ ਵਿੱਚੋਂ 3 ਲੱਖ ਰੁਪਏ ਤੋਂ ਵੱਧ ਦੀ ਰਕਮ ਗੈਰ-ਕਾਨੂੰਨੀ ਢੰਗ ਨਾਲ ਕਢਵਾ ਲਈ ਹੈ। ਔਰਤ ਨੇ ਦੱਸਿਆ ਕਿ ਉਸ ਦਾ ਸਿਮ ਕਾਰਡ ਜਿਸ ਖਾਤੇ ਨਾਲ ਲਿੰਕ ਹੈ, ਉਹ ਪਿਛਲੇ ਤਿੰਨ ਦਿਨਾਂ ਤੋਂ ਬੰਦ ਹੈ ਅਤੇ ਉਸ ਦਾ ਆਧਾਰ ਕਾਰਡ ਵੀ ਉਸੇ ਨੰਬਰ ਨਾਲ ਲਿੰਕ ਹੈ। ਇਸ ਘਟਨਾ ਦੇ ਸਬੰਧ ਵਿਚ ਉਸ ਨੇ 1930 ਨੰਬਰ 'ਤੇ ਸਿ਼ਕਾਇਤ ਵੀ ਦਰਜ ਕਰਵਾਈ ਹੈ। ਹੈਰਾਨੀ ਵਾਲੀ ਗੱਲ ਇਹ ਹੈ ਕਿ ਜਦੋਂ ਔਰਤ ਦਾ ਨੰਬਰ ਬੰਦ ਸੀ ਤਾਂ ਇੰਨੀ ਵੱਡੀ ਰਕਮ ਕਿਵੇਂ ਕਢਵਾਈ ਜਾ ਸਕਦੀ ਹੈ। ਪੁਲਸ ਇਨ੍ਹਾਂ ਸਾਰੇ ਤੱਥਾਂ ਦੀ ਜਾਂਚ ਕਰ ਰਹੀ ਹੈ। ਥਾਣਾ ਸਦਰ ਦੇ ਇੰਚਾਰਜ ਦੇਵਾਨੰਦ ਸਰਮਾ ਨੇ ਦੱਸਿਆ ਕਿ ਭਾਰਤੀ ਨਿਆਂ ਸੰਹਿਤਾ ਦੀ ਧਾਰਾ 318 (4) ਤਹਿਤ ਮਾਮਲਾ ਦਰਜ ਕਰ ਲਿਆ ਗਿਆ ਹੈ ਅਤੇ ਮਾਮਲੇ ਦੀ ਬਾਰੀਕੀ ਨਾਲ ਜਾਂਚ ਕੀਤੀ ਜਾ ਰਹੀ ਹੈ ਅਤੇ ਇਸ ਮਾਮਲੇ ਵਿੱਚ ਸਾਈਬਰ ਸੈੱਲ ਦੀ ਮਦਦ ਵੀ ਲਈ ਜਾ ਰਹੀ ਹੈ।

# ਮਾਲ ਗੱਡੀ ਨੂੰ ਪਲਟਾਉਣ ਦੀ ਸਾਜਿਸ, ਰੇਲਵੇ ਟ੍ਰੈਕ 'ਤੇ ਰੱਖੇ ਕੰਕਰੀਟ ਦੇ ਖੰਭੇ

ਨੈਸ਼ਨਲ ਡੈਸਕ 22 ਨਵੰਬਰ। ਸਨੀਵਾਰ ਨੂੰ ਇੱਕ ਵਾਰ ਫਿਰ ਉੱਤਰ ਪ੍ਰਦੇਸ ਵਿੱਚ ਇੱਕ ਟਰੇਨ ਨੂੰ ਪਲਟਾਉਣ ਦੀ ਸਾਜਿ਼ਸ ਰਚੀ ਗਈ। ਬਦਮਾਸਾਂ ਨੇ ਰੇਲਵੇ ਟ੍ਰੈਕ 'ਤੇ ਕੰਕਰੀਟ ਦਾ ਖੰਭਾ ਲਗਾ ਕੇ ਟਰੇਨ ਨੂੰ ਹਾਦਸਾਗ੍ਰਸਤ ਕਰਨ ਦੀ ਯੋਜਨਾ ਬਣਾਈ ਸੀ। ਇਸ ਕਾਰਨ ਬਰੇਲੀ ਵੱਲ ਆ ਰਹੀ ਇੱਕ ਮਾਲ ਗੱਡੀ ਪਲਟਣ ਤੋਂ ਬਚ ਗਈ। ਹਾਲਾਂਕਿ ਮਾਲ ਗੱਡੀ ਦਾ ਇੰਜਣ ਖਰਾਬ ਹੋ ਗਿਆ ਹੈ। ਜਦਕਿ ਪਾਇਲਟ ਨੇ ਐਮਰਜੈਂਸੀ ਬ੍ਰੇਕ ਲਗਾ ਕੇ ਵੱਡਾ ਹਾਦਸਾ ਹੋਣ ਤੋਂ ਟਲ ਗਿਆ। ਰੇਲਵੇ ਮੁਤਾਬਕ ਬਰੇਲੀ ਦੇ ਸਾਂਥਲ-ਭੋਜੀਪੁਰਾ ਸਟੇਸਨ ਦੇ ਵਿਚਕਾਰ ਮਾਲ ਗੱਡੀ ਨੂੰ ਕਿਸੇ ਨੇ ਪਲਟਾਉਣ ਦੀ ਸਾਜਿ਼ਸ ਰਚੀ ਸੀ। ਇਹ ਘਟਨਾ ਦੀਬਨਪੁਰ ਰੇਲਵੇ ਸਟੇਸਨ ਤੋਂ ਕੁਝ ਦੂਰੀ 'ਤੇ ਵਾਪਰੀ। ਮਾਲ ਗੱਡੀ ਦੀਬਨਪੁਰ ਤੋਂ ਬਰੇਲੀ ਵੱਲ ਆ ਰਹੀ ਸੀ। ਇਸ ਦੇ ਨਾਲ ਹੀ ਦੀਬਨਪੁਰ ਨੇੜੇ ਟਰੇਨ ਹਾਦਸੇ ਤੋਂ ਬਚ ਗਈ ਅਤੇ ਵੱਡਾ ਹਾਦਸਾ ਹੋਣੋਂ ਟਲ ਗਿਆ। ਹਾਲਾਂਕਿ ਰੇਲਵੇ ਟਰੈਕ 'ਤੇ ਲੱਗੇ ਕੰਕਰੀਟ ਦੇ ਖੰਭੇ ਰਹੀ ਸੀ ਤਾਂ ਪਾਇਲਟ ਨੇ ਇੰਜਣ ਨਾਲ ਕਿਸੇ ਚੀਜ ਦੇ ਟਕਰਾਉਣ ਦੀ ਆਵਾਜ ਸੁਣੀ। ਲੋਕੋ ਪਾਇਲਟ ਨੇ ਤੇਜੀ ਨਾਲ ਟਰੇਨ ਰੋਕ ਦਿੱਤੀ।



ਨਾਲ ਇੰਜਣ ਨੂੰ ਨੁਕਸਾਨ ਪਹੁੰਚਿਆ ਹੈ। ਰੇਲਵੇ ਮੁਤਾਬਕ ਦੀਬਨਪੁਰ ਰੇਲਵੇ ਸਟੇਸਨ ਤੋਂ ਕੁਝ ਦੂਰੀ 'ਤੇ ਜਦੋਂ ਮਾਲ ਗੱਡੀ ਲੰਘ ਡਰਾਈਵਰ ਨੇ ਤੁਰੰਤ ਐਮਰਜੈਂਸੀ ਬ੍ਰੇਕ ਲਗਾ ਕੇ ਟਰੇਨ ਨੂੰ ਰੋਕਿਆ ਅਤੇ ਇਸ ਵੱਡੀ ਸਾਜਿ਼ਸ ਨੂੰ ਨਾਕਾਮ ਕਰ ਦਿੱਤਾ।


**NAME CHANGE**
I, SH AUTAR SINGH Father of JC-413677X Rank-SUB MAJ Name-BHAGAT SINGH presently residing at VILL-BILTIYA SUKOLI TALLI, PO-DHAUNTIYAL, DIST-PAURI GARHWAL, UTTARAKHAND-246155 have changed my name from SH AUTAR SINGH to AVTAR SINGH for all future purposes vide affidavit dated 12/03/2024 before Notary Public, Delhi.

**NAME CHANGE**
I, KRISHAN KANTA W/o IC-29820P (Late) Col SHIV KUMAR (Retd.) R/O H-104, VIVEK VIHAR, NEAR KENDRIYA VIHAR-2, SEC-82, NOIDA, SALARPUR, GAUTAM BUDDHA NAGAR, UTTAR PRADESH-201304 have changed my name from KRISHAN KANTA to KRISHAN KANTA RANDEV for all future purposes vide Affidavit Dated 12/03/2024 before Notary Public, Delhi.

**PUBLIC NOTICE**
It is for general information that I, BALJEET SINGH S/o GURCHARAN SINGH R/o 12/32, Geeta Colony, East Delhi-110031 declare that name of mine, my wife and my minor daughter has been wrongly written as BALJEET SINGH CHUGH, GURPREET KAUR CHUGH, JASLEEN KAUR CHUGH in my minor daughter JASLEEN KAUR aged 16 years in her 10th class Educational Documents. The actual name of mine, my wife and my minor daughter are BALJEET SINGH, GURPREET KAUR and JASLEEN KAUR respectively, which may be amended accordingly.

**NAME CHANGE**
I, SANTOSH KUMAR S/O VISHVA NATH PRASAD residing at PLOT NO-58&59, FLAT NO-B-2, STREET NO-5, HAVENS GARDEN MATIALA, DELHI-110059 have changed my name to SANTOSH KUMAR GUPTA for all future purposes

**PUBLIC NOTICE**
Information is given to general public at large that our client M/s Aspire Buildwell through prop. Mr. Karan Dudeja S/o Mr. Satish Kumar Dudeja is the owner of Freehold Residential Plot area measuring 309.49 sq. mtrs., out of Khata No. 195, Khasra No. 233K (87 sq. mtrs.,), & Khasra No. 236 (222.5 sq. mtrs.,), & Plot area measuring 108.69 sq. mtrs., out of Khasra No. 232Kh, Situated at Village - Jalpura, Pargana & Tehsil Dadri, Distt. Gautam Budh Nagar, U.P: Vide Sale Deed dated 03/05/2023 duly registered in the office of SR Dadri, as Doc No. 15787, Book No. 01, Vol No. 23442, Page Nos. 309-330 & Sale Deed dated 03/05/2023 duly registered in the office of SR Dadri, as Doc No. 15786, Book No. 01, Vol No. 23442, Page Nos. 287-308, it is stated that Mr. Rakesh Chandra Aggarwal & Mr. Rakesh Baranwal had purchased above said property as HUF but further they have sold invaluably, now our client is declaring that any other person does not have any right over the said property, which is to be financed by ICICI Home Finance Co. Ltd. Branch: Laxmi Nagar, Delhi. If any person(s) have any objection(s) or claim(s) with respect to the right, title or interest in the Said Property then contact us within 07 days from the date of Publication of this notice and or the same to the undersigned if found by any one. Thereafter no claim shall be entertained
**[NAVEEN KUMAR VERMA]**
Advocate
F-211, Sector-3,
Vaishali, Ghaziabad,
Uttar Pradesh-201010
(Contact at 09958871432)

**NAME CHANGE**
I, DATTATRAY NAGOJI PATIL father of NO-JC-379904X SUB MAJ PATIL MAHENDRA DATTATRAY R/O VILL-BONJURDI, PO-ADKUR, TEH-CHANDGAD, DISTT-KOLHAPUR, MH-416509, have changed my name from DATTATRAY NAGOJI PATIL to DATTA NAGOJI PATIL for all future purposes and in my son's service record my date of birth wrongly mentioned as 01/07/1953 instead of my correct date of birth as 17/01/1950 Vide Affidavit dated 29/11/2022 Before Notary Public, Delhi.

**NAME CHANGE**
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

**NAME CHANGE**
I, ANITA BANSAL W/O PAWAN BANSAL residing at B-504, MAYURDHWAJ APARTMENT, I.P EXTN. EAST DELHI-110092 have Change my name to ANITA RANI BANSAL for all future purpose.

**PUBLIC NOTICE**
I Jyoti pal W/O Sunil Kumar R/O WZ-125, Village Begumpur, North West Delhi , -110086.declare that name of mine has been wrongly written as Jyoti in my minor Daughter Yashika aged 14 years in her school cords and birth certificate no MCDOLR09368299 .The actual my name is Jyoti Pal.

**NAME CHANGE**
I, PUNNAM DEVI Wife of No-14913053K Rank-HAV Name-NARENDER SINGH R/O C-7, LAXMI GARDEN, NAJAFGARH, NEW DELHI-110043 have changed my name from PUNNAM DEVI to POONAM DEVI for all future purposes vide Affidavit Dated 30/09/2023 before Executive Magistrate, Delhi.

**NAME CHANGE**
I, NEETAS DEVI Wife of No-3204848W Rank-HAV Name-DHARMENDRA SINGH R/O VILL-BISHUNDAS, PO-MURSAN, DISTT-HATHRAS, U.P-204213 have changed my name from NEETAS DEVI to NITESH DEVI for all future purposes vide Affidavit Dated 30/09/2023 before Notary Public, Delhi.

**NAME CHANGE**
I, SIDDHARATH RANA S/O BHAGWAN RANA residing at H NO-1074, SIRASPUR, DELHI-110042 have changed my name to SIDDHARTH RANA for all future purpose.

**NAME CHANGE**
I, ANITA W/o NO- 2806617A HAV TANGADKAR SUBHASH SITARAM R/o VPO-GHARGAON, TEH-SANGAMNER, DISTT-AHMADNAGAR, MAHARASHTRA-422620, have changed my name from ANITA to ANITA SUBHASH TANGADKAR for all future purposes vide Affidavit dated 29/11/2022 before Notary Public Delhi.

**NAME CHANGE**
I Manoj Ram S/o Ram Bilash Ram R/o Flat No-6, Tower-8,Hamelia Street,IRIS,Vatika City, Sector-49, Gurgaon, Haryana-122018, Have Changed My Name To Manoj Kumar For All Purpose

**NAME CHANGE**
I Taran Preet Singh Kochhar S/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Taranpreet Singh and Surname Kochhar for all purpose.



**ਉਤਰ ਰੇਲਵੇ**

**ਈ-ਨਿਵਿਦਾ**
**ਜੀ.ਈ.ਐਮ ਪੋਰਟਲ ਦੇ ਮਾਧਿਅਮ ਨਾਲ ਨਿਵਿਦਾ ਮੰਗ**

| | |
|---|---|
| GEM ID No. | GEM-Bid No. GEM/2024/B/5541808, 5579732, 5579713 & 5578901 |
| ਕੰਮ ਦਾ ਨਾਮ (ਸਥਾਨ ਦੇ ਨਾਲ) | 1. ਐਸਐਸਈ/ਡਬਲਯੂ/ਡੀਈਈ, ਐਸਐਸਈ/ਡਬਲਯੂ/ਜੀਜੀਐਨ, ਐਸਐਸਈ/ਡਬਲਯੂ/ ਐਲ/ਐਚਐਨਜੇਡਐਮ, ਐਸਐਸਈ/ਡਬਲਯੂ/ਐਮ/ਟੀਕੇਡੀ, ਐਸਐਸਈ/ਡਬਲਯੂ/ ਦੇ ਅਨੁਭਾਗ ਵਿਚ ਸੇਵਾ ਭਵਨ ਅਤੇ ਕਰਮਚਾਰੀ ਕਵਾਟਰਾਂ ਦੇ ਰਹਿਣ ਯੋਗ ਸਥਿਤੀ ਪ੍ਰਦਾਨ ਕਰਨ ਦੇ ਲਈ ਰਖਰਖਾਅ ਗਤੀਵਿਧੀਆਂ ਦੀ ਆਉਟਸੋਰਸਿੰਗ ਐਫਡੀਬੀ, ਐਸਐਸਈ/ ਡਬਲਯੂ/ਈ/ਟੀਕੇਡੀ, ਐਸਐਸਈ/ਡਬਲਯੂ/ ਐਚਐਨਜੇਡਐਮ ਐਸਟੀਐਨ। ਅਤੇ ਐਸਐਸਈ/ ਡਬਲਯੂ/ ਡੀਈਈ ਐਸਟੀਐਨ। ਏਡੀਈਐਨ/ਡੀਈਈ, ਐਚਐਨਜੇਡਐਮ ਅਤੇ ਟੀਕੇਡੀ ਦੇ ਤਹਿਤ ਦਾ ਕੰਮ। **ਕੰਮ ਦੀ ਸਮਾਨ ਨੇਚਰ:** ਟ੍ਰੈਕ ਕੰਮ ਦੇ ਇਲਾਵਾ ਪਰਿਸੰਪਤੀਆਂ ਦੇ ਰਖਰਖਾਅ ਦੇ ਲਈ ਕਾਰੀਗਰ/ਮਾਲੀ ਅਤੇ ਸਹਾਇਕ ਖਲਾਸੀ ਆਦਿ ਦੀ ਜਨਸ਼ਕਤੀ ਸਪਲਾਈ ਨਾਲ ਜੁੜਿਆ ਕੋਈ ਵੀ ਕੰਮ।<br>2. ਸਹਾਇਕ ਮੰਡਲ ਇੰਜੀਨੀਅਰ/ਦਿੱਲੀ ਤੁਗਲਕਾਬਾਦ ਦੇ ਅਨੁਭਾਗ ਵਿਚ 2 ਸਾਲ ਦੇ ਸਮੇਂ ਦੇ ਲਈ ਦੈਨਿਕ ਰਖਰਖਾਅ ਕੰਮ ਦੇ ਲਈ ਪੀ.ਵੇ. ਸਮਗਰੀ ਵਿਵਿਧ ਦੀ ਅਗਵਾਈ ਦੇ ਲਈ ਮਲਟੀਯੂਟਿਲਿਟੀ ਵਾਹਨਾਂ ਅਤੇ ਟ੍ਰਕਾਂ ਨੂੰ ਕਿਰਾਏ ਤੇ ਲੈਣ ਦਾ ਕੰਮ। **ਕੰਮ ਦੀ ਸਮਾਨ ਨੇਚਰ:** ਕੋਈ ਇੰਜੀਨੀਅਰਿੰਗ ਕੰਮ ਦਾ ਪਰਿਵਹਨ ਕੰਮ।<br>3. ਸਹਾਇਕ ਮੰਡਲ ਇੰਜੀਨੀਅਰ/ਦਿੱਲੀ ਸਰਾਏ ਰੋਹਿਲਾ ਦੇ ਅਨੁਭਾਗ ਵਿਚ 2 ਸਾਲ ਦੇ ਸਮੇਂ ਦੇ ਲਈ ਦੈਨਿਕ ਰਖਰਖਾਅ ਕੰਮ ਦੇ ਲਈ ਪੀ.ਵੇ. ਸਮਗਰੀ, ਵਿਵਿਧ ਦੀ ਅਗਵਾਈ ਦੇ ਲਈ ਮਲਟੀਯੂਟਿਲਿਟੀ ਵਾਹਨਾਂ ਅਤੇ ਟ੍ਰਕਾਂ ਨੂੰ ਕਿਰਾਏ ਤੇ ਲੈਣ ਦਾ ਕੰਮ। **ਕੰਮ ਦੀ ਸਮਾਨ ਨੇਚਰ:** ਕੋਈ ਇੰਜੀਨੀਅਰਿੰਗ ਕੰਮ ਦਾ ਪਰਿਵਹਨ ਕੰਮ।<br>4. ਸਹਾਇਕ ਮੰਡਲ ਇੰਜੀਨੀਅਰ/ਹਜਰਤ ਨਿਜਾਮੂਦੀਨ ਦੇ ਅਨੁਭਾਗ ਵਿਚ 2 ਸਾਲ ਦੇ ਸਮੇਂ ਦੇ ਲਈ ਦੈਨਿਕ ਰਖਰਖਾਅ ਕੰਮ ਦੇ ਲਈ ਪੀ.ਵੇ. ਸਮਗਰੀ, ਵਖ-ਵਖ ਦੀ ਅਗਵਾਈ ਦੇ ਲਈ ਮਲਟੀਯੂਟਿਲਿਟੀ ਵਾਹਨਾਂ ਅਤੇ ਟ੍ਰਕਾਂ ਨੂੰ ਕਿਰਾਏ ਤੇ ਲੈਣਾ ਦਾ ਕੰਮ। **ਕੰਮ ਦੀ ਸਮਾਨ ਨੇਚਰ:** ਕੋਈ ਇੰਜੀਨੀਅਰਿੰਗ ਕੰਮ ਦਾ ਪਰਿਵਹਨ ਕੰਮ। |
| ਕੰਮ ਦੀ ਅੰਦਾਜਨ ਲਾਗਤ (ਰੁ) | 1. ₹4,13,23,520.03 2. ₹1,18,83,135.88 3. ₹1,16,62,894.87 4. ₹72,70,870.04 |
| ਅਗਾਊਂਰਾਸ਼ੀ (ਰੁ) | 1. ₹3,56,600/- 2. ₹2,09,400/- 3. ₹2,08,300/- 4. ₹1,45,400/- |
| ਕੰਮ ਦਾ ਸਮਾਪਤੀ ਸਮਾਂ | 1. 12 Months 2. 24 Months 3. 24 Months 4. 24 Months |
| ਨਿਵਿਦਾ ਪੇਸ਼ ਕਰਨ ਅਤੇ ਨਿਵਿਦਾ ਖੋਹਲਣ ਦੇ ਲਈ ਮਿਤੀ ਅਤੇ ਸਮਾਂ | 13.12.2024 ਨੂੰ 15.00 ਵਜੇ ਤਕ ਅਤੇ 13.12.2024 ਨੂੰ 15.30 ਵਜੇ ਨਿਵਿਦਾ ਖੁਲਣਾ ਹੈ। |
| ਵੈਬਸਾਈਟ ਦੇ ਵੇਰਵੇ ਦਾ ਨੋਟਿਸ ਬੋਰਡ ਸਥਾਨ ਟੈਂਡਰ ਦਾ ਪੂਰਾ ਵੇਰਵਾ ਵੇਖਿਆ ਜਾ ਸਕਦਾ ਹੈ | ਇਹ ਨਿਵਿਦਾ ਜੀ.ਈ.ਐਮ. ਵੈਬਸਾਈਟ ਯਾਨੀ . www.gem.gov.in 'ਤੇ ਉਪਲਬਧ ਹੈ। |

ਨੰ.: GEM-Bid No. GEM/2024/B/5541808, 5579732, 5579713 & 5578901 ਤਾਰੀਕ : 20.11.2024 3590/2024

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ



**ਉਤਰ ਰੇਲਵੇ**

**ਖੁਲ੍ਹੀ ਨਿਵਿਦਾ ਸੂਚਨਾ**

ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਤੋਂ ਸੀਨੀਅਰ ਮੰਡਲ ਇੰਜੀਨੀਅਰ/ਤਾਲਮੇਲ, ਮੰਡਲ ਰੇਲ ਪ੍ਰਬੰਧਕ ਦਫਤਰ ਉਤਰ ਰੇਲਵੇ, ਨਵੀਂ ਦਿੱਲੀ ਦੁਆਰਾ ਨਿਮਨ ਕੰਮ ਦੇ ਲਈ e-ਨਿਵਿਦਾ ਮੰਗ ਕੀਤੀ ਜਾਂਦੀ ਹੈ।

| ਲ. ਨੰ. | ਕੰਮ ਦਾ ਨਾਮ | ਅੰਦਾਜਨ ਲਾਗਤ | ਬਿਆਨਾ ਰਾਸ਼ੀ | ਸਮਾਪਨ ਅਵਧੀ | ਨਿਵਿਦਾ ਖੁਲਣ ਦੀ ਮਿਤੀ |
|---|---|---|---|---|---|
| 1 | ਦਿੱਲੀ ਡਵੀਜਨ ਤੇ ਸਮੂਹ 'ਏ' ਮਾਰਗਾਂ ਤੇ ਟ੍ਰੈਕ ਆਧਾਰਿਤ ਗੇਜ ਫੇਸ ਰੇਲ ਸਨੇਹਕ ਦੀ ਸਪਲਾਈ, ਸਥਾਪਨਾ, ਕਮਿਸ਼ਨਿੰਗ ਅਤੇ ਸੰਚਾਲਨ (5 ਸਾਲਾਂ ਦੇ ਲਈ ਕੰਮ/ ਨਿਵਿਦਾ ਨੰਬਰ 23-ਵਰਕਸ ਤਾਲਮੇਲ-24-25) | ਰੁ. 5,66,31,182.40 | ਰੁ. 4,33,200.00 | 60 ਮਹੀਨੇ | 17.12.2024 |
| 2 | ਦਿੱਲੀ ਡਵੀਜਨ ਤੇ ਸਮੂਹ 'ਬੀ' ਮਾਰਗਾਂ ਤੇ ਟ੍ਰੈਕ ਆਧਾਰਿਤ ਗੇਜ ਫੇਸ ਰੇਲ ਸਨੇਹਕ ਦੀ ਸਪਲਾਈ, ਸਥਾਪਨਾ, ਕਮਿਸ਼ਨਿੰਗ ਅਤੇ ਸੰਚਾਲਨ (5 ਸਾਲਾਂ ਦੇ ਲਈ ਕੰਮ/ (ਨਿਵਿਦਾ ਨੰਬਰ-25-ਵਰਕਸ ਤਾਲਮੇਲ-24-25) | ਰੁ. 6,96,99,916.80 | ਰੁ. 4,98,500.00 | 60 ਮਹੀਨੇ | 17.12.2024 |

ਸੂਚਨਾ : ਨਿਵਿਦਾ ਰੇਲਵੇ ਦੀ ਵੈਬਸਾਈਟ www.ireps.gov.in 'ਤੇ ਉਪਲਬਧ ਹੈ ਅਤੇ ਇਸੇ ਵੈਬਸਾਈਟ ਤੇ 17.12.2024 ਨੂੰ 15:00 ਵਜੇ ਤਕ ਹੀ ਭਰੀ ਜਾਏਗੀ।
ਪੱਤਰ ਨੰ.-128-ਡਬਲਯੂ/ਵੰ.ਮੰ.ਇੰਜੀ./ਨੰ./ ਨਿਵਿਦਾ-23 ਅਤੇ 25-24-25 ਡਬਲਯੂ ਸੀ ਮਿਤੀ-22.11.2024 3603/2024

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ



**ਦਫ਼ਤਰ ਮੁੱਖ ਚੋਣ ਅਧਿਕਾਰੀ**
**ਪੁਰਾਣਾ ਸੇਂਟ ਸਟੀਫਨ ਕੱਲਜ ਬਿਲਡਿੰਗ, ਕਸ਼ਮੀਰੀ ਗੇਟ, ਦਿੱਲੀ-110006**

**ਕਿਸੇ ਵੀ ਵੋਟਰ ਨੂੰ ਛੱਡਿਆ ਨਹੀਂ ਜਾਣਾ ਚਾਹੀਦਾ**

**ਜਨਤਕ ਨੋਟਿਸ**

ਆਮ ਜਨਤਾ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਸਾਰੇ ਰਹਿ ਗਏ/ਅਣ-ਰਜਿਸਟਰਡ ਯੋਗ ਨਾਗਰਿਕਾਂ ਨੂੰ ਵੋਟਰ ਸੂਚੀ ਵਿੱਚ ਆਪਣੇ ਨਾਮ ਦਰਜ ਕਰਵਾਉਣ ਦੀ ਸਹੂਲਤ ਦੇਣ ਲਈ 23 ਨਵੰਬਰ, 2024 (ਸ਼ਨੀਵਾਰ) ਅਤੇ 24 ਨਵੰਬਰ, 2024 (ਐਤਵਾਰ) ਨੂੰ ਸਾਰੇ ਪੋਲਿੰਗ ਸਟੇਸਨਾਂ ਅਤੇ ਸਾਰੇ ਵੋਟਰ ਸੂਚੀਆਂ ਦੀ ਚੱਲ ਰਹੀ ਵਿਸ਼ੇਸ਼ ਸੰਖੇਪ ਸੁਧਾਈ ਦੇ ਤਹਿਤ ਵੋਟਰ ਕੇਂਦਰ ਵਿਖੇ 01.01.2025 ਨੂੰ ਯੋਗਤਾ ਮਿਤੀ ਵਜੋਂ ਵਿਸ਼ੇਸ਼ ਕੈਂਪ ਲਗਾਇਆ ਜਾ ਰਿਹਾ ਹੈ। ਵੋਟਰ ਕੇਂਦਰਾਂ ਅਤੇ ਪੋਲਿੰਗ ਸਟੇਸ਼ਨਾਂ ਦੀ ਸੂਚੀ https://ceodelhi.gov.in 'ਤੇ ਉਪਲਬਧ ਹੈ।

ਦਿੱਲੀ ਦੇ ਸਾਰੇ ਨਾਗਰਿਕ ਜਿਨ੍ਹਾਂ ਦੀ ਉਮਰ 18 ਸਾਲ ਹੋ ਗਈ ਹੈ ਜਾਂ 01.01.2025 ਤੱਕ 18 ਸਾਲ ਦੀ ਉਮਰ ਪੂਰੀ ਕਰਨ ਵਾਲੇ ਹਨ, ਇਨ੍ਹਾਂ ਵਿਸ਼ੇਸ਼ ਕੈਂਪਾਂ ਵਿੱਚ ਫਾਰਮ-6 ਵਿੱਚ ਅਪਲਾਈ ਕਰ ਸਕਦੇ ਹਨ।

ਕੋਈ ਵੀ ਯੋਗ ਨਾਗਰਿਕ ਜੋ ਸਾਲ 2025, 'ਚ ਭਾਵ 1 ਅਪ੍ਰੈਲ 2025, 1 ਜੁਲਾਈ 2025 ਜਾਂ 1 ਅਕਤੂਬਰ 2025 ਵਿੱਚ ਕਿਸੇ ਵੀ ਅਗਲੀ ਯੋਗਤਾ ਮਿਤੀ ਨੂੰ ਜਾਂ ਇਸ ਤੋਂ ਪਹਿਲਾਂ 18 ਸਾਲ ਦੀ ਉਮਰ ਨੂੰ ਪ੍ਰਾਪਤ ਕਰਨ ਜਾ ਰਿਹਾ ਹੈ, ਉਹ ਵੀ ਫਾਰਮ-6 ਵਿੱਚ ਆਪਣਾ ਨਾਮ ਸ਼ਾਮਲ ਕਰਨ ਲਈ ਦਾਅਵਾ ਦਾਇਰ ਕਰ ਸਕਦਾ ਹੈ। ਹਾਲਾਂਕਿ, ਅਜਿਹੇ ਪੇਸ਼ਗੀ ਫਾਰਮਾਂ ਦਾ ਨਿਪਟਾਰਾ ਸਬੰਧਤ ਤਿਮਾਹੀ ਦੇ ਪਹਿਲੇ ਮਹੀਨੇ ਵਿੱਚ ਹੀ ਕੀਤਾ ਜਾਵੇਗਾ।

**ਬੇਨਤੀ**

1. 01.10.2025 ਤੱਕ 18 ਸਾਲ ਦੀ ਉਮਰ ਪ੍ਰਾਪਤ ਕਰਨ ਵਾਲੇ ਸਾਰੇ ਨਵੇਂ ਆਵੇਦਕ ਕ੍ਰਿਪਾ ਫੱਾਰਮ-6 'ਚ ਆਵੇਦਨ ਕਰਨ।
2. EPIC 'ਚ ਸੁਧਾਰ/ਪ੍ਰਤਿਸਥਾਪਨ/ਸਥਾਨਾਂਤਰਣ/ਦਿਵਿਆਂਗ ਵਿਅਕਤੀਆਂ ਦੇ ਚਿਨ੍ਹਾਂਕਨ ਦੇ ਲਈ ਫੱਾਰਮ-8 ਦੇ ਮਾਧਿਅਮ ਤੋਂ ਆਵੇਦਨ ਕਰਨ
3. ਕਿਸੇ ਵੀ ਹਲਕੇ ਵਿੱਚ ਇੱਕ ਤੋਂ ਵੱਧ ਜਾਂ ਇੱਕ ਤੋਂ ਵੱਧ ਵਾਰ ਵੋਟਰ ਸੂਚੀ ਵਿੱਚ ਨਾਂ ਨਾ ਰੱਖੋ। ਇਹ ਲੋਕ ਪ੍ਰਤੀਨਿਧਤਾ ਐਕਟ, 1950 ਦੀ ਧਾਰਾ 17 ਅਤੇ 18 ਦੇ ਤਹਿਤ ਸਜਾਯੋਗ ਅਪਰਾਧ ਹੈ। ਫਾਰਮ-7 ਵਿੱਚ ਇਕ ਤੋਂ ਵੱਧ ਮਲਟੀਪਲ ਐਂਟਰੀਆਂ ਨੂੰ ਹਟਾਉਣ ਲਈ ਅਰਜੀ ਦਿਓ।
4. ਆਵੇਦਨ ਈਸੀਆਈ ਦੇ ਵੋਟਰ ਪੋਰਟਲ https://voters.eci.gov.in ਜਾਂ ਵੋਟਰ ਹੈਲਪਲਾਈਨ ਐਪ /ਸਕਸ਼ਮ ਐਪ (ਦਿਵਯਾਂਗਜਨ) 'ਤੇ ਆਨਲਾਈਨ ਕੀਤਾ ਜਾ ਸਕਦਾ ਹੈ।
5. ਇਹਨਾਂ ਵੈੱਬਸਾਈਟਾਂ ਤੋਂ ਨਿਰਧਾਰਿਤ ਫਾਰਮ ਡਾਉਨਲੋਡ ਕਰੋ ਜਾਂ ਵੋਟਰ ਕੇਂਦਰ ਤੋਂ ਇਕੱਤਰ ਕਰੋ ਅਤੇ ਉਹਨਾਂ ਨੂੰ ਆਪਣੇ ਵਿਧਾਨ ਸਭਾ ਹਲਕੇ ਦੇ ਵੋਟਰ ਕੇਂਦਰ ਜਾਂ ਆਪਣੇ ਪੋਲਿੰਗ ਕੇਂਦਰ ਦੇ ਸਥਾਨ 'ਤੇ ਜਮ੍ਹਾਂ ਕਰੋ, ਜਿਸ ਦੀ ਸੂਚੀ www.ceodelhi.gov.in 'ਤੇ ਉਪਲਬਧ ਹੈ।
6. ਆਮ ਲੋਕਾਂ ਨੂੰ ਇਹ ਵੀ ਸੂਚਿਤ ਕੀਤਾ ਜਾਂਦਾ ਹੈ ਕਿ ਕੇਵਲ ਵੋਟਰ ਆਈਡੀ ਕਾਰਡ ਰੱਖਣ ਨਾਲ ਹੀ ਵੋਟਰ ਨੂੰ ਚੋਣਾਂ ਦੌਰਾਨ ਆਪਣੀ ਵੋਟ ਪਾਉਣ ਦਾ ਹੱਕ ਨਹੀਂ ਮਿਲਦਾ। ਵੋਟਰ ਦਾ ਨਾਮ ਅੱਪਡੇਟ ਕੀਤੀ ਵੋਟਰ ਸੂਚੀ ਵਿੱਚ ਮੌਜੂਦ ਹੋਣਾ ਚਾਹੀਦਾ ਹੈ। ਇਸ ਅਨੁਸਾਰ, ਹਰੇਕ ਵੋਟਰ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਹੇਠਾਂ ਦਿੱਤੇ ਕਿਸੇ ਵੀ ਢੰਗ ਨਾਲ ਡਰਾਫਟ ਵੋਟਰ ਸੂਚੀ ਵਿੱਚ ਆਪਣਾ ਨਾਮ ਜਾਂਚ ਕਰ ਲੋ :-

| | | |
|---|---|---|
| ਔਨਲਾਈਨ | : | https://electralsearch.eci.gov.in 'ਤੇ ਜਾਓ |
| ਮੋਬਾਈਲ ਐਪ | : | ਨਾਮ ਅਤੇ ਹੋਰ ਚੋਣ ਸੇਵਾਵਾਂ ਦੀ ਖੋਜ ਲਈ "ਵੋਟਰ ਹੈਲਪਲਾਈਨ"। ਦਿਵਯਾਂਗਜਨਾਂ ਲਈ ਸਕਸ਼ਮ ਐਪ ( ਈਸੀਆਈ ਦੀ ਪੂਰੀ ਤਰ੍ਹਾਂ ਪਹੁੰਚਯੋਗ ਮੋਬਾਈਲ ਐਪ) |
| ਹੈਲਪਲਾਈਨ | : | 1950 'ਤੇ ਕਾਲ ਕਰੋ |

ਐਸ ਡੀ/-
ਮੁੱਖ ਚੋਣ ਅਧਿਕਾਰੀ, ਦਿੱਲੀ

DIP/Shabdarth/Classified/0275/24-25

## ਸੰਪਾਦਕੀ

# ਮਹਾਰਾਸ਼ਟਰ ਦੇ ਸਿਆਸੀ ਤੇ ਚੁਣਾਵੀ ਖੇਤਰ ਵਿੱਚ ਉਥਲ-ਪੁਥਲ

ਪਿਛਲੀ ਵਾਰ ਜਦੋਂ 2019 ਦੀਆਂ ਮਹਾਰਾਸ਼ਟਰ ਵਿਧਾਨ ਸਭਾ ਦੀਆਂ ਚੋਣਾਂ ਹੋਈਆਂ ਸਨ ਤਾਂ ਇੱਕ ਪਾਸੇ ਭਾਰਤੀ ਜਨਤਾ ਪਾਰਟੀ ਅਤੇ ਸ਼ਿਵਸੈਨਾ ਦਾ ਗੱਠਜੋੜ ਖੜ੍ਹਾ ਸੀ; ਦੂਜੇ ਪਾਸੇ ਕਾਂਗਰਸ ਅਤੇ ਰਾਸ਼ਟਰਵਾਦੀ ਕਾਂਗਰਸ ਪਾਰਟੀ (ਐੱਨਸੀਪੀ) ਦਾ ਗੱਠਜੋੜ ਮੁਕਾਬਲਾ ਕਰ ਰਿਹਾ ਸੀ।

ਉਦੋਂ ਤੋਂ ਲੈ ਕੇ ਹੁਣ ਤੱਕ ਬਾਂਦਰਾ ਵਰਲੀ ਸਾਗਰ ਲਿੰਕ ਦੇ ਪੁਲ ਹੇਠੋਂ ਬਹੁਤ ਸਾਰਾ ਪਾਣੀ ਵਹਿ ਚੁੱਕਿਆ ਹੈ। ਪਿਛਲੇ ਕੁਝ ਸਾਲਾਂ ਦੌਰਾਨ ਮਹਾਰਾਸ਼ਟਰ ਦੇ ਸਿਆਸੀ ਤੇ ਚੁਣਾਵੀ ਖੇਤਰ ਵਿੱਚ ਜਿੰਨੀ ਉਥਲ-ਪੁਥਲ ਹੋਈ ਹੈ, ਸ਼ਾਇਦ ਓਨੀ ਹੋਰ ਕਿਸੇ ਸੂਬੇ ਵਿੱਚ ਨਹੀਂ ਹੋਈ। ਇਸ ਵਾਰ 2024 ਦੇ ਚੋਣ ਯੁੱਧ ਵਿੱਚ ਇੱਕ ਪਾਸੇ ਮਹਾਯੁਤੀ ਗੱਠਜੋੜ ਹੈ ਜਿਸ ਵਿਚ ਭਾਜਪਾ, ਏਕਨਾਥ ਸ਼ਿੰਦੇ ਦੀ ਅਗਵਾਈ ਵਾਲਾ ਸ਼ਿਵਸੈਨਾ ਦਾ ਧੜਾ ਤੇ ਅਜੀਤ ਪਵਾਰ ਦੀ ਅਗਵਾਈ ਵਾਲਾ ਐੱਨਸੀਪੀ ਦਾ ਧੜਾ ਸ਼ਾਮਿਲ ਹਨ; ਦੂਜੇ ਪਾਸੇ ਮਹਾ ਵਿਕਾਸ ਅਗਾੜੀ (ਐੱਮਵੀਏ) ਗੱਠਜੋੜ ਉੱਭਰ ਕੇ ਸਾਹਮਣੇ ਆਇਆ ਹੈ ਜਿਸ ਵਿੱਚ ਕਾਂਗਰਸ, ਊਧਵ ਠਾਕਰੇ ਦੀ ਅਗਵਾਈ ਵਾਲਾ ਸ਼ਿਵਸੈਨਾ ਦਾ ਧੜਾ ਅਤੇ ਸਾਬਕਾ ਮੁੱਖ ਮੰਤਰੀ ਸ਼ਰਦ ਪਵਾਰ ਦੀ ਅਗਵਾਈ ਵਾਲੀ ਰਾਸ਼ਟਰਵਾਦੀ ਕਾਂਗਰਸ ਪਾਰਟੀ ਸ਼ਾਮਿਲ ਹਨ। ਮਹਾ ਵਿਕਾਸ ਅਗਾੜੀ ਸਰਕਾਰ ਢਾਈ ਸਾਲ ਕਾਇਮ ਰਹੀ ਜਦੋਂ ਏਕਨਾਥ ਸ਼ਿੰਦੇ ਨੇ ਸ਼ਿਵਸੈਨਾ ਅੰਦਰ ਆਪਣੀ ਹੀ ਸਰਕਾਰ ਖ਼ਿਲਾਫ਼ ਬਗ਼ਾਵਤ ਕਰ ਦਿੱਤੀ ਸੀ ਅਤੇ ਭਾਜਪਾ ਨਾਲ ਗੰਢ-ਤੁਪ ਕਰ ਕੇ ਨਵੀਂ ਸਰਕਾਰ ਬਣਾ ਲਈ। ਕੁਝ ਸਮੇਂ ਬਾਅਦ ਅਜੀਤ ਪਵਾਰ ਵੀ ਸ਼ਿੰਦੇ ਦੇ ਨਕਸ਼ੇ ਕਦਮ ’ਤੇ ਚਲਦੇ ਹੋਏ ਸਰਕਾਰ ਵਿੱਚ ਸ਼ਾਮਿਲ ਹੋ ਗਏ।

ਹੁਣ ਜਦੋਂ ਦੋਵੇਂ ਗੱਠਜੋੜਾਂ ਨੂੰ ਢਾਈ-ਢਾਈ ਸਾਲ ਸਰਕਾਰ ਚਲਾਉਣ ਦਾ ਮੌਕਾ ਮਿਲ ਚੁੱਕਿਆ ਹੈ ਤਾਂ ਵੋਟਰਾਂ ਨੂੰ ਇਸ ਗੱਲ ਦਾ ਚੰਗੀ ਤਰ੍ਹਾਂ ਪਤਾ ਲੱਗ ਗਿਆ ਹੈ ਕਿ ਦੋਵਾਂ ਸਰਕਾਰਾਂ ਦਾ ਕੰਮ-ਕਾਜ ਕਿਹੋ ਜਿਹਾ ਰਿਹਾ ਅਤੇ ਉਨ੍ਹਾਂ ਦੇ ਤੌਰ-ਤਰੀਕਿਆਂ ਵਿੱਚ ਕਿੰਨਾ ਕੁ ਫ਼ਰਕ ਹੈ। ਵੋਟਰਾਂ ਨੂੰ ਆਸ ਹੈ ਕਿ ਪਿਛਲੀਆਂ ਵਿਧਾਨ ਸਭਾ ਚੋਣਾਂ ਤੋਂ ਬਾਅਦ ਜਿਹੋ ਜਿਹਾ ਸੱਤਾ ਦਾ ਖੇਡ ਹੋਇਆ ਸੀ, ਉਸ ਦਾ ਇਸ ਵਾਰ ਦੁਹਰਾਅ ਨਹੀਂ ਹੋਵੇਗਾ। ਉਦੋਂ ਸ਼ਿਵਸੈਨਾ ਦੇ ਵਿਧਾਇਕਾਂ ਦੀ ਸੰਖਿਆ ਭਾਵੇਂ ਭਾਜਪਾ ਨਾਲੋਂ ਘੱਟ ਸੀ ਪਰ ਸ਼ਿਵਸੈਨਾ ਨੇ ਦਾਅ ਖੇਡ ਕੇ ਸਰਕਾਰ ਵਿੱਚ ਮੋਹਰੀ ਭੂਮਿਕਾ ਅਖ਼ਤਿਆਰ ਕਰ ਲਈ ਸੀ ਜਿਸ ਨੂੰ ਭਾਜਪਾ ਕਦੇ ਭੁੱਲ ਨਹੀਂ ਸਕੀ। ਉਂਝ, ਇਸ ਤਰ੍ਹਾਂ ਦੀ ਪੁਜ਼ੀਸ਼ਨ ਪਿਛਲੀ ਵਾਰ ਬਿਹਾਰ ਵਿਧਾਨ ਸਭਾ ਦੀਆਂ ਚੋਣਾਂ ਵੇਲੇ ਵੀ ਬਣੀ ਸੀ ਜਦੋਂ ਭਾਜਪਾ ਸਭ ਤੋਂ ਵੱਡੀ ਪਾਰਟੀ ਬਣ ਕੇ ਉੱਭਰੀ ਸੀ ਪਰ ਉਸ ਨੇ ਘੱਟ ਸੀਟਾਂ ਵਾਲੀ ਜਨਤਾ ਦਲ (ਯੂ) ਦੇ ਆਗੂ ਨਿਤੀਸ਼ ਕੁਮਾਰ ਨੂੰ ਮੁੱਖ ਮੰਤਰੀ ਦਾ ਅਹੁਦਾ ਦੇ ਕੇ ਸਰਕਾਰ ਵਿੱਚ ਜੂਨੀਅਰ ਭਿਆਲ ਬਣ ਕੇ ਰਹਿਣ ਦਾ ਰਾਹ ਅਪਣਾ ਲਿਆ ਸੀ। ਭਾਜਪਾ ਇਸ ਸਭ ਦੌਰਾਨ ਕਾਫੀ ਸਰਗਰਮ ਰਹੀ ਹੈ। ਇਹ ਮਹਾਰਾਸ਼ਟਰ ’ਚ ਮਜ਼ਬੂਤ ਹੋ ਕੇ ਉੱਭਰੀ ਕਿਉਂਕਿ ਇਸ ਨੂੰ ਦੂਜੀਆਂ ਧਿਰਾਂ ਨੂੰ ਕਮਜ਼ੋਰ ਕਰਨ ਦਾ ਤਰੀਕਾ ਆ ਗਿਆ ਹਾਲਾਂਕਿ ਇਹ ਆਪਣੇ ਸਾਥੀ ਦਲਾਂ ’ਤੇ ਮੁਕੰਮਲ ਭਰੋਸਾ ਰੱਖ ਕੇ ਨਹੀਂ ਚੱਲ ਸਕਦੀ।

ਪਿਛਲੇ ਕੁਝ ਸਾਲਾਂ ’ਚ ਸੂਬੇ ਦੀ ਸਿਆਸਤ ਕਾਫੀ ਉਥਲ-ਪੁਥਲ ਦਾ ਸ਼ਿਕਾਰ ਰਹੀ ਹੈ ਤੇ ਕਈ ਦਲ ਦੋਫਾੜ ਹੋਏ ਹਨ, ਕਈ ਪ੍ਰਮੁੱਖ ਨੇਤਾ ਵੀ ਪੁਰਾਣੀਆਂ ਧਿਰਾਂ ਨਾਲੋਂ ਟੁੱਟ ਕੇ ਕਦੇ ਸੱਤਾਧਾਰੀ ਗੱਠਜੋੜ ਤੇ ਕਦੇ ਵਿਰੋਧੀ ਧਿਰ ਦਾ ਹਿੱਸਾ ਬਣਦੇ ਰਹੇ ਹਨ। ਇਸ ਤਰ੍ਹਾਂ ਸੂਬੇ ਦਾ ਸਿਆਸੀ ਮਾਹੌਲ ਨਾਟਕੀ ਅਤੇ ਸੰਵੇਦਨਸ਼ੀਲ ਰਿਹਾ ਹੈ। ਜਾਂਚ ਏਜੰਸੀਆਂ ਨੇ ਵੀ ਭ੍ਰਿਸ਼ਟਾਚਾਰ ਤੇ ਹੋਰ ਦੋਸ਼ਾਂ ’ਚ ਵਿਰੋਧੀ ਧਿਰਾਂ ਦੇ ਕਈ ਆਗੂਆਂ ਨੂੰ ਲਪੇਟੇ ’ਚ ਲਈ ਰੱਖਿਆ ਹੈ। ਸ਼ਿਵਸੈਨਾ ’ਚ ਫੁੱਟ ਪੈਣ ਤੋਂ ਬਾਅਦ ਇਸ ਦੇ ਦੋ ਧੜੇ ਊਧਵ ਠਾਕਰੇ ਅਤੇ ਏਕਨਾਥ ਸ਼ਿੰਦੇ ਦੀ ਅਗਵਾਈ ਵਿੱਚ ਬਣੇ ਸਨ। ਏਕਨਾਥ ਸ਼ਿੰਦੇ ਨੇ ਮਗਰੋਂ ਭਾਜਪਾ ਨਾਲ ਗੱਠਜੋੜ ਕਰ ਕੇ ਸਰਕਾਰ ਬਣਾਈ ਅਤੇ ਆਪਣੀ ਪੁਰਾਣੀ ਧਿਰ (ਊਧਵ ਗਰੁੱਪ) ਨੂੰ ਸੱਤਾ ਤੋਂ ਲਾਂਭੇ ਕਰ ਦਿੱਤਾ। ਹੁਣ ਤੱਕ ਉਹ ਇਸ ਗੱਠਜੋੜ ਦੇ ਮੁੱਖ ਮੰਤਰੀ ਵਜੋਂ ਵਿਚਰ ਰਹੇ ਸਨ। ਇਸੇ ਤਰ੍ਹਾਂ ਰਾਸ਼ਟਰਵਾਦੀ ਕਾਂਗਰਸ ਪਾਰਟੀ (ਐੱਨਸੀਪੀ) ਵੀ ਫੁੱਟ ਦਾ ਸ਼ਿਕਾਰ ਹੋਈ ਜਦੋਂ ਅਜੀਤ ਪਵਾਰ ਆਪਣੇ ਚਾਚੇ ਸ਼ਰਦ ਪਵਾਰ ਨਾਲੋਂ ਟੁੱਟ ਕੇ ਵੱਖ ਹੋ ਗਏ। ਇਸ ਤਰ੍ਹਾਂ ਐੱਨਸੀਪੀ ਦੇ ਦੋ ਧੜੇ ਅਜੀਤ ਅਤੇ ਸ਼ਰਦ ਦੀ ਅਗਵਾਈ ਵਿੱਚ ਬਣ ਗਏ ਤੇ ਅਜੀਤ ਧੜਾ ਸੱਤਾਧਾਰੀ ਗੱਠਜੋੜ ਦਾ ਹਿੱਸਾ ਬਣਿਆ। ਇਨ੍ਹਾਂ ਪਾਰਟੀਆਂ ਦੇ ਚੋਣ ਨਿਸ਼ਾਨਾਂ ਦਾ ਰੇੜਕਾ ਸੁਪਰੀਮ ਕੋਰਟ ਤੱਕ ਵੀ ਪਹੁੰਚਿਆ।

ਇਸ ’ਚ ਕੋਈ ਸ਼ੱਕ ਵਾਲੀ ਗੱਲ ਨਹੀਂ ਕਿ ਏਕਾ ਵਰਤਮਾਨ ਚੋਣਾਂ ਦਾ ਸਭ ਤੋਂ ਮਹੱਤਵਪੂਰਨ ਥੀਮ ਹੈ, ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੀ ‘ਏਕ ਹੈਂ ਤੋ ਸੇਫ ਹੈਂ’ ਦਾ ਨਾਅਰਾ ਲਾ ਰਹੇ ਹਨ। ਹਾਲਾਤ ਦਾ ਵਿਅੰਗ ਇਹ ਹੈ ਕਿ ਇਹ ਨਾਅਰਾ ਸਿਰਫ਼ ਵੋਟਰਾਂ ਉੱਤੇ ਲਾਗੂ ਨਹੀਂ ਹੁੰਦਾ ਬਲਕਿ ਦੋਵਾਂ ਗੱਠਜੋੜਾਂ ਲਈ ਵੀ ਪੂਰਾ ਢੁੱਕਵਾਂ ਹੈ। ਦੋਵੇਂ ਗੱਠਜੋੜ ਇਕਜੁੱਟਤਾ ਨਾਲ ਸੱਤਾ ਹਾਸਲ ਕਰਨ ਦੀ ਪੂਰੀ ਕੋਸ਼ਿਸ਼ ਕਰ ਰਹੇ ਹਨ। ਝਾਰਖੰਡ ਵਿੱਚ ਭਾਜਪਾ ਦੀ ਸਥਿਤੀ ਥੋੜ੍ਹੀ ਮਜ਼ਬੂਤ ਲੱਗ ਰਹੀ ਹੈ ਜਿੱਥੇ ਨਾਰਾਜ਼ ਸਾਬਕਾ ਮੁੱਖ ਮੰਤਰੀ ਚੰਪਈ ਸੋਰੇਨ ਪਾਰਟੀ ਵਿੱਚ ਸ਼ਾਮਿਲ ਹੋ ਗਏ ਹਨ ਅਤੇ ਵਰਤਮਾਨ ਮੁੱਖ ਮੰਤਰੀ ਹੇਮੰਤ ਸੋਰੇਨ ਨੂੰ ਭ੍ਰਿਸ਼ਟਾਚਾਰ ਦੇ ਦੋਸ਼ਾਂ ਵਿੱਚ ਐਨਫੋਰਸਮੈਂਟ ਡਾਇਰੈਕਟੋਰੇਟ (ਈਡੀ) ਦੀ ਮਾਰ ਸਹਿਣੀ ਪੈ ਰਹੀ ਹੈ। ਇਸ ਤੋਂ ਪਹਿਲਾਂ ਏਜੰਸੀ ਨੇ ਉਨ੍ਹਾਂ ਨੂੰ ਗ੍ਰਿਫ਼ਤਾਰ ਵੀ ਕੀਤਾ ਸੀ ਅਤੇ ਉਨ੍ਹਾਂ ਨੂੰ ਮੁੱਖ ਮੰਤਰੀ ਦੇ ਅਹੁਦੇ ਤੋਂ ਅਸਤੀਫ਼ਾ ਦੇਣਾ ਪਿਆ ਸੀ। ਕਾਂਗਰਸ ਦੀ ਸਾਖ ਵੀ ਉੱਥੇ ਦਾਅ ਉੱਤੇ ਲੱਗੀ ਹੋਈ ਹੈ ਕਿਉਂਕਿ ਇਹ ਝਾਰਖੰਡ ਮੁਕਤੀ ਮੋਰਚਾ (ਜੇਐੱਮਐੱਮ) ਦੀ ਅਗਵਾਈ ਵਿੱਚ ਸੱਤਾਧਾਰੀ ਗੱਠਜੋੜ ਦਾ ਹਿੱਸਾ ਹੈ। ਦੋਵੇਂ ਧਿਰਾਂ ਨੇ ਰਾਜ ਵਿੱਚ ਸਫ਼ਲਤਾ ਨਾਲ ਗੱਠਜੋੜ ’ਚ ਪੂਰਾ ਕਾਰਜਕਾਲ ਕੱਢਿਆ ਹੈ। ਇਸੇ ਦੌਰਾਨ ਦੋਹਾਂ ਸੂਬਿਆਂ ਵਿਚ ਭਾਜਪਾ ਆਗੂਆਂ ਦੇ ਭਾਸ਼ਣਾਂ ’ਤੇ ਸਵਾਲੀਆ ਨਿਸ਼ਾਨ ਵੀ ਲੱਗੇ ਹਨ; ਇੱਥੋਂ ਤੱਕ ਕਿ ਪ੍ਰਧਾਨ ਮੰਤਰੀ ਅਤੇ ਕੇਂਦਰੀ ਗ੍ਰਹਿ ਮੰਤਰੀ ਨੇ ਵੋਟਾਂ ਦੇ ਧਰੁਵੀਕਰਨ ਲਈ ਬਹੁਤ ਉਕਸਾਊ ਬੋਲਬਾਣੀ ਦਾ ਇਸਤੇਮਾਲ ਕੀਤਾ।

ਵਿਰੋਧੀ ਧਿਰਾਂ ਦੇ ਗੁੱਟ ‘ਇੰਡੀਆ’ ਲਈ ਅਜੇ ਤੱਕ ਇਹ ਸਾਲ ਵਧੀਆ ਹੀ ਰਿਹਾ ਹੈ (ਹਰਿਆਣਾ ਦੇ ਝਟਕੇ ਨੂੰ ਛੱਡ ਕੇ) ਅਤੇ ਇਸ ਨੂੰ ਉਮੀਦ ਹੈ ਕਿ ਹੁਣ ਮਹਾਰਾਸ਼ਟਰ ਅਤੇ ਝਾਰਖੰਡ ਵਿੱਚ ਵੀ ਇਹ ਐੱਨਡੀਏ ਨੂੰ ਜੜ੍ਹੋਂ ਪੁੱਟ ਸੁੱਟੇਗਾ। ਇਉਂ ਇਨ੍ਹਾਂ ਦੋਹਾਂ ਸੂਬਿਆਂ ਅੰਦਰ ਭਾਜਪਾ ਅਤੇ ਕਾਂਗਰਸ ਦਾ ਵੱਕਾਰ ਦਾਅ ’ਤੇ ਲੱਗਿਆ ਹੋਇਆ ਹੈ। ਇਹ ਵੀ ਕਿਹਾ ਜਾ ਸਕਦਾ ਹੈ ਕਿ ਦੋਹਾਂ ਸੂਬਿਆਂ ਦੇ ਚੋਣ ਨਤੀਜੇ ਇਨ੍ਹਾਂ ਦੋਹਾਂ ਪਾਰਟੀਆਂ ਦੀ ਭਵਿੱਖ ਦੀ ਸਿਆਸਤ ਤੈਅ ਕਰਨਗੇ ਕਿਉਂਕਿ ਲੋਕ ਸਭਾ ਚੋਣਾਂ ਵਿੱਚ ਕਾਂਗਰਸ ਦੀ ਕਾਰਗੁਜ਼ਾਰੀ ਮੁਕਾਬਲਤਨ ਚੰਗੀ ਰਹੀ ਸੀ ਅਤੇ ਭਾਜਪਾ ਪੂਰਾ ਜ਼ੋਰ ਲਾਉਣ ਦੇ ਬਾਵਜੂਦ ਮਿਥਿਆ ਟੀਚਾ ਹਾਸਲ ਕਰਨ ਵਿੱਚ ਨਾਕਾਮ ਰਹੀ ਸੀ। ਇਨ੍ਹਾਂ ਚੋਣਾਂ ਨੇ ਸਾਬਿਤ ਕਰ ਦਿੱਤਾ ਸੀ ਕਿ ਕਾਂਗਰਸ ਜੇਕਰ ਵਿਆਪਕ ਰਣਨੀਤੀ ਬਣਾਵੇ ਅਤੇ ਹਮਖਿਆਲ ਧਿਰਾਂ ਨੂੰ ਇੱਕ ਮੰਚ ’ਤੇ ਲੈ ਆਵੇ ਤਾਂ ਮੁਲਕ ਪੱਧਰ ’ਤੇ ਭਾਜਪਾ ਦੇ ਬਰਾਬਰ ਖੜ੍ਹੀ ਹੋ ਸਕਦੀ ਹੈ। ਇਸ ਵੱਲੋਂ ਦੋਹਾਂ ਸੂਬਿਆਂ ਅੰਦਰ ਬਿਠਾਇਆ ਤਾਲਮੇਲ ਅਗਾਮੀ ਚੋਣਾਂ ਲਈ ਮਿਸਾਲ ਬਣ ਸਕਦਾ ਹੈ।

# ਡੇਂਗੂ ਤੋਂ ਬਚਾਅ ਲਈ ਜ਼ਿਲ੍ਹਾ ਨਿਵਾਸੀ ਅਤੇ ਵੱਖ-ਵੱਖ ਵਿਭਾਗਾਂ ਦਾ ਸਹਿਯੋਗ ਜ਼ਰੂਰੀ ਸਿਵਲ ਸਰਜਨ ਬਰਨਾਲਾ

**ਬਰਨਾਲਾ, 22 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਸਿਹਤ ਵਿਭਾਗ ਦੇ ਕਰਮਚਾਰੀਆਂ ਦੀਆਂ ਸਪੈਸ਼ਲ ਟੀਮਾਂ ਬਣਾ ਕੇ ਨਰਸਿੰਗ ਸਟੂਡੈਂਟਸ ਅਤੇ ਸਕੂਲੀ ਵਿਦਿਆਰਥੀਆਂ ਦੇ ਸਹਿਯੋਗ ਨਾਲ 22 ਨਵੰਬਰ ਤੱਕ ਡੇਂਗੂ ਵਿਰੁੱਧ ਸਪੈਸ਼ਲ ਮੁਹਿੰਮ ਚਲਾ ਕੇ ਸ਼ਹਿਰੀ ਅਤੇ ਸਲੱਮ ਏਰੀਏ ’ਚ ਘਰ-ਘਰ ਜਾ ਕੇ ਸਰਵੇ ਕੀਤਾ ਜਾ ਰਿਹਾ ਹੈ ਤਾਂ ਜੋ ਲੋਕਾਂ ਨੂੰ ਡੇਂਗੂ ਦੇ ਵਧ ਰਹੇ ਪ੍ਰਕੋਪ ਤੋਂ ਬਚਾਇਆ ਜਾ ਸਕੇ ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾਂ ਸਿਵਲ ਸਰਜਨ ਬਰਨਾਲਾ ਡਾ.ਤਪਿੰਦਰਜੋਤ ਕੌਸ਼ਲ ਵੱਲੋਂ ਜਾਣਕਾਰੀ ਦਿੰਦੇ ਸਮੇਂ ਕੀਤਾ ਗਿਆ।

ਡਾ. ਮੁਨੀਸ਼ ਕੁਮਾਰ ਜ਼ਿਲ੍ਹਾ ਐਪੀਡਿਮਾਲੋਜਿਸਟ ,ਗੁਰਮੇਲ ਸਿੰਘ ਢਿੱਲੋਂ ਅਤੇ ਸੁਰਿੰਦਰ ਸਿੰਘ ਸਿਹਤ ਸੁਪਰਵਾਇਜਰ ਨੇ ਦੱਸਿਆ ਕਿ ਜ਼ਿਲ੍ਹਾ ਬਰਨਾਲਾ ’ਚ ਇਸ ਸੀਜਨ ਦੌਰਾਨ 67 ਟੀਮਾਂ ਵੱਲੋਂ 1 ਲੱਖ 26 ਹਜਾਰ ਘਰਾਂ ਦਾ ਸਰਵੇ ਕੀਤਾ ਗਿਆ ਅਤੇ ਘਰਾਂ ਦੇ ਵਿੱਚ ਅਤੇ ਘਰਾਂ ਤੋਂ ਬਾਹਰ ਪਾਣੀ ਇਕੱਠਾ ਹੋਣ ਵਾਲੇ 1 ਲੱਖ 87 ਹਜਾਰ 812 ਕੰਟੇਨਰ ਚੈੱਕ ਕੀਤੇ ਗਏ ਇਸ ਦੌਰਾਨ ਜਿਨ੍ਹਾਂ ਥਾਂਵਾਂ ’ਤੇ ਲਾਰਵਾ ਮਿਲਿਆ ਜਿਸ ਨੂੰ ਸਮੇਂ-ਸਮੇਂ ’ਤੇ ਸਿਹਤ ਵਿਭਾਗ ਦੀਆਂ ਟੀਮਾਂ ਵੱਲੋਂ ਲਾਰਵੀਸਾਈਡ ਸਪਰੇਅ ਨਾਲ ਨਸ਼ਟ ਕਰਵਾ ਦਿੱਤਾ ਗਿਆ।

ਪਾਣੀ ਗਲੀਆਂ ਨਾਲੀਆਂ ਵਿੱਚ ਇਕੱਠਾ ਹੋਣ ਕਾਰਨ ਅਤੇ ਘਰਾਂ ,ਦੁਕਾਨਾਂ , ਹੋਰ ਥਾਂਵਾਂ ’ਤੇ ਗਮਲੇ,ਕੂਲਰ, ਟਾਇਰ,ਘੜੇ ,ਫਰਿੱਜ ਦੀ ਬੈਕ ਟਰੇਅ, ਖੇਲਾਂ ਆਦਿ ਵਿੱਚ ਜਿਆਦਾ ਦਿਨ ਖੜ੍ਹ ਜਾਣ ਕਾਰਨ ਮੱਛਰ ਪੈਦਾ ਹੋ ਜਾਂਦਾ ਹੈ ਜਿਸ ਕਾਰਨ ਡੇਂਗੂ,ਮਲੇਰੀਆ ਫੈਲਦਾ ਹੈ।ਮਲੇਰੀਆ ਡੇਂਗੂ ਤੋਂ ਬਚਾਅ ਲਈ ਖੜੇ ਪਾਣੀ ਦੇ ਸੋਮੇ ਨਸ਼ਟ ਕਰਕੇ ਜਾਂ ਕਾਲਾ ਤੇਲ ਪਾ ਕੇ ਹਫਤੇ ’ਚ ਇੱਕ ਦਿਨ ਸਿਹਤ ਵਿਭਾਗ ਵੱਲੋਂ ਸ਼ੁੱਕਰਵਾਰ ਨੂੰ ਖੁਸ਼ਕ ਦਿਨ (ਡਰਾਈ ਡੇ ਫਰਾਈ ਡੇ) ਵਜੋਂ ਮਨਾ ਕੇ ਸਾਰੇ ਪਾਣੀ ਵਾਲੇ ਬਰਤਨਾਂ ਨੂੰ ਸੁਕਾਉਣ ਬਾਰੇ ਜਾਗਰੂਕ ਕੀਤਾ ਜਾਂਦਾ ਹੈ। ਜੇਕਰ ਕਿਸੇ ਨੂੰ ਕਾਂਬੇ ਨਾਲ ਬੁਖਾਰ,ਸਿਰ ਦਰਦ,ਅੱਖਾਂ ਦੇ ਪਿਛਲੇ ਹਿੱਸੇ ’ਚ ਦਰਦ,ਮਾਸ ਪੇਸੀਆਂ ’ਚ ਦਰਦ, ਸ਼ਰੀਰ ’ਤੇ ਲਾਲ ਰੰਗ ਦੇ ਧੱਫੜ,ਨੱਕ ਜਾਂ ਮੂੰਹ ਚੋਂ ਖੂਨ ਆਉਣਾ ਆਦਿ ਲੱਛਣ ਹੋਣ ਤਾਂ ਤੁਰੰਤ ਡਾਕਟਰੀ ਸਲਾਹ ਅਨੁਸਾਰ ਇਲਾਜ ਕਰਾਉਣਾ ਚਾਹੀਦਾ ਹੈ।

ਕੁਲਦੀਪ ਸਿੰਘ ਮਾਨ ਜ਼ਿਲ੍ਹਾ ਮਾਸ ਮੀਡੀਆ ਤੇ ਸੂਚਨਾ ਅਫ਼ਸਰ ਅਤੇ ਹਰਜੀਤ ਸਿੰਘ ਜ਼ਿਲ੍ਹਾ ਬੀ ਸੀ ਸੀ ਕੋਆਰਡੀਨੇਟਰ ਨੇ ਦੱਸਿਆ ਕਿ ਬਰਨਾਲਾ ਸਹਿਰ ’ਚ ਸਿਹਤ ਵਿਭਾਗ ਦੀਆਂ ਟੀਮਾਂ ’ਚ ਮਨਪ੍ਰੀਤ ਸ਼ਰਮਾ,ਗੁਰਮੇਲ ਸਿੰਘ,ਗਣੇਸ਼ ਦੱਤ , ਚਮਕੌਰ ਸਿੰਘ,ਗੁਲਾਬ ਸਿੰਘ ਸਿਹਤ ਕਰਮਚਾਰੀਆਂ ਵੱਲੋਂ ਨਰਸਿੰਗ ਸਟੂਡੈਂਟਸ ਅਤੇ ਸਕੂਲੀ ਵਿਦਿਆਰਥੀਆਂ ਦੇ ਸਹਿਯੋਗ ਨਾਲ ਡੇਂਗੂ ਸਬੰਧੀ ਜਾਗਰੂਕ ਕੀਤਾ ਗਿਆ ਅਤੇ ਲਾਰਵਾ ਚੈੱਕ ਕੀਤਾ ਗਿਆ ਅਤੇ ਜਿਸ ਜਗ੍ਹਾ ’ਤੇ ਲਾਰਵਾ ਮਿਲਿਆ ਤਾਂ ਤੁਰੰਤ ਲਾਰਵੀਸਾਈਡ ਦਾ ਸਪਰੇਅ ਕਰਵਾ ਕੇ ਨਸ਼ਟ ਕਰਵਾ ਦਿੱਤਾ ਗਿਆ।ਘਰ-ਘਰ ਜਾ ਕੇ, ਸਲੱਮ ਏਰੀਆ, ਸੱਥਾਂ ਆਦਿ ’ਚ ਗਰੁੱਪ ਮੀਟਿੰਗਾਂ, ਪੈਂਫਲੈਟ ਵੰਡ ਕੇ ਅਤੇ ਮਾਸ ਮੀਡੀਆ ਵਿੰਗ ਵੱਲੋਂ ਪ੍ਰੈਸ ਕਵਰੇਜ ਕਰਵਾ ਕੇ ਬਿਮਾਰੀਆਂ ਤੋਂ ਬਚਾਅ ਅਤੇ ਇਲਾਜ ਬਾਰੇ ਜਾਗਰੂਕ ਕੀਤਾ ਗਿਆ।

# ਜ਼ਿਮਨੀ ਚੋਣਾਂ ਦੇ ਮੱਦੇਨਜ਼ਰ ਬਰਨਾਲਾ ਨੂੰ ਡਰਾਈ ਡੇਅ ਐਲਾਨਿਆ

**ਬਰਨਾਲਾ, 22 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹਾ ਮੈਜਿਸਟ੍ਰੇਟ-ਕਮ-ਡਿਪਟੀ ਕਮਿਸ਼ਨਰ ਬਰਨਾਲਾ ਸ੍ਰੀਮਤੀ ਪੂਨਮਦੀਪ ਕੌਰ ਨੇ ਦੱਸਿਆ ਕਿ ਜ਼ਿਲ੍ਹਾ ਬਰਨਾਲਾ ਦੀ ਹਦੂਦ ਅੰਦਰ ਮਿਤੀ 18 ਨਵੰਬਰ, 2024 ਨੂੰ ਸ਼ਾਮ 6 ਵਜੇ ਤੋਂ 20 ਨਵੰਬਰ, 2024 ਨੂੰ ਵਿਧਾਨ ਸਭਾ ਹਲਕਾ ਬਰਨਾਲਾ ਦੀਆਂ ਜ਼ਿਮਨੀ ਚੋਣਾਂ ਮੁਕੰਮਲ ਹੋਣ ਤੱਕ ਅਤੇ ਵੋਟਾਂ ਦੀ ਗਿਣਤੀ ਵਾਲੇ ਦਿਨ ਮਿਤੀ 23 ਨਵੰਬਰ, 2024 ਨੂੰ ਵਿਧਾਨ ਸਭਾ ਹਲਕਾ ਬਰਨਾਲਾ ਅਤੇ ਨਾਲ ਲਗਦੇ 3 ਕਿਲੋਮੀਟਰ ਦੇ ਖੇਤਰ ਨੂੰ ਡਰਾਈ ਡੇਅ ਐਲਾਨਦੇ ਹੋਏ ਕਿਸੇ ਵੀ ਪ੍ਰਕਾਰ ਦੇ ਨਸ਼ੀਲੇ ਪਦਾਰਥ ਵੇਚਣ, ਸ਼ਰਾਬ ਸਟੋਰ ਕਰਨ ਤੇ ਵੇਚਣ ’ਤੇ ਪੂਰਨ ਤੌਰ ’ਤੇ ਰੋਕ ਲਗਾਈ ਗਈ ਹੈ। ਇਹ ਹੁਕਮ ਹੋਟਲਾਂ, ਰੈਸਟੋਰੈਂਟਾਂ, ਕਲੱਬਾਂ ਤੇ ਸ਼ਰਾਬ ਦੇ ਅਹਾਤਿਆਂ ਜਿੱਥੇ ਸ਼ਰਾਬ ਵੇਚਣ ਅਤੇ ਪੀਣ ਦੀ ਕਾਨੂੰਨੀ ਇਜ਼ਾਜ਼ਤ ਹੈ ’ਤੇ ਵੀ ਪੂਰਨ ਤੌਰ ’ਤੇ ਲਾਗੂ ਹੋਣਗੇ। ਇਸਦੇ ਨਾਲ ਹੀ ਇੱਕ ਹੋਰ ਹੁਕਮ ਅਨੁਸਾਰ 22 ਨਵੰਬਰ ਨੂੰ ਜ਼ਿਮਨੀ ਚੋਣਾਂ ਦੇ ਮੱਦੇਨਜ਼ਰ ਡਿਪਟੀ ਕਮਿਸ਼ਨਰ-ਕਮ-ਜ਼ਿਲ੍ਹਾ ਚੋਣ ਅਫ਼ਸਰ



ਸ੍ਰੀਮਤੀ ਪੂਨਮਦੀਪ ਕੌਰ ਵੱਲੋਂ ਜ਼ਿਲ੍ਹਾ ਬਰਨਾਲਾ ’ਚ ਸਮੂਹ ਸਰਕਾਰੀ/ਗੈਰ ਸਰਕਾਰੀ ਦਫ਼ਤਰਾਂ, ਬੈਂਕਾਂ, ਅਦਾਰਿਆਂ, ਫੈਕਟਰੀਆਂ, ਦੁਕਾਨਾਂ ਆਦਿ ਵਿਖੇ ਤਨਖਾਹ ਸਮੇਤ ਛੁੱਟੀ (ਪੇਡ ਹੌਲੀਡੇਅ) ਦਾ ਐਲਾਨ ਕੀਤਾ ਗਿਆ ਹੈ। ਉਨਾਂ ਦੱਸਿਆ ਕਿ ਇਹ ਛੁੱਟੀ ਨੈਗੋਸ਼ਿਏਬਲ ਇਨਸਟਰੂਮੈਂਟਸ ਐਕਟ 1881 ਦੀ ਧਾਰਾ 25, ਰੀਪਰੈਸੈਂਟੇਸ਼ਨ ਆਫ਼ ਪੀਪਲ ਐਕਟ 1951 ਦੀ ਧਾਰਾ 135-ਬੀ, ਦਿ ਪੰਜਾਬ ਸ਼ੌਪਸ਼ ਐਂਡ ਕਮਰਸ਼ੀਅਲ ਐਸਟੇਬਲਿਸ਼ਮੈਂਟ ਐਕਟ 1958 (ਪੰਜਾਬ ਐਕਟ ਨੰਬਰ 15 ਆਫ 1958) ਅਤੇ ਦਿ ਫੈਕਟਰੀਜ਼ ਐਕਟ 1948 ਤਹਿਤ ਕੀਤੀ ਗਈ ਹੈ।

# ਮੌਤ ਨੂੰ ਸੱਦਾ ਦੇ ਰਿਹਾ ਕੋਰਟ ਕੰਪਲੈਕਸ ਗੜ੍ਹਸ਼ੰਕਰ ਦੇ ਨੇੜੇ ਮੇਨ ਹਾਈਵੇ ਸੜਕ ਵਿਚਾਲੇ ਰੱਖਿਆ ਬੈਰੀਗੇਟ

**ਗੜ੍ਹਸ਼ੰਕਰ, 22 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**




ਜਿੱਥੇ ਸਮੇਂ ਸਮੇਂ ਦੀਆਂ ਸਰਕਾਰਾਂ ਦੁਆਰਾ ਇਹ ਵਾਅਦੇ ਕੀਤੇ ਜਾਂਦੇ ਕਿ ਸਾਡੇ ਦੁਆਰਾ ਪਿੰਡਾਂ ਅਤੇ ਸ਼ਹਿਰ ਅੰਦਰ ਬਾਣੀਆ ਲਿੰਕ ਸੜਕਾਂ ਦੀਆਂ ਨੁਹਾਰਾਂ ਬਾਦਲ ਕੇ ਰੱਖ ਦਿੱਤੀ ਜਾਵੇਗੀ ਪਰ ਕੀਤੇ ਨਾ ਕੀਤੇ ਇਹ ਸਿਰਫ ਕਾਗਜ਼ੀ ਜਾਂ ਬੱਸ ਸਟੇਜਾਂ ਦੇ ਭਾਸਣਾ ਤੱਕ ਹੀ ਇਹ ਗੱਲਾਂ ਅਸਮੀਤ ਰਿਹਾ ਚੁੱਕਿਆਂ ।

ਉਥੇ ਹੀ ਗੱਲਬਾਤ ਕੀਤੀ ਜਾਵੇ ਗੜ੍ਹਸ਼ੰਕਰ ਤੋਂ ਹੁਸ਼ਿਆਰਪੁਰ ਨੂੰ ਜੋੜ ਵਾਲੇ ਲਿੰਕ ਰੋਡ ਦੀ ਜੋ ਵੱਖ ਵੱਖ ਪਿੰਡਾਂ ਨੂੰ ਜੋੜਾਨ ਵਾਲੀਆ ਸੜਕਾਂ ਹੈ ਦੀ ਹਲਤ ਤਰਸਯੋਗ ਹੈ ਅਤੇ ਪਿਛਲੇ ਕਾਫੀ ਸਮੇਂ ਤੋਂ ਨੇੜੇ ਕੋਰਟ ਕੰਪਲੈਕਸ ਕੋਲ ਸੜਕ ਦਾ ਹੱਦ ਤੋਂ ਵੱਧ ਹਿੱਸਾ ਹੇਠਾਂ ਵੱਲ ਧੱਸਣ ਦੇ ਨਾਲ ਨਾਲ ਵੱਡੇ ਵੱਡੇ ਖੱਡਿਆ ਦਾ ਰੂਪ ਧਾਰ ਲਿਆ ਹੈ ਪਰ ਹੁਣ ਤੱਕ ਇਸ ਸੜਕ ਦੀ ਹੱਲੇ ਤੱਕ ਕੋਈ ਸਾਰ ਨਹੀਂ ਲਈ ਬੀਤੇ ਦਿਨੀ ਸੜਕ ਦੇ ਵਿਚਾਲੇ ਰੱਖੇ ਬੈਰੀਗੇਟ ਨਾਲ ਟਰੱਕ ਹਾਦਸਾ ਗ੍ਰਸਤ ਹੋ ਚੁੱਕਾ ਸੀ ਪਰ ਪ੍ਰਸ਼ਾਸਨ ਵਲੋਂ ਹੱਲੇ ਤੱਕ ਇਸ ਸੜਕ ਉੱਪਰ ਪਾਏ ਵੱਡੇ ਵੱਡੇ ਟੋਏ ਭਾਰੇ ਤੇ ਨਾ ਹੀ ਸੜਕ ਵਿਚਾਲੇ ਰੱਖੇ ਬੈਰੀਗੇਟ ਨੂੰ ਪਾਸੇ ਕਰਨ ਦੀ ਕੋਸ਼ਿਸ਼ ਕਰਦਾ ਰਿਹਾ ਹੈ । ਇਸ ਤਰ੍ਹਾਂ ਲੱਗਦਾ ਸੜਕ ਵਿਭਾਗ ਦੇ ਅਧਿਕਾਰੀਆਂ ਵਲੋਂ ਕੋਈ ਵੱਡੇ ਹਾਦਸੇ ਦੀ ਉਡੀਕ ਕਰਨ ਲੱਗ ਰਹੇ ਹਨ । ਗੱਲਬਾਤ ਕਰਦਿਆਂ ਸ਼ਹਿਰ ਦੇ ਦੁਕਾਨਦਾਰਾਂ ਨੇ ਕਿਹਾ ਕਿ ਇਸ ਸੜਕ ਨੂੰ ਲੈਕੇ ਭਾਵੇਂ ਵੱਖ ਵੱਖ ਸਿਆਸੀ ਪਾਰਟੀਆਂ ਦੇ ਨੁਮਾਇੰਦਿਆਂ ਦੇ ਸਿਰਫ ਰਾਜਨੀਤੀ ਹੀ ਕੀਤੀ ਪਰ ਧੇਲ੍ਹੇ ਦਾ ਕੰਮ ਨਹੀਂ ਕੀਤਾ ।ਉਨ੍ਹਾਂ ਸਥਾਨਕ ਪ੍ਰਸ਼ਾਸਨ ਤੋਂ ਇਹ ਮੰਗ ਕੀਤੀ ਹੈ ਕਿ ਜਲਦ ਤੋਂ ਜਲਦ ਹੀ ਸੜਕ ਦੀ ਰਿਪੇਅਰ ਜਾਵੇ ਜਿਸ ਨਾਲ ਹੋਣ ਵਾਲੇ ਹਾਦਸਿਆ ਨੂੰ ਰੋਕਿਆ ਜਾਵੇ ।

ਇਸ ਮੌਕੇ ਐਸ.ਡੀ.ਓ ਬਲਿੰਦਰ ਕੁਮਾਰ ਨਾਲ ਗੱਲਬਾਤ ਕੀਤੀ ਤੇ ਉਨ੍ਹਾਂ ਨੇ ਕਿਹਾ ਕਿ ਇਹ ਮਾਮਲਾ ਸਾਡੇ ਧਿਆਨ ਵਿਚ ਕਾਫ਼ੀ ਸਮੇਂ ਹੋ ਅਸੀਂ ਇਸ ਦਾ ਪ੍ਰਪੋਜਲ ਬਣਾ ਕੇ ਇਸ ਕੰਮ ਨੂੰ ਜਲਦੀ ਤੋਂ ਜਲਦੀ ਕਰਵਾਉਣ ਦੀ ਕੋਸ਼ਿਸ ਕਰਾਂਗੇ ਜਿਸ ਨਾਲ ਹੋਣ ਵਾਲੇ ਹਾਦਸੇ ਰੁੱਕ ਸੱਕਣ।

# ਪੋਲਿੰਗ ਪਾਰਟੀਆਂ ਚੋਣ ਸਮੱਗਰੀ ਸਮੇਤ ਪੋਲਿੰਗ ਸਟੇਸ਼ਨਾਂ ’ਤੇ ਪੁੱਜੀਆਂ

**ਬਰਨਾਲਾ, 22 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਬਰਨਾਲਾ ਦੀ ਭਲਕੇ 22 ਨਵੰਬਰ ਨੂੰ ਹੋਣ ਵਾਲੀ ਉਪ ਚੋਣ ਲਈ ਪ੍ਰਬੰਧ ਮੁਕੰਮਲ ਹਨ।

ਇਹ ਜਾਣਕਾਰੀ ਦਿੰਦੇ ਹੋਏ ਜ਼ਿਲ੍ਹਾ ਚੋਣ ਅਫ਼ਸਰ ਮੈਡਮ ਪੂਨਮਦੀਪ ਕੌਰ ਨੇ ਦੱਸਿਆ ਕਿ ਵੋਟਾਂ ਸਵੇਰੇ 7 ਵਜੇ ਤੋਂ ਸ਼ਾਮ 6 ਵਜੇ ਤੱਕ ਪੈਣਗੀਆਂ। ਉਨ੍ਹਾਂ ਦੱਸਿਆ ਕਿ ਵਿਧਾਨ ਸਭਾ ਹਲਕਾ 103 - ਬਰਨਾਲਾ ਵਿੱਚ ਕੁੱਲ 180088 ਵੋਟਰ ਹਨ, ਜਿਨਾਂ ’ਚੋਂ 94957 ਪੁਰਸ਼, 85127 ਮਹਿਲਾ ਵੋਟਰ ਤੇ 4 ਹੋਰ ਵੋਟਰ ਹਨ। ਇਸ ਤੋਂ ਇਲਾਵਾ 636 ਸਰਵਿਸ (621 ਪੁਰਸ਼, 15 ਮਹਿਲਾ) ਵੋਟਰ ਹਨ। ਉਨ੍ਹਾਂ ਦੱਸਿਆ ਕਿ 212 ਪੋਲਿੰਗ ਬੂਥ ਤੇ 84 ਪੋਲਿੰਗ ਬੂਥ ਲੋਕੇਸ਼ਨਾਂ ਹਨ।
ਉਨ੍ਹਾਂ ਦੱਸਿਆ ਕਿ ਭਲਕੇ ਵੋਟਾਂ ਲਈ 1064 ਦੇ ਕਰੀਬ ਚੋਣ ਅਮਲਾ ਅਤੇ 1100 ਦੇ ਕਰੀਬ ਸੁਰੱਖਿਆ ਅਮਲਾ ਤਾਇਨਾਤ ਰਹੇਗਾ।

ਇਸ ਦੌਰਾਨ ਅੱਜ ਵੱਖ-ਵੱਖ ਪੋਲਿੰਗ ਪਾਰਟੀਆਂ ਚੋਣ ਸਮੱਗਰੀ ਲੈ ਕੇ ਪੋਲਿੰਗ ਸਟੇਸ਼ਨਾਂ ’ਤੇ ਪੁੱਜ ਗਈਆਂ ਹਨ। ਰਿਟਰਨਿੰਗ ਅਫ਼ਸਰ ਗੁਰਬੀਰ ਸਿੰਘ ਕੋਹਲੀ ਦੀ ਅਗਵਾਈ ’ਚ ਪੋਲਿੰਗ ਪਾਰਟੀਆਂ ਸਰਕਾਰੀ ਸੀਨੀਅਰ ਸੈਕੰਡਰੀ ਸੰਧੂ ਪੱਤੀ ਬਰਨਾਲਾ ਤੋਂ ਰਵਾਨਾ ਹੋਈਆਂ ਤੇ ਪੋਲਿੰਗ ਸਟੇਸ਼ਨਾਂ ’ਤੇ ਪੁੱਜੀਆਂ।

ਜ਼ਿਲ੍ਹਾ ਚੋਣ ਅਫ਼ਸਰ ਨੇ ਦੱਸਿਆ ਕਿ ਹਲਕੇ ਵਿਚ 11 ਮਾਡਲ ਪੋਲਿੰਗ ਸਟੇਸ਼ਨ ਬਣਾਏ ਗਏ ਹਨ। ਇਸ ਤੋਂ ਇਲਾਵਾ ਸਰਕਾਰੀ ਪ੍ਰਾਇਮਰੀ ਸਕੂਲ ਪੱਤੀ ਬਾਜਵਾ ਬਰਨਾਲਾ ਵਿਚ ਪੀ ਡਬਲਿਊ ਡੀ ਪੋਲਿੰਗ ਸਟੇਸ਼ਨ ਬਣਾਇਆ ਗਿਆ ਹੈ।

ਸਰਕਾਰੀ ਪ੍ਰਾਇਮਰੀ ਸਕੂਲ ਜੁਮਲਾ ਮਾਲਕਨ ਵਿੱਚ ਪਿੰਕ ਪੋਲਿੰਗ ਸਟੇਸ਼ਨ ਬਣਾਇਆ ਗਿਆ ਹੈ। ਬੀ ਫਾਰਮੇਸੀ ਕਾਲਜ ( ਐੱਸ ਡੀ ਕਾਲਜ ਬਰਨਾਲਾ) ਵਿੱਚ ਯੂਥ ਮੈਨੇਜਡ ਪੋਲਿੰਗ ਬੂਥ ਸਥਾਪਿਤ ਕੀਤਾ ਗਿਆ ਹੈ। ਸਰਕਾਰੀ ਸੀਨੀਅਰ ਸੈਕੰਡਰੀ (ਲੜਕੇ) ਬਰਨਾਲਾ ਵਿੱਚ ਗਰੀਨ ਪੋਲਿੰਗ ਬੂਥ ਸਥਾਪਿਤ ਕੀਤਾ ਗਿਆ ਹੈ।

ਉਨ੍ਹਾਂ ਦੱਸਿਆ ਕਿ ਪੋਲਿੰਗ ਸਟੇਸ਼ਨਾਂ ’ਤੇ ਚੋਣ ਪ੍ਰਕਿਰਿਆ ਵਿਚ ਮਦਦ ਅਤੇ ਵੋਟਰਾਂ ਦੀ ਸਹੂਲਤ ਲਈ 1000 ਤੋਂ ਵੱਧ ਵਿਦਿਆਰਥੀ ਵਲੰਟੀਅਰਾਂ ਵਜੋਂ ਸੇਵਾਵਾਂ ਨਿਭਾਉਣਗੇ।

ਉਨ੍ਹਾਂ ਦੱਸਿਆ ਕਿ ਵੋਟਾਂ ਦੀ ਗਿਣਤੀ 23 ਨਵੰਬਰ (ਸ਼ਨੀਵਾਰ) ਨੂੰ ਹੋਵੇਗੀ, ਜਿਸ ਬਾਬਤ ਐੱਸ ਡੀ ਕਾਲਜ ਬਰਨਾਲਾ ਵਿੱਚ ਗਿਣਤੀ ਕੇਂਦਰ ਸਥਾਪਿਤ ਕੀਤਾ ਗਿਆ ਹੈ।

# ਸ਼ਹਿਰ ਦੀ ਹਵਾ ਦੀ ਮਾੜੀ ਕਵਾਲਟੀ ਨੇ ਲੋਕਾਂ ਦੇ ਸਾਂਹ ਘੁਟੇ



**ਜ਼ੀਰਕਪੁਰ, 22 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੂਰੇ ਪੰਜਾਬ ਦੀ ਤਰ੍ਹਾਂ ਜੀਰਕਪੁਰ ਦੀ ਆਬੋ ਹਵਾ ਵੀ ਬਹੁਤ ਖਰਾਬ ਹੋ ਗਈ ਹੈ। ਹਵਾ ਦੀ ਕਵਾਲਟੀ 400 ਤੋਂ ਉੱਪਰ ਪਹੁੰਚ ਗਈ ਹੈ, ਜੋ ਕਿ ਬਹੁਤ ਹੀ ਜਿਆਦਾ ਹਾਨੀਕਾਰਕ ਹੈ। ਇਸ ਹਵਾ ਨਾਲ ਕਈ ਤਰਾਂ ਦੀਆਂ ਬਿਮਾਰੀਆਂ ਸ਼ਰੀਰ ਨੂੰ ਲੱਗ ਰਹੀਆਂ ਹਨ। ਸਾਂਹ ਦੇ ਮਰੀਜਾਂ ਲਈ ਇਹ ਹਵਾ ਜਹਿਰ ਦੇ ਬਰਾਬਰ ਹੈ। ਆਮ ਸਵਸਥ ਵਿਅਕਤੀ ਲਈ ਵੀ ਇਹ ਹਵਾ ਬਹੁਤ ਖਰਾਬ ਹੈ ਜੋ ਕਿ ਸਿਹਤ ਖਰਾਬ ਕਰਨ ਲਈ ਕਾਫੀ ਹੈ। ਮਾਹਰਾਂ ਅਨੁਸਾਰ ਇਸ ਹਵਾ ਵਿੱਚ ਸਾਂਹ ਲੈਣਾ ਹਰ ਰੋਜ 20 ਤੋਂ 25 ਸਿਗਰਟਾਂ ਪੀਣ ਦੇ ਬਰਾਬਰ ਹੈ।ਸ਼ਾਮ ਹੁੰਦੇ ਹੀ ਹਵਾ ਵਿੱਚ ਮਿੱਟੀ ਸਾਫ ਦਿਖਣ ਲੱਗ ਜਾਂਦੀ ਹੈ ਜੋ ਕਿ ਸਾਂਹ ਦੇ ਨਾਲ ਸਾਡੇ ਫੇਫੜਿਆਂ ਤੱਕ ਪਹੁੰਚ ਕੇ ਸ਼ਰੀਰ ਨੂੰ ਖੋਖਲਾ ਕਰਦੀ ਹੈ।

ਮਦਰ ਐਂਡ ਚਾਈਲਡ ਹਸਪਤਾਲ ਦੇ ਐਮ ਡੀ ਡਾਕਟਰ ਜਤਿੰਦਰ ਨੇ ਦੱਸਿਆ ਕਿ ਹਵਾ ਦੀ ਇਹ ਕਵਾਲਟੀ ਬੇਹੱਦ ਖਤਰਨਾਕ ਹੈ ਜਿਸ ਨਾਲ ਅੱਖਾਂ, ਚਮੜੀ, ਗਲਾ ਹਰ ਤਰ੍ਹਾਂ ਦੀਆਂ ਬਿਮਾਰੀਆਂ ਇੱਕ ਤੰਦਰੁਸਤ ਵਿਅਕਤੀ ਨੂੰ ਜਕੜ ਲੈਂਦੀਆਂ ਹਨ। ਉਨਾਂ ਕਿਹਾ ਕਿ ਇਸ ਹਵਾ ਵਿੱਚ ਸਵੇਰੇ ਸੈਰ ਕਰਨਾਂ ਵੀ ਲਾਹੇਵੰਦ ਨਹੀ ਰਹਿੰਦਾ ਇਸ ਤੋ ਇਲਾਵਾ ਗਰਭਵਤੀ ਮਹਿਲਾਵਾਂ ਅਤੇ ਨਵ ਜੰਮੇ ਬੱਚਿਆਂ ਲਈ ਵੀ ਇਹ ਹਵਾ ਜਿਆਦਾਂ ਖਤਰਨਾਕ ਰਹਿੰਦੀ ਹੈ ਕਿਉਂਕਿ ਉਨਾਂ ਦੀ ਇਮਊਨਿਟੀ ਕਮਜ਼ੋਰ ਹੁੰਦੀ ਹੈ।

ਉਨਾਂ ਕਿਹਾ ਕਿ ਜਦੋਂ ਤੱਕ ਬਰਸਾਤ ਨਹੀ ਹੋ ਜਾਂਦੀ ਜਾਂ ਜਿਆਦਾਂ ਠੰਡ ਨਹੀ ਪੈ ਜਾਂਦੀ ਇਹ ਹਵਾ ਇਸੇ ਤਰਾਂ ਖਤਰਨਾਕ ਰਹੇਗੀ। ਜੇਕਰ ਇਸ ਤੋਂ ਬਚਣਾ ਹੈ ਤਾਂ ਘਰ ਦੇ ਅੰਦਰ ਰਹੋ ਅਤੇ ਜੇਕਰ ਨਿਕਲਣਾ ਵੀ ਹੈ ਤਾਂ ਮਾਸਕ ਪਾ ਕੇ ਨਿਕਲਣਾ ਚਾਹੀਦਾ ਹੈ।

# ਜੁੱਤਾ ਕਾਰੋਬਾਰੀ ਵੱਲੋਂ ਪੁਲੀਸ ’ਤੇ ਗ਼ੈਰ-ਕਾਨੂੰਨੀ ਹਿਰਾਸਤ ’ਚ ਰੱਖਣ ਦਾ ਦੋਸ਼




**ਲੁਧਿਆਣਾ, 22 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸ਼ਹਿਰ ਦੇ ਸਲੇਮ ਟਾਬਰੀ ਇਲਾਕੇ ਵਿੱਚ ਜੁੱਤੀਆਂ ਦੇ ਕਾਰੋਬਾਰੀ ਮੌਂਟੀ ਕੱਕੜ ਨੇ ਪੁਲੀਸ ’ਤੇ ਉਸ ਨੂੰ ਦੋ ਘੰਟੇ ਜ਼ਬਰਦਸਤੀ ਥਾਣੇ ਵਿੱਚ ਬਿਠਾ ਕੇ ਹਿਰਾਸਤ ਵਿੱਚ ਰੱਖਣ ਦੇ ਦੋਸ਼ ਲਾਏ ਹਨ। ਕਾਰੋਬਾਰੀ ਨੇ ਕਿਹਾ ਕਿ ਵਾਰ-ਵਾਰ ਪੁੱਛਣ ’ਤੇ ਵੀ ਉਸ ਨੂੰ ਕੋਈ ਜਵਾਬ ਨਹੀਂ ਦਿੱਤਾ ਗਿਆ ਅਤੇ ਦੋ ਘੰਟਿਆਂ ਬਾਅਦ ਖਾਲੀ ਕਾਗਜ਼ ’ਤੇ ਉਸ ਤੋਂ ਦਸਤਖ਼ਤ ਕਰਵਾ ਕੇ ਇਹ ਕਹਿ ਦਿੱਤਾ ਗਿਆ ਕਿ ਉਸ ਨੂੰ ਗਲਤੀ ਨਾਲ ਹਿਰਾਸਤ ’ਚ ਲੈ ਲਿਆ ਗਿਆ ਸੀ। ਕਾਰੋਬਾਰੀ ਨੇ ਦੋਸ਼ ਲਾਇਆ ਕਿ ਉਸ ਦੇ ਕੁਝ ਪੈਸੇ ਵੀ ਪੁਲੀਸ ਮੁਲਾਜ਼ਮਾਂ ਨੇ ਆਪਣੇ ਕੋਲ ਰੱਖ ਲਏ ਹਨ। ਪੁਲੀਸ ਵੱਲੋਂ ਛੱਡੇ ਜਾਣ ਮਗਰੋਂ ਕਾਰੋਬਾਰੀ ਨੇ ਸਿਵਲ ਹਸਪਤਾਲ ਜਾ ਕੇ ਆਪਣਾ ਮੈਡੀਕਲ ਕਰਵਾਇਆ ਹੈ। ਉਸ ਨੇ ਪੁਲੀਸ ਦੇ ਉੱਚ ਅਧਿਕਾਰੀਆਂ ਤੋਂ ਮੰਗ ਕੀਤੀ ਹੈ ਕਿ ਉਸ ਨੂੰ ਇਨਸਾਫ਼ ਦਿਵਾਇਆ ਜਾਵੇ।

ਕਾਰੋਬਾਰੀ ਨੇ ਦੱਸਿਆ ਕਿ ਅਕਾਲਗੜ੍ਹ ਮਾਰਕੀਟ ਵਿੱਚ ਉਸ ਦੀ ਮੌਂਟੀ ਸ਼ੂ ਨਾਂ ਦੀ ਦੁਕਾਨ ਹੈ। ਬੀਤੀ ਰਾਤ ਉਹ ਬੱਚਿਆਂ ਲਈ ਚਿਕਨ ਪੈਕ ਕਰਵਾਉਣ ਲਈ ਆਪਣੇ ਘਰ ਦੇ ਨੇੜੇ ਸਲੇਮ ਟਾਬਰੀ ਸਥਿਤ ਇੱਕ ਦੁਕਾਨ ’ਤੇ ਗਿਆ ਸੀ ਜਿਥੇ ਪੁਲੀਸ ਦੀ ਇੱਕ ਜਿਪਸੀ ਆਈ ਤੇ ਪੁਲੀਸ ਮੁਲਾਜ਼ਮ ਉਸ ਨੂੰ ਜ਼ਬਰਦਸਤੀ ਫੜ ਕੇ ਸਲੇਮ ਟਾਬਰੀ ਥਾਣੇ ਲੈ ਗਏ। ਮੌਂਟੀ ਕੱਕੜ ਨੇ ਦੋਸ਼ ਲਾਇਆ ਕਿ ਪੁਲੀਸ ਨੇ ਉਸ ਨੂੰ ਦੋ ਘੰਟੇ ਥਾਣੇ ਵਿੱਚ ਨਾਜਾਇਜ਼ ਹਿਰਾਸਤ ਵਿੱਚ ਰੱਖਿਆ। ਉਹ ਪੁਲੀਸ ਨੂੰ ਬਾਰ-ਬਾਰ ਪੁੱਛਦਾ ਰਿਹਾ ਕਿ ਉਸ ਨੂੰ ਕਿਉਂ ਗ੍ਰਿਫ਼ਤਾਰ ਕੀਤਾ ਗਿਆ ਅਤੇ ਉਸ ਦਾ ਜੁਰਮ ਕੀ ਹੈ ਪਰ ਪੁਲੀਸ ਮੁਲਾਜ਼ਮਾਂ ਨੇ ਕੋਈ ਜਵਾਬ ਨਹੀਂ ਦਿੱਤਾ। ਮੌਂਟੀ ਨੇ ਕਿਹਾ ਕਿ ਪੁਲੀਸ ਮੁਲਾਜ਼ਮਾਂ ਵੱਲੋਂ ਛੱਡੇ ਜਾਣ ਮਗਰੋਂ ਉਹ ਮੈਡੀਕਲ ਕਰਵਾਉਣ ਲਈ ਹਸਪਤਾਲ ਗਿਆ।

ਸਲੇਮ ਟਾਬਰੀ ਥਾਣੇ ਦੇ ਐੱਸਐੱਚਓ ਇੰਸਪੈਕਟਰ ਬਿਟਨ ਕੁਮਾਰ ਨੇ ਦੱਸਿਆ ਕਿ ਪੁਲੀਸ ਨੇ ਕਿਸੇ ਨੂੰ ਵੀ ਨਾਜਾਇਜ਼ ਹਿਰਾਸਤ ਵਿੱਚ ਨਹੀਂ ਰੱਖਿਆ ਹੈ। ਕੁਝ ਲੋਕ ਸੜਕ ’ਤੇ ਖੜ੍ਹੇ ਹੋ ਕੇ ਸ਼ਰਾਬ ਪੀ ਰਹੇ ਸਨ। ਇਸ ਦੌਰਾਨ ਮੌਂਟੀ ਕੱਕੜ ਹੀ ਨਹੀਂ ਬਲਕਿ ਕੁਝ ਹੋਰ ਨੌਜਵਾਨਾਂ ਨੂੰ ਵੀ ਹਿਰਾਸਤ ਵਿੱਚ ਲਿਆ ਗਿਆ ਸੀ ਜਿਨ੍ਹਾਂ ਨੂੰ ਬਾਅਦ ਵਿੱਚ ਚਿਤਾਵਨੀ ਦੇ ਕੇ ਛੱਡ ਦਿੱਤਾ ਗਿਆ। ਕੋਰੇ ਕਾਗਜ਼ ’ਤੇ ਜ਼ਬਰਦਸਤੀ ਦਸਤਖ਼ਤ ਕਰਵਾਉਣ ਸਬੰਧੀ ਇੰਸਪੈਕਟਰ ਬਿਟਨ ਕੁਮਾਰ ਨੇ ਕਿਹਾ ਕਿ ਕਿਸੇ ਕਰਮਚਾਰੀ ਨੇ ਜ਼ਬਰਦਸਤੀ ਦਸਤਖ਼ਤ ਨਹੀਂ ਕਰਵਾਏ ਪਰ ਮੌਂਟੀ ਕੱਕੜ ਨੇ ਖ਼ੁਦ ਮੁਆਫੀਨਾਮਾ ਲਿਖ ਕੇ ਪੁਲੀਸ ਨੂੰ ਦਿੱਤਾ ਹੈ ਤੇ ਹੁਣ ਉਹ ਪੁਲੀਸ ’ਤੇ ਝੂਠੇ ਦੋਸ਼ ਲਗਾ ਰਿਹਾ ਹੈ।

ਇਸ ਘਟਨਾ ਦੀ ਇੱਕ ਸੀਸੀਟੀਵੀ ਵੀਡੀਓ ਵੀ ਸਾਹਮਣੇ ਆਈ ਹੈ ਜਿਸ ਵਿੱਚ ਪੁਲੀਸ ਮੁਲਾਜ਼ਮ ਕਾਰੋਬਾਰੀ ਨੂੰ ਵਾਲਾਂ ਤੋਂ ਫੜ ਕੇ ਜਿਪਸੀ ਵਿੱਚ ਬੈਠਣ ਲਈ ਮਜਬੂਰ ਕਰਦੇ ਦਿਖਾਈ ਦੇ ਰਹੇ ਹਨ। ਕਾਰੋਬਾਰੀ ਨੇ ਲੁਧਿਆਣਾ ਸੀਪੀ ਨੂੰ ਇਨਸਾਫ਼ ਦੀ ਅਪੀਲ ਕਰਦਿਆਂ ਦੋਸ਼ੀ ਪੁਲੀਸ ਮੁਲਾਜ਼ਮਾਂ ਖ਼ਿਲਾਫ਼ ਕਾਰਵਾਈ ਦੀ ਮੰਗ ਕੀਤੀ ਹੈ।

# ਦੋ ਰੋਜ਼ਾ ਅੰਤਰਰਾਸ਼ਟਰੀ ਬਾਲ ਲੇਖਕ ਕਾਨਫਰੰਸ ਦਾ ਸ.ਫਲਤਾ ਪੂਰਵਕ ਸੰਪੰਨ

**ਫਾਜ਼ਿਲਕਾ, 22 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**




ਸੁੱਖੀ ਬਾਠ ਸੰਸਥਾਪਕ ਪੰਜਾਬ ਭਵਨ ਜੀ ਦੇ ਉਪਰਾਲੇ ਸਦਕਾ ਪ੍ਰੋਜੈਕਟ ਨਵੀਆਂ ਕਲਮਾਂ ਨਵੀਂ ਉਡਾਨ ਤਹਿਤ ਅਕਾਲ ਕਾਲਜ ਮਸਤੂਆਣਾ ਸਾਹਿਬ (ਸੰਗਰੂਰ) ਵਿਖੇ ਕਰਵਾਏ ਜਾ ਰਹੇ ਦੋ ਰੋਜਾ ਅੰਤਰਰਾਸ਼ਟਰੀ ਬਾਲ ਲੇਖਕ ਕਾਨਫਰੰਸ ਦਾ ਅੱਜ ਸਫਲਤਾਪੂਰਵਕ ਸੰਪੰਨ ਹੋ ਗਈ। ਇਸ ਮੌਕੇ ਐਸ.ਡੀ.ਐਮ. ਚਰਨਜੋਤ ਸਿੰਘ ਵਾਲੀਆ ਨੇ ਪੰਜਾਬ ਭਵਨ ਸਰੀ ਕਨੇਡਾ ਵੱਲੋਂ ਨਵੀਆਂ ਕਲਮਾਂ ਨਵੀ ਉਡਾਨ ਪ੍ਰੋਜੈਕਟ ਤਹਿਤ ਬਾਲ ਲੇਖਕਾਂ ਨੂੰ ਉਤਸ਼ਾਹਿਤ ਕਰਨ ਲਈ ਕੀਤੇ ਜਾ ਰਹੇ ਕਾਰਜਾਂ ਨੂੰ ਸਲਾਹਿਆ। ਉਨਾਂ ਕਿਹਾ ਕਿ ਸ਼ਾਇਦ ਇਹ ਪਹਿਲਾ ਮੌਕਾ ਹੈ ਕਿ ਕਿਸੇ ਸੰਸਥਾ ਵੱਲੋਂ ਬਾਲ ਲੇਖਕਾਂ ਨੂੰ ਪ੍ਰੇਰਿਤ ਕਰਨ ਲਈ ਉਪਰਾਲਾ ਕੀਤਾ ਹੈ। ਉਨ੍ਹਾਂ ਪੰਜਾਬ ਭਵਨ ਸਰੀ ਕਨੇਡਾ ਦੇ ਸੰਸਥਾਪਕ ਸ਼੍ਰੀ ਸੁੱਖੀ ਬਾਠ ਨੂੰ ਇਸ ਦੋ ਰੋਜ਼ਾ ਅੰਤਰਰਾਸ਼ਟਰੀ ਕਾਨਫਰੰਸ ਦੀ ਸਫ਼ਲਤਾ ਦੀ ਵਧਾਈ ਦਿੱਤੀ।

ਇਸ ਦੌਰਾਨ ਸ਼੍ਰੀ ਸੁੱਖੀ ਬਾਠ ਨੇ ਕਿਹਾ ਕਿ ਬਾਲ ਲੇਖਕਾਂ ਨੂੰ ਉਤਸ਼ਾਹਿਤ ਕਰਨ ਲਈ ਉਹ ਭਵਿੱਖ ਵਿੱਚ ਇਸੇ ਤਰ੍ਹਾਂ ਕੰਮ ਕਰਦੇ ਰਹਿਣਗੇ। ਉਨ੍ਹਾਂ ਦੱਸਿਆ ਕਿ ਪੰਜਾਬ ਭਵਨ ਸਰੀ ਕਨੇਡਾ ਤਹਿਤ ਨਵੀਆਂ ਕਲਮਾਂ ਨਵੀਂ ਉਡਾਨ ਪ੍ਰੋਜੈਕਟ ਚਲਾਇਆ ਜਾ ਰਿਹਾ ਹੈ ਜੋ ਕਿ ਵਿਸ਼ਵ ਪੱਧਰ ਤੇ ਬਾਲ ਸਾਹਿਤ ਵਿੱਚ ਆਪਣੀ ਵੱਖਰੀ ਪਛਾਣ ਬਣਾ ਚੁੱਕਾ ਹੈ ਤੇ ਬਾਲ ਲੇਖਕਾਂ ਲਈ ਸਾਹਿਤ ਪ੍ਰਤੀ ਰੁਚੀ ਪੈਦਾ ਕਰਨ ਲਈ ਯੋਜਨਾਬੰਦੀ ਕਰ ਲਈ ਹੈ। ਪ੍ਰੋਜੈਕਟ ਇੰਚਾਰਜ ਉਂਕਾਰ ਸਿੰਘ ਤੇਜੇ ਅਤੇ ਪ੍ਰੋਜੈਕਟ ਮੀਡੀਆ ਇੰਚਾਰਜ ਗੁਰਵਿੰਦਰ ਸਿੰਘ ਕਾਂਗੜ ਨੇ ਜਾਣਕਾਰੀ ਦਿੱਤੀ ਕਿ ਇਸ ਕਾਨਫਰੰਸ ਵਿੱਚ ਭਾਗ ਲੈਣ ਲਈ ਪ੍ਰਾਇਮਰੀ , ਮਿਡਲ ਤੇ ਸੈਕੰਡਰੀ ਪੱਧਰ ਦੇ ਵਿਦਿਆਰਥੀਆਂ ਵੱਲੋਂ ਭਾਗ ਲਿਆ ਗਿਆ ਹੈ। ਉਨ੍ਹਾਂ ਦੱਸਿਆ ਕਿ ਵੱਖ-ਵੱਖ ਵਿੱਦਿਅਕ, ਸੱਭਿਆਚਾਰਕ ਮੁਕਾਬਲੇ ਕਰਵਾਏ ਗਏ ਹਨ। ਉਨ੍ਹਾਂ ਦੱਸਿਆ ਕਿ ਬਾਲ ਸ਼੍ਰੋਮਣੀ ਸਾਹਿਤਕਾਰ ਐਵਾਰਡ ਤੋਂ ਇਲਾਵਾ ਜੇਤੂ ਵਿਦਿਆਰਥੀਆਂ ਨੂੰ ਨਗਦ ਇਨਾਮ , ਸਨਮਾਨ ਚਿੰਨ੍ਹ ਤੇ ਪ੍ਰਸ਼ੰਸ਼ਾ ਪੱਤਰ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਕਾਨਫਰੰਸ ਵਿੱਚ 800 ਦੇ ਕਰੀਬ ਬੱਚੇ ਵੱਖ-ਵੱਖ ਮੁਕਾਬਲਿਆਂ ਵਿੱਚ ਭਾਗ ਲਿਆ ਗਿਆ ਹੈ। ਮਸ਼ਹੂਰ ਐਂਕਰ ਅਤੇ ਪ੍ਰੋਜੈਕਟ ਖਜਾਨਚੀ ਬਲਜੀਤ ਸ਼ਰਮਾ ਵੱਲੋਂ ਵੱਖ-ਵੱਖ ਮੁਕਾਬਲਿਆਂ ਨੂੰ ਸਟੇਜਾਂ ਦੀ ਸੰਚਾਲਨ ਆਪਣੇ ਦੇਖ ਰੇਖ ਵਿੱਚ ਬੱਚਿਆਂ ਕੋਲ ਕਰਵਾਈ। ਸਲਾਹਕਾਰ ਸਤੀਸ਼ ਜੋੜਾ ਜੀ ਅਤੇ ਮੀਡੀਆ ਇੰਚਾਰਜ ਗੁਰਵਿੰਦਰ ਸਿੰਘ ਕਾਂਗੜ ਨੇ ਦੱਸਿਆ ਕਿ ਅਕਾਲ ਕਾਲਜ ਕਾਉਂਸਲ ਦੇ ਸਕੱਤਰ ਸ. ਜਸਵੰਤ ਸਿੰਘ ਖਹਿਰਾ ਅਤੇ ਉਹਨਾਂ ਦੀ ਟੀਮ ਇਸ ਕਾਨਫਰੰਸ ਨੂੰ ਕਾਮਯਾਬ ਬਣਾਉਣ ਲਈ ਪ੍ਰੋਜੈਕਟ ਟੀਮ ਦਾ ਸਾਥ ਦਿੱਤਾ। ਇਸ ਮੌਕੇ ਸੁੱਖੀ ਬਾਠ ਦੇ ਫਰਜੰਦ ਅੰਮ੍ਰਿਤਪਾਲ ਸਿੰਘ ਮਾਨ ਨੇ ਵਿਸ਼ੇਸ਼ ਤੌਰ ਤੇ ਸ਼ਿਰਕਤ ਕੀਤੀ। ਇਸ ਦੋ ਰੋਜ਼ਾ ਬਾਲ ਲੇਖਕ ਕਾਨਫਰੰਸ ਵਿੱਚ ਜ਼ਿਲ੍ਹਾ ਦੇ 32 ਵਿਦਿਆਰਥੀ ਨੇ ਪ੍ਰਾਇਮਰੀ, ਮਿਡਲ ਅਤੇ ਸੈਕੰਡਰੀ ਵਰਗਾਂ ਤਹਿਤ ਵੱਖ-ਵੱਖ ਸਾਹਿਤਕ ਮੁਕਾਬਲਿਆਂ ਵਿੱਚ ਹਿੱਸਾ ਲਿਆ ਸੀ।

# ਹੁਣ ਤੱਕ ਕੀਤੀ ਗਈ 9,15,170 ਮੀਟ੍ਰਿਕ ਟਨ ਝੋਨੇ ਦੀ ਖਰੀਦ-ਡਿਪਟੀ ਕਮਿਸ਼ਨਰ

**ਤਰਨ ਤਾਰਨ, 22 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਡਿਪਟੀ ਕਮਿਸ਼ਨਰ ਤਰਨ ਤਾਰਨ ਸ੍ਰੀ ਰਾਹੁਲ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਜ਼ਿਲ੍ਹਾ ਤਰਨ ਤਾਰਨ ਦੇ ਸਮੂਹ ਖਰੀਦ ਕੇਂਦਰਾਂ ਵਿੱਚ ਝੋਨੇ ਦੀ ਖਰੀਦ ਪ੍ਰਕਿਰਿਆ ਸੁਚਾਰੂ ਤੇ ਨਿਰਵਿਘਨ ਢੰਗ ਨਾਲ ਜਾਰੀ ਹੈ ਅਤੇ ਹੁਣ ਤੱਕ ਜ਼ਿਲ੍ਹਾ ਤਰਨ ਤਾਰਨ ਦੀਆਂ ਮੰਡੀਆਂ ਵਿੱਚ 9,15,170 ਮੀਟ੍ਰਿਕ ਟਨ ਝੋਨੇ ਦੀ ਆਮਦ ਹੋਈ ਹੈ, ਜਿਸ ਵਿਚੋਂ 9,12,437 ਮੀਟ੍ਰਿਕ ਟਨ ਝੋਨੇ ਦੀ ਖਰੀਦ ਵੱਖ-ਵੱਖ ਏਜੰਸੀਆਂ ਵੱਲੋਂ ਕੀਤੀ ਜਾ ਚੁੱਕੀ ਹੈ।

ਉਹਨਾਂ ਦੱਸਿਆ ਕਿ 18 ਨਵੰਬਰ ਤੱਕ ਜ਼ਿਲ੍ਹੇ ਦੀਆਂ ਮੰਡੀਆਂ ਵਿੱਚੋਂ ਪਨਗਰੇਨ ਵੱਲੋਂ 4,18,524 ਮੀਟਰਿਕ ਟਨ, ਮਾਰਕਫੈੱਡ ਵੱਲੋਂ 2,08,420 ਮੀਟਰਿਕ ਟਨ, ਪਨਸਪ ਵੱਲੋਂ 1,78,479 ਮੀਟਰਿਕ ਟਨ, ਪੰਜਾਬ ਸਟੇਟ ਵੇਅਰ ਕਾਰਪੋਰੇਸ਼ਨ ਵੱਲੋਂ 1,05,512 ਮੀਟਰਿਕ ਟਨ ਅਤੇ ਵਪਾਰੀਆਂ ਵੱਲੋਂ 1501 ਮੀਟਰਿਕ ਟਨ ਝੋਨੇ ਦੀ ਖਰੀਦ ਕੀਤੀ ਗਈ ਹੈ।ਉਹਨਾਂ ਦੱਸਿਆ ਕਿ ਹੁਣ ਤੱਕ ਖਰੀਦ ਕੀਤੀ ਗਈ ਫਸਲ ਦੀ ਜ਼ਿਲ੍ਹੇ ਦੇ ਕਿਸਾਨਾਂ ਨੂੰ 1936 ਕਰੋੜ 83 ਰੁਪਏ ਦੀ ਅਦਾਇਗੀ ਕੀਤੀ ਜਾ ਚੁੱਕੀ ਹੈ।
ਡਿਪਟੀ ਕਮਿਸ਼ਨਰ ਨੇ ਵੱਖ-ਵੱਖ ਖਰੀਦ ਏਜੰਸੀਆਂ ਦੇ ਅਧਿਕਾਰੀਆਂ ਨੂੰ ਆਦੇਸ਼ ਦਿੰਦਿਆਂ ਕਿਹਾ ਕਿ ਜ਼ਿਲ੍ਹੇ ਦੀਆਂ ਸਮੂਹ ਮੰਡੀਆਂ ਵਿੱਚੋਂ ਖਰੀਦ ਕੀਤੇ ਗਏ ਝੋਨੇ ਦੀ ਚੁਕਾਈ ਵਿੱਚ ਤੇਜ਼ੀ ਲਿਆਂਦੀ ਜਾਵੇ ਅਤੇ ਖਰੀਦ ਕੀਤੇ ਗਏ ਝੋਨੇ ਦੀ ਅਦਾਇਗੀ ਕਿਸਾਨਾਂ ਨੂੰ ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ 48 ਘੰਟਿਆਂ ਵਿੱਚ ਕਰਨੀ ਯਕੀਨੀ ਬਣਾਈ ਜਾਵੇ।ਉਹਨਾਂ ਦੱਸਿਆ ਕਿ ਮੰਡੀਆਂ



ਵਿੱਚੋਂ ਖਰੀਦ ਕੀਤੇ ਗਏ 8,57,445 ਮੀਟਰਿਕ ਟਨ ਝੋਨੇ ਦੀ ਚੁਕਾਈ ਮੰਡੀਆਂ ਵਿੱਚੋਂ ਕੀਤੀ ਜਾ ਚੁੱਕੀ ਹੈ।

ਉਹਨਾਂ ਖਰੀਦ ਏਜੰਸੀਆਂ ਦੇ ਅਧਿਕਾਰੀਆਂ ਨੂੰ ਆਦੇਸ਼ ਦਿੱਤੇ ਕਿ ਉਹ ਅਲਾਟ ਕੀਤੇ ਗਏ ਖਰੀਦ ਕੇਂਦਰਾਂ ਵਿੱਚ ਹਾਜ਼ਰ ਰਹਿਣ ਅਤੇ ਸਰਕਾਰੀ ਖਰੀਦ ਦੇ ਮਾਪਦੰਡਾਂ ‘ਤੇ ਪੂਰੇ ਉੱਤਰਦੇ ਝੋਨੇ ਦੀ ਤੁਰੰਤ ਖਰੀਦ ਯਕੀਨੀ ਬਣਾਉਣ।ਉਹਨਾਂ ਕਿਹਾ ਕਿ ਮੰਡੀਆਂ ਵਿੱਚੋਂ ਖਰੀਦ ਕੀਤੇ ਗਏ ਝੋਨੇ ਦੀ ਚੁਕਾਈ ਨਾਲ ਦੀ ਨਾਲ ਕੀਤੀ ਜਾਵੇ ਅਤੇ ਮੰਡੀਆਂ ਵਿੱਚ ਕਿਸਾਨਾਂ ਨੂੰ ਆਪਣੀ ਫਸਲ ਵੇਚਣ ਵਿੱਚ ਕੋਈ ਪਰੇਸ਼ਾਨੀ ਨਾ ਆਵੇ।ਉਹਨਾਂ ਜ਼ਿਲ੍ਹੇ ਦੇ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਕੇਵਲ ਪੂਰੇ ਪੱਕੇ ਹੋਏ ਝੋਨੇ ਦੀ ਹੀ ਕਟਾਈ ਕਰਵਾਉਣ, ਹਰਾ ਅਤੇ ਨਮੀ ਵਾਲਾ ਝੋਨਾ ਨਾ ਕਟਾਉਣ ਤਾਂ ਕਿ ਉਹਨਾਂ ਨੂੰ ਮੰਡੀਆਂ ਵਿੱਚ ਆਪਣਾ ਝੋਨਾ ਵੇਚਣ ਵਿੱਚ ਕੋਈ ਮੁਸ਼ਕਲ ਪੇਸ਼ ਨਾ ਆਵੇ।ਉਹਨਾਂ ਕਿਹਾ ਕਿ ਜ਼ਿਲ੍ਹੇ ਦੀਆਂ ਸਮੂਹ ਮੰਡੀਆਂ ਵਿੱਚ ਕਿਸਾਨਾਂ ਦੀ ਸਹੂਲਤ ਲਈ ਲੋੜੀਂਦੇ ਪ੍ਰਬੰਧ ਕੀਤੇ ਗਏ ਹਨ ਅਤੇ ਕਿਸਾਨਾਂ ਨੂੰ ਮੰਡੀਆਂ ਵਿੱਚ ਕੋਈ ਦਿੱਕਤ ਨਹੀਂ ਆਉਣ ਦਿੱਤੀ ਜਾਵੇਗੀ।

# ਰਾਜ ਪੱਧਰੀ ਖੇਡਾਂ 'ਚ ਕੈਕਿੰਗ-ਕਨੋਇੰਗ, ਡਰੈਗਨ ਤੇ ਹੈਂਡਬਾਲ ਦੇ ਹੋਏ ਰੋਮਾਂਚਕ ਮੁਕਾਬਲੇ

**ਰੂਪਨਗਰ, 22 ਨਵੰਬਰ**
**-ਪ੍ਰੈਸ ਕੀ ਤਾਕਤ ਬਿਊਰ**



ਪੰਜਾਬ ਸਰਕਾਰ ਦੇ ਉਪਰਾਲੇ ਸਦਕਾ ਕਰਵਾਈਆ ਜਾ ਰਹੀਆਂ ਖੇਡਾਂ ਵਤਨ ਪੰਜਾਬ ਦੀਆਂ 2024 ਦੇ ਰੂਪਨਗਰ ਵਿਖੇ ਹੈਂਡਬਾਲ ਤੇ ਕੈਕਿੰਗ-ਕਨੋਇੰਗ ਅਤੇ ਡਰੈਗਨ ਦੇ ਚੱਲ ਰਹੇ ਰਾਜ ਪੱਧਰੀ ਰੋਮਾਂਚਕ ਮੁਕਾਬਲੇ ਕਰਵਾਏ ਗਏ। ਖਿਡਾਰੀਆਂ ਨੂੰ ਆਸ਼ੀਰਵਾਦ ਦੇਣ ਲਈ ਰੂਪਨਗਰ ਹਲਕੇ ਤੋਂ ਵਿਧਾਇਕ ਐਡਵੋਕੇਟ ਸ਼੍ਰੀ ਦਿਨੇਸ਼ ਚੱਢਾ ਅਤੇ ਆਰਟੀਏ ਸ. ਗੁਰਵਿੰਦਰ ਸਿੰਘ ਜੌਹਲ ਵਿਸ਼ੇਸ ਤੌਰ ਤੇ ਹਾਜ਼ਰ ਹੋਏ। ਹੈਂਡਬਾਲ ਦੇ ਖੇਡ ਮੁਕਾਬਲੇ ਨਹਿਰੂ ਸਟੇਡੀਅਮ ਰੂਪਨਗਰ ਅਤੇ ਕੈਕਿੰਗ-ਕਨੋਇੰਗ ਅਤੇ ਡਰੈਗਨ ਦੇ ਖੇਡ ਮੁਕਾਬਲੇ ਵਾਟਰ ਸਪੋਰਟਸ ਸੈਂਟਰ ਕਟਲੀ ਵਿਖੇ ਕਰਵਾਏ ਗਏ।

ਖੇਡ ਨਤੀਜੀਆਂ ਸਬੰਧੀ ਜਾਣਕਾਰੀ ਦਿੰਦੇ ਹੋਏ ਜ਼ਿਲਾ ਖੇਡ ਅਫ਼ਸਰ ਰੂਪਨਗਰ ਸ਼੍ਰੀ ਜਗਜੀਵਨ ਸਿਘ ਨੇ ਦੱਸਿਆ ਕਿ ਅੰਡਰ 14 ਅਤੇ 17 ਲੜਕਿਆਂ ਅਤੇ ਲੜਕੀਆਂ ਮੁਕਾਬਲਿਆ ਵਿੱਚ ਰੋਪੜ ਏ ਦੀ ਟੀਮ ਨੇ ਪਹਿਲਾ ਸਥਾਨ, ਰੋਪੜ ਬੀ ਦੀ ਟੀਮ ਨੇ ਦੂਸਰਾ ਸਥਾਨ ਅਤੇ ਰੋਪੜ ਸੀ ਦੀ ਟੀਮ ਨੇ ਤੀਸਰਾ ਸਥਾਨ ਹਾਸਲ ਕੀਤਾ। ਡਰੈਗਨ ਬੋਟ ਮੁਕਾਬਲਿਆ ਵਿੱਚ 21-30 ਲੜਕੀਆਂ ਦੇ ਗਰੁੱਪ ਦੇ ਵਿੱਚ ਅੰਮ੍ਰਿਤਸਰ ਦੀ ਟੀਮ ਨੇ ਪਹਿਲਾ ਸਥਾਨ, ਮੋਹਾਈ ਬੀ ਦੀ ਟੀਮ ਨੇ ਦੂਸਰਾ ਸਥਾਨ ਅਤੇ ਪਟਿਆਲਾ ਦੀ ਟੀਮ ਨੇ ਤੀਸਰਾ ਸਥਾਨ ਹਾਸਿਲ ਕੀਤਾ। ਲੜਕੀਆਂ ਅੰਡਰ 21 ਦੇ ਵਿੱਚ ਤਰਨਤਾਰਨ ਦੀ ਟੀਮ ਨੇ ਪਹਿਲਾ ਸਥਾਨ, ਰੋਪੜ ਦੀ ਟੀਮ ਨੇ ਦੂਸਰਾ ਸਥਾਨ ਪਠਾਨਕੋਟ ਦਿੱਤੀ ਟੀਮ ਨੇ ਤੀਸਰਾ ਸਥਾਨ ਹਾਸਿਲ ਕੀਤਾ। ਡਰੈਗਨ ਬੋਟ ਅੰਡਰ 17 ਲੜਕੀਆਂ ਵਿੱਚ ਰੋਪੜ ਏ ਦੀ ਟੀਮ ਨੇ ਪਹਿਲਾ ਸਥਾਨ, ਮੋਹਾਲੀ ਦੀ ਟੀਮ ਨੇ ਦੂਸਰਾ ਸਥਾਨ ਰੋਪੜ ਬੀ ਦੀ ਟੀਮ ਨੇ ਤੀਸਰਾ ਸਥਾਨ ਪ੍ਰਾਪਤ ਕੀਤਾ। 2500 ਲੜਕੀਆਂ ਵਿੱਚ ਅੰਡਰ 21 ਵਿੱਚ ਤਰਨਤਾਰਨ ਦੀ ਟੀਮ ਨੇ ਪਹਿਲਾ ਸਥਾਨ, ਰੋਪੜ ਦੀ ਟੀਮ ਨੇ ਦੂਸਰਾ ਸਥਾਨ ਅਤੇ ਪਠਾਨਕੋਟ ਦੀ ਟੀਮ ਨੇ ਤੀਸਰਾ ਸਥਾਨ ਹਾਸਿਲ ਕੀਤਾ।

ਹੈਂਡਬਾਲ ਖੇਡਾਂ ਅੰਡਰ-21 ਲੜਕੀਆਂ ਵਿੱਚ ਅੰਮ੍ਰਿਤਸਰ ਪਹਿਲਾ ਸਥਾਨ, ਮਾਨਸਾ ਦੂਜਾ ਸਥਾਨ, ਰੂਪਨਗਰ ਅਤੇ ਹੁਸ਼ਿਆਰਪੁਰ ਸਾਂਝੇ ਤੌਰ ਤੇ ਤੀਜੇ ਸਥਾਨ ਤੇ ਰਹੇ। ਉਮਰ ਵਰਗ 21-30 ਵਿੱਚ ਰੂਪਨਗਰ ਪਹਿਲਾ ਸਥਾਨ, ਸੰਗਰੂਰ ਦੂਜਾ ਸਥਾਨ ਅਤੇ ਮੋਹਾਲੀ ਤੀਜੇ ਸਥਾਨ ਤੇ ਰਹੇ। ਇਸੇ ਤਰ੍ਹਾਂ ਰੋਇੰਗ ਦੇ ਖੇਡ ਨਤੀਜਿਆਂ ਦੀ ਜਾਣਕਾਰੀ ਦਿੰਦੇ ਹੋਏ ਜ਼ਿਲਾ ਖੇਡ ਅਫ਼ਸਰ ਰੂਪਨਗਰ ਸ਼੍ਰੀ ਜਗਜੀਵਨ ਸਿੰਘ ਨੇ ਦੱਸਿਆ ਕਿ ਸੀ 1 ਅੰਡਰ 14 200 ਮੀਟਰ ਦੇ ਲੜਕਿਆਂ ਦੇ ਵਿੱਚ ਰੋਪੜ ਏ ਦੀ ਟੀਮ ਨੇ ਪਹਿਲਾ ਸਥਾਨ, ਰੋਪੜ ਬੀ ਦੀ ਟੀਮ ਨੇ ਦੂਸਰਾ ਸਥਾਨ ਅਤੇ ਰੋਪੜ ਸੀ ਦੀ ਟੀਮ ਨੇ ਤੀਸਰਾ ਸਥਾਨ ਹਾਸਿਲ ਕੀਤਾ। ਇਸੀ ਖੇਡ ਦੇ ਵਿੱਚ ਲੜਕੀਆਂ ਦੇ 200 ਮੀਟਰ ਦੇ ਅੰਡਰ 17 ਦੇ ਵਿੱਚ ਰੋਪੜ ਏ ਦੀ ਟੀਮ ਨੇ ਪਹਿਲਾ ਸਥਾਨ, ਰੋਪੜ ਬੀ ਦੀ ਦੂਸਰਾ ਸਥਾਨ ਅਤੇ ਰੋਪੜ ਸੀ ਦੀ ਟੀਮ ਨੇ ਤੀਸਰਾ ਸਥਾਨ ਹਾਸਿਲ ਕੀਤਾ ਅਤੇ ਡਰੈਗਨ ਡੀ 200 ਮੀਟਰ ਦੇ ਵਿੱਚ 21 -30 ਲੜਕਿਆਂ ਦੇ ਗਰੁੱਪ ਦੇ ਵਿੱਚ ਅੰਮਰਿਤਸਰ ਦੀ ਟੀਮ ਨੇ ਪਹਿਲਾ ਸਥਾਨ, ਮੋਹਾਈ ਬੀ ਦੀ ਟੀਮ ਨੇ ਦੂਸਰਾ ਸਥਾਨ ਅਤੇ ਪਟਿਆਲਾ ਦੀ ਟੀਮ ਨੇ ਤੀਸਰਾ ਸਥਾਨ ਹਾਸਿਲ ਕੀਤਾ।ਸੀ 2200 ਮੀਟਰ ਅੰਡਰ 14 ਲੜਕਿਆਂ ਦੇ ਵਰਗ ਦੇ ਵਿੱਚ ਰੋਪਰ ਏ ਦੀ ਟੀਮ ਨੇ ਪਹਿਲਾ ਸਥਾਨ,ਰੋਟਪ ਬੀ ਦੀ ਟੀਮ ਨੇ ਦੂਸਰਾ ਸਨ ਅਤੇ ਰੋਪੜ ਦੀ ਟੀਮ ਨੇ ਤੀਸਰਾ ਸਥਾਨ ਹਾਸਿਲ ਕੀਤਾ।

# ਮੱਖੀ ਪਾਲਣ ਵਿਕਾਸ ਕੇਂਦਰ ਵਿੱਚ ਸੈਮੀਨਾਰ

**ਸ਼ਾਹਬਾਦ ਮਾਰਕੰਡਾ, 22 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਮਧੂ ਮੱਖੀ ਪਾਲਣ ਨੂੰ ਉਤਸ਼ਾਹਿਤ ਕਰਨ ਲਈ ਇੰਡੋ ਇਜ਼ਰਾਈਲ ਪ੍ਰਾਜੈਕਟ ਤਹਿਤ ਸੰਗਠਿਤ ਮਧੂ ਮੱਖੀ ਪਾਲਣ ਵਿਕਾਸ ਕੇਂਦਰ ਰਾਮ ਨਗਰ ਵਿਚ ਤਿੰਨ ਰੋਜ਼ਾ ਸੈਮੀਨਾਰ ਕਰਾਇਆ ਗਿਆ। ਇਸ ਮੌਕੇ ਵੱਖ-ਵੱਖ ਸੂਬਿਆਂ ਤੋਂ ਆਏ ਬਾਗਬਾਨੀ ਵਿਭਾਗ ਦੇ ਮਾਹਿਰਾਂ ਨੇ ਮਧੂ ਮੱਖੀ ਪਾਲਣ ਨੂੰ ਉਤਸ਼ਾਹਿਤ ਕਰਨ ਲਈ ਆਪਣੇ ਵਿਚਾਰ ਪੇਸ਼ ਕੀਤੇ। ਇਸ ਮੌਕੇ ਇਜ਼ਰਾਈਲ ਤੋਂ ਬਾਗਬਾਨੀ ਵਿਭਾਗ ਦੇ ਮਾਹਿਰ ਯੂਰੀ ਰੁਬਿਸਟਨ ਤੇ ਡੈਨੀਅਲ ਅਡਾਟ ਨੇ ਵੀ ਮੁੱਖ ਨੁਕਤਿਆਂ 'ਤੇ ਚਾਨਣਾ ਪਾਉਂਦਿਆਂ ਜਾਣਕਾਰੀ ਦਿੱਤੀ।

ਏਕੀਕ੍ਰਿਤ ਮਧੂ ਮੱਖੀ ਪਾਲਣ ਵਿਕਾਸ ਕੇਂਦਰ ਦੇ ਡਿਪਟੀ ਡਾਇਰੈਕਟਰ ਡਾ. ਸਤੇਂਦਰ ਯਾਦਵ ਤੇ ਜ਼ਿਲ੍ਹਾ ਬਾਗਬਾਨੀ ਅਫਸਰ ਡਾ. ਸੱਤਿਆ ਨਰਾਇਣ ਨੇ ਮਾਹਿਰਾਂ ਦਾ ਸਵਾਗਤ ਕੀਤਾ। ਇਜ਼ਰਾਈਲ ਤੋਂ ਬਾਗਬਾਨੀ ਵਿਭਾਗ ਦੇ ਮਾਹਿਰ ਉਰੀ ਰੁਬਿਸਟਨ ਨੇ ਕਿਹਾ ਕਿ ਰਾਮ ਨਗਰ , ਕੁਰੂਕਸ਼ੇਤਰ ਵਿਚ ਦੇਸ਼ ਦਾ ਇਕੋ ਇਕ ਏਕੀਕ੍ਰਿਤ ਮਧੂ ਮੱਖੀ ਪਾਲਣਾ ਵਿਕਾਸ ਕੇਂਦਰ ਕਿਸਾਨਾਂ ਲਈ ਵਰਦਾਨ ਸਾਬਤ ਹੋ ਰਿਹਾ ਹੈ। ਇਸ ਮਧੂ ਮੱਖੀ ਪਾਲਣ ਵਿਕਾਸ ਕੇਂਦਰ ਰਾਹੀਂ ਕਿਸਾਨਾਂ ਨੂੰ ਸਿਖਲਾਈ ਦੇਣ ਦੇ ਨਾਲ ਨਾਲ ਵਿਭਾਗ ਵੱਲੋਂ ਮਧੂ ਮੱਖੀ ਪਾਲਣ ਲਈ ਸਾਰੇ ਸਾਧਨ ਮੁਹੱਈਆ ਕਰਾਉਣ ਲਈ ਉਪਰਾਲੇ ਕੀਤੇ ਜਾ ਰਹੇ ਹਨ। ਬਾਗਬਾਨੀ ਮਾਹਿਰ ਡੈਨੀਅਲ ਐਡਟ ਨੇ ਵੀ ਮਧੂ ਮੱਖੀ ਪਾਲਣ ਦੀ ਮਹੱਤਤਾ ਬਾਰੇ ਜਾਣਕਾਰੀ ਦਿੰਦੇ ਹੋਏ ਕਿਹਾ ਕਿ ਇਸ ਸੈਮੀਨਾਰ ਵਿੱਚ 16 ਸੂਬਿਆਂ ਤੋਂ 47 ਦੇ ਕਰੀਬ ਮਾਹਿਰ ਆਏ ਹਨ। ਇਸ ਮੌਕੇ ਮਿਜ਼ੋਰਮ ਬਾਗਬਾਨੀ ਵਿਭਾਗ ਦੇ ਡਾਇਰੈਕਟਰ, ਗੁਜਰਾਤ ਬਾਗਬਾਨੀ ਵਿਭਾਗ ਦੇ ਪ੍ਰਾਜੈਕਟ ਅਫਸਰ ਡਾ. ਬ੍ਰਿਜਮਦੇਵ ਮੌਜੂਦ ਸਨ।

# ਕਾਂਗਰਸ ਦੇ ਸਵਾਲਾਂ ਦੇ ਜਵਾਬ ਨਾ ਦੇ ਸਕੀ ਭਾਜਪਾ: ਹੁੱਡਾ

**ਚੰਡੀਗੜ੍ਹ, 22 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਹਰਿਆਣਾ ਕਾਂਗਰਸ ਦੇ ਸੀਨੀਅਰ ਆਗੂ ਤੇ ਸਾਬਕਾ ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ ਨੇ ਵਿਧਾਨ ਸਭਾ ਸੈਸ਼ਨ ਖਤਮ ਹੋਣ ਮਗਰੋਂ ਸੱਤਾਧਾਰੀ ਭਾਜਪਾ 'ਤੇ ਤਿੱਖੇ ਹਮਲੇ ਕੀਤੇ। ਸ੍ਰੀ ਹੁੱਡਾ ਨੇ ਕਿਹਾ ਕਿ ਹਰਿਆਣਾ ਵਿੱਚ ਨਵੀਂ ਬਣੀ ਸਰਕਾਰ ਕਿਸਾਨਾਂ ਨੂੰ ਨਾ ਤਾਂ ਡੀਏਪੀ ਅਤੇ ਨਾ ਹੀ ਐੱਮਐੱਸਪੀ ਮੁਹੱਈਆ ਕਰਵਾ ਸਕੀ ਹੈ।

ਜਦੋਂ ਇਸ ਬਾਰੇ ਕਾਂਗਰਸ ਪਾਰਟੀ ਦੇ ਵਿਧਾਇਕਾਂ ਨੇ ਵਿਧਾਨ ਸਭਾ ਵਿੱਚ ਸੂਬਾ ਸਰਕਾਰ ਤੋਂ ਸਵਾਲ ਪੁੱਛੇ ਤਾਂ ਭਾਜਪਾ ਇਨ੍ਹਾਂ ਸਵਾਲਾਂ ਦਾ ਜਵਾਬ ਵੀ ਨਹੀਂ ਦੇ ਸਕੀ ਹੈ। ਉਨ੍ਹਾਂ ਕਿਹਾ ਕਿ ਹਰਿਆਣਾ ਵਿੱਚ ਕਿਸਾਨਾਂ ਨੂੰ ਮੰਡੀਆਂ ਵਿੱਚ ਫਸਲ ਵੇਚਣ ਲਈ ਰੁਲਣਾ ਪਿਆ। ਮਗਰੋਂ ਡੀਏਪੀ ਦੀ ਖਰੀਦ ਲਈ ਕਤਾਰਾਂ ਵਿੱਚ ਲੱਗਣਾ ਪਿਆ ਹੈ। ਇਸ ਦੇ ਬਾਵਜੂਦ ਡੀਏਪੀ ਨਹੀਂ ਮਿਲੀ।

ਸ੍ਰੀ ਹੁੱਡਾ ਨੇ ਕਿਹਾ ਕਿ ਭਾਜਪਾ ਨੇ ਚੋਣਾਂ ਦੌਰਾਨ ਕਿਸਾਨਾਂ ਨੂੰ ਝੋਨੇ ਦਾ 3100 ਰੁਪਏ ਕੁਇੰਟਲ ਅਤੇ ਔਰਤਾਂ ਨੂੰ 2100 ਰੁਪਏ ਮਹੀਨਾ ਦੇਣ ਦਾ ਵਾਅਦਾ ਕੀਤਾ ਸੀ ਪਰ ਹਾਲੇ ਤੱਕ ਉਹ ਵੀ ਨਹੀਂ ਦਿੱਤਾ ਜਾ ਸਕਿਆ। ਉਨ੍ਹਾਂ ਕਿਹਾ ਕਿ ਹਰਿਆਣਾ ਸਰਕਾਰ ਨੇ ਠੇਕੇ 'ਤੇ ਕੰਮ ਕਰਨ ਵਾਲਿਆਂ ਦੀ ਨੌਕਰੀ ਨੂੰ ਸੁਰੱਖਿਅਤ ਕਰਨ ਲਈ ਬਿੱਲ ਪਾਸ ਕੀਤਾ ਹੈ, ਪਰ ਬਿੱਲ ਵਿੱਚ ਪਾਰਦਰਸ਼ਤਾ ਨਹੀਂ ਹੈ।

ਭਾਜਪਾ ਵੱਲੋਂ ਦੋ ਲੱਖ ਨੌਜਵਾਨਾਂ ਨੂੰ ਰੁਜ਼ਗਾਰ ਦੇਣ ਦਾ ਵਾਅਦਾ ਕੀਤਾ ਸੀ, ਪਰ ਸੈਸ਼ਨ ਵਿੱਚ ਉਸ ਬਾਰੇ ਗੱਲ ਵੀ ਨਹੀਂ ਕੀਤੀ ਗਈ।

# ਕਬਾਇਲੀ ਨਾਇਕ ਬਿਰਸਾ ਮੁੰਡਾ ਦੀ ਯਾਦ ਵਿੱਚ ਸਮਾਗਮ

**ਸ਼ਾਹਬਾਦ ਮਾਰਕੰਡਾ, 22 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**




ਇੱਥੇ ਆਰੀਆ ਕੰਨਿਆ ਕਾਲਜ ਵਿੱਚ ਇਤਿਹਾਸ ਵਿਭਾਗ ਵੱਲੋਂ ਆਦਿਵਾਸੀ ਨਾਇਕ ਬਿਰਸਾ ਮੁੰਡਾ ਦੀ 150ਵੀਂ ਜਨਮ ਸ਼ਤਾਬਦੀ ਜਨਜਾਤੀ ਗੌਰਵ ਸਾਲ ਦੇ ਸੰਦਰਭ ਵਿਚ ਨਾਇਕ ਬਿਰਸਾ ਮੁੰਡਾ ਦਾ ਸੁਤੰਤਰਤਾ ਅੰਦੋਲਨ ਵਿਚ ਯੋਗਦਾਨ ਵਿਸ਼ੇ 'ਤੇ ਸਮਾਗਮ ਕਰਾਇਆ ਗਿਆ। ਇਸ ਮੌਕੇ ਮੁੱਖ ਬੁਲਾਰੇ ਇਤਿਹਾਸ ਵਿਭਾਗ ਦੀ ਮੁਖੀ ਡਾ. ਮੁਮਤਾਜ ਰਹੀ। ਕਾਲਜ ਦੀ ਪ੍ਰਿੰਸੀਪਲ ਡਾ. ਆਰਤੀ ਤਰੇਹਨ ਨੇ ਵਿਦਿਆਰਥਣਾਂ ਨੂੰ ਕਿਹਾ ਕਿ ਬਿਰਸਾ ਮੁੰਡਾ ਜਿਹੇ ਜਨਜਾਤੀ ਨਾਇਕ ਆਪਣੇ ਮਹਾਨ ਯੋਗਦਾਨ ਦੇ ਬਾਵਜੂਦ ਵੀ ਇਤਿਹਾਸ ਦੇ ਪੰਨਿਆਂ ਤੋਂ ਵਿਰਵੇ ਰਹਿ ਜਾਂਦੇ ਹਨ। ਇਨ੍ਹਾਂ ਬਾਰੇ ਨੌਜਵਾਨ ਪੀੜ੍ਹੀ ਨੂੰ ਜਾਣਕਾਰੀ ਦੇਣਾ ਬਹੁਤ ਜ਼ਰੂਰੀ ਹੈ। ਅਜਿਹੇ ਨਾਇਕਾਂ ਦਾ ਜੀਵਨ ਤੇ ਵਿਚਾਰਧਾਰਾ ਸਾਡੇ ਲਈ ਰਾਹ ਦਸੇਰਾ ਦਾ ਕੰਮ ਕਰਦੀ ਹੈ। ਡਾ. ਮੁਮਤਾਜ ਨੇ ਕਿਹਾ ਕਿ ਸਾਨੂੰ ਆਜ਼ਾਦ ਭਾਰਤ ਦੇ ਵਾਸੀਆਂ ਨੂੰ ਸ਼ਹੀਦ ਬਿਰਸਾ ਮੁੰਡਾ ਨੂੰ ਯਾਦ ਰੱਖਣਾ ਚਾਹੀਦਾ ਹੈ ਜਿਨ੍ਹਾਂ ਨੇ ਵਿਅਕਤੀਗਤ ਅਧਿਕਾਰਾਂ, ਧਾਰਮਿਕ ਤੇ ਸੰਸਕ੍ਰਿਤਕ ਸਮਾਨਤਾ ਤੇ ਸ਼ੋਸ਼ਣ ਖ਼ਿਲਾਫ਼ ਆਪਣੀ ਆਵਾਜ਼ ਬੁਲੰਦ ਕਰਦੇ ਹੋਏ ਏਕਤਾ ਦੀ ਅਪੀਲ ਕੀਤੀ ਤੇ ਬ੍ਰਿਟਿਸ਼ ਸਮਰਾਜ ਨਾਲ ਲੜਦੇ ਹੋਏ ਛੋਟੀ ਜਿਹੀ ਉਮਰ ਵਿੱਚ ਹੀ ਸ਼ਹੀਦੀ ਪਾ ਲਈ ਸੀ। ਇਸ ਮੌਕੇ ਡਾ. ਸਿਮਰਜੀਤ ਕੌਰ, ਪੂਜਾ ਸਣੇ ਬੀਏ, ਪਹਿਲਾ, ਬੀਸੀਏ, ਬੀਕਾਮ, ਬੀਐੱਸਸੀ ਤੇ ਫੈਸ਼ਨ ਡਿਜ਼ਾਇਨਿੰਗ ਦੀਆਂ 76 ਵਿਦਿਆਰਥਣਾਂ ਮੌਜੂਦ ਸਨ।

# ਕਾਲਜ ਵਿੱਚ ਐੱਨਸੀਸੀ ਕੈਡੇਟ ਨੇ ਚਲਾਈ ਸਫ਼ਾਈ ਮੁਹਿੰਮ



**ਸ਼ਾਹਬਾਦ ਮਾਰਕੰਡਾ, 22 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਇੱਥੇ ਆਰੀਆ ਕੰਨਿਆ ਕਾਲਜ ਵਿੱਚ ਐੱਨਸੀਸੀ ਯੂਨਿਟ ਵੱਲੋਂ ਸਫ਼ਾਈ ਮੁਹਿੰਮ ਚਲਾਈ ਗਈ। ਕਾਲਜ ਦੀ ਪ੍ਰਿੰਸੀਪਲ ਡਾ. ਆਰਤੀ ਤਰੇਹਨ ਨੇ ਇਸ ਅਭਿਆਨ ਦੀ ਸ਼ੁਰੂਆਤ ਕਰਦਿਆਂ ਕੈਡੇਟ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸਮਾਜ ਨੂੰ ਸਿਹਤ ਨੂੰ ਨਿਰੋਗ ਰੱਖਣ ਲਈ ਵਿਅਕਤੀਗਤ ਸਵੱਛਤਾ ਦੇ ਨਾਲ ਨਾਲ ਸਰਵਜਨਿਕ ਸਥਾਨਾਂ ਦੀ ਵੀ ਸਫਾਈ ਰੱਖਣੀ ਜ਼ਰੂਰੀ ਹੈ। ਐੱਨਸੀਸੀ ਅਧਿਕਾਰੀ ਕੈਪਟਨ ਜੋਤੀ ਸ਼ਰਮਾ ਨੇ ਕਿਹਾ ਕਿ ਸਮਾਜ ਨੂੰ ਸਾਫ਼ ਸੁਥਰਾ ਰੱਖਣਾ ਸਾਡਾ ਮੁੱਢਲਾ ਫਰਜ਼ ਹੈ। ਇਨ੍ਹਾਂ ਭਾਵਾਂ ਨੂੰ ਲੈ ਕੇ ਹੀ ਅੱਜ ਐੱਨਸੀਸੀ ਕੈਡੇਟ ਨੇ ਇਹ ਪੁਨੀਤ ਕਾਰਜ ਕੀਤਾ ਹੈ। ਇਸ ਅਭਿਆਨ ਵਿੱਚ 31 ਵਿਦਿਆਰਥਣਾਂ ਨੇ ਹਿੱਸਾ ਲਿਆ। ਵਿਦਿਆਰਥਣਾਂ ਨੇ ਕਾਲਜ ਦੇ ਵੱਖ ਹਿੱਸਿਆਂ ਵਿੱਚੋਂ ਪਲਾਸਟਿਕ, ਕਾਗਜ਼ ਤੇ ਹੋਰ ਕਚਰਾ ਚੁੱਕਣ ਦੇ ਨਾਲ ਨਾਲ ਕਾਲਜ ਵਿਚ ਸਥਾਪਿਤ ਸੁਆਮੀ ਦਇਆ ਨੰਦ ਤੇ ਲਾਲਾ ਭਾਲ ਸਿੰਘ ਗੁਪਤਾ ਦੀ ਮੂਰਤੀ ਦੀ ਵੀ ਸਫਾਈ ਕੀਤੀ। ਉਨ੍ਹਾਂ ਕਿਹਾ ਕਿ ਜਿਥੇ ਸਫਾਈ ਹੁਦੀ ਹੈ ਉਥੇ ਦੇਵਤਿਆਂ ਦਾ ਵਾਸ ਹੁੰਦਾ ਹੈ। ਇਸ ਮੌਕੇ ਡਾ. ਸਵਾਤੀ ਅੰਨੀ, ਰਾਜੇਸ਼ ਅਨੰਦ, ਸੁਖਵਿੰਦਰ ਤੇ ਸਰਸਵਤੀ ਆਦਿ ਮੌਜੂਦ ਸਨ। ਪ੍ਰਿੰਸੀਪਲ ਡਾ. ਭਾਰਤੀ ਨੇ ਐੱਨਸੀਸੀ ਕੈਡੇਟ ਦਾ ਧੰਨਵਾਦ ਕੀਤਾ।

# ਨਹਿਰ 'ਚ ਪਾੜ: ਕਿਸਾਨਾਂ ਨੂੰ ਖ਼ੁਦ ਕੱਢਣਾ ਪੈ ਰਿਹੈ ਖੇਤਾਂ 'ਚੋਂ ਪਾਣੀ



**ਏਲਨਾਬਾਦ, 22 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪਿੰਡ ਕਰਮਸ਼ਾਨਾ ਕੋਲ 12 ਨਵੰਬਰ ਨੂੰ ਫਲੱਡੀ ਨਹਿਰ ਟੁੱਟਣ ਕਾਰਨ ਕਿਸਾਨਾਂ ਦਾ ਭਾਰੀ ਮਾਲੀ ਨੁਕਸਾਨ ਹੋਇਆ ਹੈ। ਨਹਿਰ ਟੁੱਟਣ ਕਾਰਨ ਕਰੀਬ ਡੇਢ ਸੌ ਏਕੜ ਰਕਬੇ 'ਚ ਪਾਣੀ ਭਰ ਗਿਆ ਸੀ। ਉਦੋਂ ਸਿਆਸੀ ਆਗੂਆਂ ਤੇ ਅਧਿਕਾਰੀਆਂ ਨੇ ਪਾਣੀ ਕੱਢਣ ਦਾ ਭਰੋਸਾ ਦਿੱਤਾ ਸੀ ਪਰ ਹਾਲੇ ਤੱਕ ਕਿਸੇ ਨੇ ਪਾਣੀ ਨਹੀਂ ਕੱਢਿਆ ਸਗੋਂ ਕਿਸਾਨਾਂ ਨੂੰ ਖੁਦ ਜੱਦੋਜਹਿਦ ਕਰਨੀ ਪੈ ਰਹੀ ਹੈ। ਕੁਲਦੀਪ ਮੁਦਲੀਆ, ਧਰਮਪਾਲ ਹਰਡੂ, ਦਲੀਪ ਬਗੜੀਆ ਨੇ ਦੱਸਿਆ ਕਿ 12 ਨਵੰਬਰ ਨੂੰ ਲੱਡੀ ਨਹਿਰ ਢਾਣੀ ਜੈਕਰਨ ਨੇੜੇ ਟੁੱਟ ਗਈ ਸੀ ਜਿਸ ਕਾਰਨ ਡੇਢ ਦਰਜਨ ਬੋਰਵੈੱਲ ਅਤੇ ਅੱਧੀ ਦਰਜਨ ਢਾਣੀਆਂ ਸਮੇਤ 150 ਏਕੜ ਜ਼ਮੀਨ ਪਾਣੀ ਨਾਲ ਭਰ ਗਿਆ ਸੀ।

ਉਸ ਸਮੇਂ ਮੌਕੇ 'ਤੇ ਪਹੁੰਚੇ ਸੱਤਾਧਾਰੀ ਧਿਰ ਦੇ ਕੁਝ ਆਗੂਆਂ ਅਤੇ ਵਿਭਾਗ ਦੇ ਅਧਿਕਾਰੀਆਂ ਨੇ ਪਾਣੀ ਜਲਦੀ ਬਾਹਰ ਕੱਢਣ ਦਾ ਭਰੋਸਾ ਦਿੱਤਾ ਗਿਆ ਸੀ ਪਰ ਇੱਕ ਹਫ਼ਤਾ ਉਡੀਕ ਕਰਨ ਤੋਂ ਬਾਅਦ ਵੀ ਜਦੋਂ ਕਿਸਾਨਾਂ ਦੀ ਕਿਸੇ ਨੇ ਗੱਲ ਨਹੀਂ ਸੁਣੀ ਤਾਂ ਕਿਸਾਨਾਂ ਨੂੰ ਆਪਣੇ ਪੱਧਰ ਤੇ ਹੀ ਟਰੈਕਟਰ, ਪੱਖੇ, ਡੀਜ਼ਲ ਸਮੇਤ ਹੋਰ ਪ੍ਰਬੰਧ ਕਰਕੇ ਖੇਤਾਂ ਵਿੱਚੋਂ ਪਾਣੀ ਬਾਹਰ ਕੱਢਣ ਦਾ ਕੰਮ ਸ਼ੁਰੂ ਕਰਨਾ ਪਿਆ ਹੈ।

ਕਿਸਾਨਾਂ ਨੇ ਦੱਸਿਆ ਕਿ ਨਹਿਰ ਟੁੱਟਣ ਕਾਰਨ ਕਈ ਏਕੜਾਂ ਵਿੱਚ ਬੀਜੀ ਕਣਕ ਅਤੇ ਸਰ੍ਹੋਂ ਦੀ ਫ਼ਸਲ ਖ਼ਰਾਬ ਹੋ ਗਈ ਹੈ ਜਿਸ ਦੀ ਮੁੜ ਬਿਜਾਈ ਸੰਭਵ ਨਹੀਂ ਹੈ।

ਕਿਸਾਨਾਂ ਨੇ ਨਹਿਰੀ ਵਿਭਾਗ ਅਤੇ ਹਰਿਆਣਾ ਸਰਕਾਰ ਤੋਂ ਮੰਗ ਕੀਤੀ ਹੈ ਕਿ ਇਸ ਨਹਿਰ ਦੇ ਬੰਨ੍ਹਾਂ ਨੇੜੇ ਹੋਰ ਮਿੱਟੀ ਪਾ ਕੇ ਇਸ ਨੂੰ ਮਜ਼ਬੂਤ ਅਤੇ ਚੌੜਾ ਕੀਤਾ ਜਾਵੇ।

# ਫੈਸਟ ਦੌਰਾਨ ਨਵੇਂ ਵਿਦਿਆਰਥੀਆਂ ਨੇ ਆਪਣਾ ਹੁਨਰ ਦਿਖਾਇਆ




**ਸ਼ਾਹਬਾਦ ਮਾਰਕੰਡਾ, 22 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਇੱਥੇ ਲਾਲਾ ਅਮੀ ਚੰਦ ਗਰੁੱਪ ਆਫ ਇੰਸਟੀਚਿਊਸ਼ਨ ਵਿੱਚ ਨਵੇਂ ਵਿਦਿਆਰਥੀਆਂ ਲਈ ਕਾਲਜ ਫੈਸਟ ਕਰਵਾਇਆ ਗਿਆ। ਇਸ ਵਿਚ ਵਿਦਿਆਰਥੀਆਂ ਨੇ ਸਭਿਆਚਾਰਕ ਪ੍ਰੋਗਰਾਮ ਰਾਹੀਂ ਆਪਣੀ ਪ੍ਰਤਿਭਾ ਦੇ ਜੌਹਰ ਦਿਖਾਏ। ਇਸ ਮੌਕੇ ਵਿਦਿਆਰਥੀਆਂ ਲਈ ਨ੍ਰਿਤ, ਗਾਇਨ ਤੇ ਕਵਿਤਾ ਦੇ ਵੱਖ ਵੱਖ ਈਵੈਂਟ ਕਰਵਾਏ ਗਏ ਜਿਸ ਵਿੱਚ ਉਨ੍ਹਾਂ ਨੇ ਆਪਣੀ ਪ੍ਰਤਿਭਾ ਦੇ ਬਲਬੂਤੇ ਦਰਸ਼ਕਾਂ ਦਾ ਮਨ ਮੋਹ ਲਿਆ। ਕਾਲਜ ਦੇ ਚੇਅਰਮੈਨ ਕੇਐੱਲ ਸੈਣੀ ਨੇ ਕਿਹਾ ਕਿ ਕਾਲਜ ਫੈਸਟ ਪ੍ਰੋਗਰਾਮ ਨਾ ਸਿਰਫ ਬੱਚਿਆਂ ਨੂੰ ਮਨੋਰੰਜਨ ਦਾ ਮੌਕਾ ਦਿੰਦਾ ਹੈ ਸਗੋਂ ਉਨ੍ਹਾਂ ਦੀ ਸ਼ਖਸੀਅਤ, ਸਮਾਜਿਕ ਤੇ ਪੇਸ਼ੇਵਰ ਹੁਨਰ ਦਾ ਵਿਕਾਸ ਵੀ ਕਰਦਾ ਹੈ। ਕਾਲਜ ਦੇ ਮੈਨੇਜਿੰਗ ਡਾਇਰੈਕਟਰ ਕਮਲ ਤੇ ਰਾਹੁਲ ਸੈਣੀ ਨੇ ਕਿਹਾ ਕਿ ਫੈਸਟ ਨਾਲ ਵਿਦਿਆਰਥੀਆਂ ਨੂੰ ਈਵੈਂਟ ਮੈਨੇਜਮੈਂਟ ਟੀਮ ਵਰਕ ਤੇ ਲੀਡਰਸ਼ਿਪ ਦੇ ਹੁਨਰ ਸਿੱਖਣ ਦਾ ਮੌਕਾ ਮਿਲਦਾ ਹੈ। ਇਹ ਉਨ੍ਹਾਂ ਨੂੰ ਅਸਲ ਜੀਵਨ ਦੀਆਂ ਸਥਿਤੀਆਂ ਵਿੱਚ ਪ੍ਰਬੰਧਨ ਤੇ ਲੀਡਰਸ਼ਿਪ ਅਨੁਭਵ ਪ੍ਰਦਾਨ ਕਰਦਾ ਹੈ। ਉਨ੍ਹਾਂ ਕਿਹਾ ਕਿ ਇਸ ਨਾਲ ਬੱਚਿਆਂ ਨੂੰ ਅਕਾਦਮਿਕ ਤੇ ਜੀਵਨ ਦੇ ਸਾਰੇ ਪਹਿਲੂਆਂ ਵਿੱਚ ਵੱਡੀ ਸਫਲਤਾ ਪ੍ਰਾਪਤ ਕਰਨ ਦਾ ਮੌਕਾ ਵੀ ਮਿਲਦਾ ਹੈ। ਇਸ ਪ੍ਰੋਗਰਾਮ ਵਿਚ ਕਾਲਜ ਦੇ ਸਮੂਹ ਫੈਕਲਟੀ ਮੈਂਬਰਾਂ ਨੇ ਵੀ ਸ਼ਿਰਕਤ ਕੀਤੀ ਤੇ ਵਿਦਿਆਰਥੀਆਂ ਨੂੰ ਵਧਾਈ ਦਿੱਤੀ। ਇਸ ਦੌਰਾਨ ਕਾਲਜ ਪ੍ਰਬੰਧਕਾਂ ਵੱਲੋਂ ਜੇਤੂ ਵਿਦਿਆਰਥੀਆਂ ਦਾ ਸਨਮਾਨ ਕੀਤਾ ਗਿਆ।

# ਲੁਧਿਆਣਾ 'ਚ 6391 ਪੰਚਾਂ ਨੇ ਅਹੁਦੇ ਦੀ ਸਹੁੰ ਚੁੱਕੀ




**ਲੁਧਿਆਣਾ, 22 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸਨਅਮੀ ਸ਼ਹਿਰ ਵਿੱਚ ਅੱਜ ਨਵੇਂ ਚੁਣੇ ਗਏ ਪੰਚਾਇਤ ਮੈਂਬਰਾਂ (ਪੰਚਾਂ) ਨੇ ਸਹੁੰ ਚੁੱਕੀ। ਇਸ ਮੌਕੇ ਕੈਬਨਿਟ ਮੰਤਰੀ ਹਰਦੀਪ ਸਿੰਘ ਮੁੰਡੀਆਂ ਨੇ ਨਵੇਂ ਚੁਣੇ 6391 ਪੰਚਾਂ ਨੂੰ ਹਲਫ਼ ਦੁਆਇਆ ਤੇ ਅਪੀਲ ਕੀਤੀ ਕਿ ਉਹ ਪਿੰਡਾਂ ਦੇ ਵਿਆਪਕ ਵਿਕਾਸ ਨੂੰ ਯਕੀਨੀ ਬਣਾਉਣ ਦੇ ਨਾਲ-ਨਾਲ ਭਾਈਚਾਰਕ ਸਾਂਝ ਅਤੇ ਸ਼ਾਂਤੀ ਨੂੰ ਕਾਇਮ ਰੱਖਣ ਲਈ ਪੰਜਾਬ ਸਰਕਾਰ ਨਾਲ ਮਿਲ ਕੇ ਕੰਮ ਕਰਨ।

ਪਿੰਡ ਧਨਾਨਸੂ ਵਿੱਚ ਹਾਈਟੈਕ ਸਾਈਕਲ ਵੈਲੀ ਵਿੱਚ ਕਰਵਾਏ ਗਏ ਸਮਾਗਮ ਦੌਰਾਨ ਅੱਜ ਕੈਬਨਿਟ ਮੰਤਰੀ ਨੇ ਸੰਬੋਧਨ ਕਰਦਿਆਂ ਕਿਹਾ ਕਿ ਲੋਕਾਂ ਨੇ ਉਨ੍ਹਾਂ ਨੂੰ ਆਪਣੇ ਪਿੰਡਾਂ ਦੀ ਖੁਸ਼ਹਾਲੀ ਅਤੇ ਤਰੱਕੀ ਲਈ ਅਹਿਮ ਜ਼ਿੰਮੇਵਾਰੀ ਸੌਂਪੀ ਹੈ। ਕੈਬਨਿਟ ਮੰਤਰੀ ਨੇ ਕਿਹਾ ਕਿ ਪਿੰਡ ਵਾਸੀਆਂ ਦੀਆਂ ਲੋੜਾਂ ਤੇ ਉਮੀਦਾਂ ਨੂੰ ਪੂਰਾ ਕਰਨਾ ਹੁਣ ਉਨ੍ਹਾਂ ਦਾ ਫਰਜ਼ ਹੈ ਅਤੇ ਪਿੰਡਾਂ ਦੇ ਸਰਵਪੱਖੀ ਵਿਕਾਸ ਵਿੱਚ ਪੰਜਾਬ ਸਰਕਾਰ ਹਰ ਪਿੰਡ ਦੇ ਨੁਮਾਇੰਦਿਆਂ ਦੇ ਨਾਲ ਖੜ੍ਹ ਕੇ ਕੰਮ ਕਰੇਗੀ। ਉਨ੍ਹਾਂ ਪੰਚਾਇਤ ਮੈਂਬਰਾਂ (ਪੰਚਾਂ) ਨੂੰ ਵੀ ਅਪੀਲ ਕੀਤੀ ਕਿ ਉਹ ਅੱਜ ਤੋਂ ਹੀ ਪਿੰਡ ਦੀ ਬਿਹਤਰੀ ਲਈ ਕੰਮ ਸ਼ੁਰੂ ਕਰਨ ਅਤੇ ਵਿਕਾਸ ਕਾਰਜਾਂ ਦੀਆਂ ਤਜਵੀਜ਼ਾਂ ਸਰਕਾਰ ਨੂੰ ਭੇਜਣਾ ਯਕੀਨੀ ਬਣਾਉਣ ਤਾਂ ਜੋ ਲੋਕਾਂ ਦੀ ਸਹੂਲਤ ਲਈ ਤੁਰੰਤ ਫੰਡ ਜਾਰੀ ਕੀਤੇ ਜਾ ਸਕਣ।

ਸ੍ਰੀ ਮੁੰਡੀਆਂ ਨੇ ਕਿਹਾ ਕਿ ਮਾਨ ਸਰਕਾਰ ਸੂਬੇ ਨੂੰ ਉੱਚ ਵਿਕਾਸ ਦੇ ਰਾਹ 'ਤੇ ਲਿਜਾਣ ਲਈ ਸਮਰਪਿਤ ਹੈ ਜਿਸ ਲਈ ਪੰਜਾਬ ਨੂੰ ਹਰ ਖੇਤਰ ਵਿੱਚ ਮੋਹਰੀ ਸੂਬਾ ਬਣਾਉਣ ਲਈ ਪਹਿਲਾਂ ਹੀ ਮਹੱਤਵਪੂਰਨ ਉਪਰਾਲੇ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਦੇ ਅਣਥੱਕ ਯਤਨ ਤਾਂ ਹੀ ਸਾਰਥਕ ਹੋਣਗੇ ਜੇਕਰ ਨਵੇਂ ਚੁਣੇ ਗਏ ਪੰਚਾਂ ਦੇ ਨਾਲ-ਨਾਲ ਸਰਪੰਚ ਵੀ ਇਸ ਵਿੱਚ ਖੁੱਲ੍ਹੇ ਦਿਲ ਨਾਲ ਯੋਗਦਾਨ ਪਾਉਣਗੇ। ਕੈਬਨਿਟ ਮੰਤਰੀ ਨੇ ਇਹ ਵੀ ਕਿਹਾ ਕਿ ਸੂਬਾ ਸਰਕਾਰ ਨੇ ਲੋਕਾਂ ਨਾਲ ਕੀਤੇ ਜ਼ਿਆਦਾਤਰ ਵਾਅਦੇ ਪੂਰੇ ਕੀਤੇ ਹਨ। ਉਨ੍ਹਾਂ ਕਿਹਾ ਕਿ ਸਰਕਾਰ ਦੇ ਗਠਨ ਤੋਂ ਬਾਅਦ ਲਾਗੂ ਕੀਤੇ ਗਏ ਕਈ ਸੁਧਾਰਾਂ ਨਾਲ ਸਿੱਖਿਆ ਅਤੇ ਸਿਹਤ ਦੇ ਖੇਤਰ ਵਿੱਚ ਬੇਮਿਸਾਲ ਵਿਕਾਸ ਹੋਇਆ ਹੈ। ਉਨ੍ਹਾਂ ਦੱਸਿਆ ਕਿ ਸਰਕਾਰੀ ਸਕੂਲਾਂ ਅਤੇ ਹਸਪਤਾਲਾਂ ਵਿੱਚ ਮਿਆਰੀ ਸੇਵਾਵਾਂ ਯਕੀਨੀ ਬਣਾਉਣ ਲਈ ਅਤਿ-ਆਧੁਨਿਕ ਬੁਨਿਆਦੀ ਢਾਂਚਾ ਸਥਾਪਤ ਕੀਤਾ ਜਾ ਰਿਹਾ ਹੈ। ਲੋਕਾਂ ਨੂੰ ਬਿਹਤਰ ਸਹੂਲਤਾਂ ਦੇਣ ਲਈ ਸਿੱਖਿਆ ਅਤੇ ਸਿਹਤ ਵਿਭਾਗਾਂ ਦੇ ਬਜਟ ਵਿੱਚ ਵੀ ਵਾਧਾ ਕੀਤਾ ਗਿਆ ਹੈ। ਇਸ ਤੋਂ ਇਲਾਵਾ ਖੇਡਣ ਵਤਨ ਪੰਜਾਬ ਦੀਆਂ ਪ੍ਰੋਗਰਾਮ ਰਾਹੀਂ ਖੇਡਾਂ ਨੂੰ ਉਤਸ਼ਾਹਿਤ ਕਰਨ ਲਈ ਇੱਕ ਵੱਡੀ ਪਹਿਲਕਦਮੀ ਸ਼ੁਰੂ ਕੀਤੀ ਗਈ ਹੈ। ਉਨ੍ਹਾਂ ਦੱਸਿਆ ਕਿ 'ਆਪ' ਦੀ ਸਰਕਾਰ ਬਣਨ ਤੋਂ ਲੈ ਕੇ ਹੁਣ ਤੱਕ 48 ਹਜ਼ਾਰ ਤੋਂ ਵੱਧ ਨੌਜਵਾਨ ਨਿਰਪੱਖ ਅਤੇ ਪਾਰਦਰਸ਼ੀ ਪ੍ਰਕਿਰਿਆ ਰਾਹੀਂ ਸਰਕਾਰੀ ਨੌਕਰੀਆਂ ਹਾਸਲ ਕਰ ਚੁੱਕੇ ਹਨ। ਇਸ ਮੌਕੇ ਸੰਬੋਧਨ ਕਰਦਿਆਂ ਹਲਕਾ ਰਾਏਕੋਟ ਦੇ ਵਿਧਾਇਕ ਹਾਕਮ ਸਿੰਘ ਠੇਕੇਦਾਰ ਨੇ ਪੰਚਾਇਤ ਮੈਂਬਰਾਂ (ਪੰਚਾਂ) ਨੂੰ ਪਿੰਡਾਂ ਦੇ ਸਰਬਪੱਖੀ ਵਿਕਾਸ ਲਈ ਤਨਦੇਹੀ ਨਾਲ ਕੰਮ ਕਰਨ ਦੀ ਅਪੀਲ ਕਰਦਿਆਂ ਕਿਹਾ ਕਿ ਹੁਣ ਸਮਾਂ ਆ ਗਿਆ ਹੈ ਕਿ ਪਿੰਡਾਂ ਦੇ ਵਿਕਾਸ ਲਈ ਸਾਰਿਆਂ ਨੂੰ ਸਾਂਝੇ ਤੌਰ 'ਤੇ ਉਪਰਾਲੇ ਕਰਨ ਦੀ ਲੋੜ ਹੈ। ਇਸ ਮੌਕੇ ਮਾਰਕਫੈੱਡ ਦੇ ਚੇਅਰਮੈਨ ਅਮਨਦੀਪ ਸਿੰਘ ਮੋਹੀ, ਪੰਜਾਬ ਜੈਨਕੋ ਲਿਮਟਿਡ ਦੇ ਚੇਅਰਮੈਨ ਨਵਜੋਤ ਸਿੰਘ ਜਰਗ, ਗੁਰਦਰਸ਼ਨ ਸਿੰਘ ਧਾਲੀਵਾਲ, ਚੇਅਰਮੈਨ ਜੋਰਾਵਰ ਸਿੰਘ ਮੁੰਡੀਆਂ, ਡਿਪਟੀ ਕਮਿਸ਼ਨਰ ਜਤਿੰਦਰ ਜੋਰਵਾਲ, ਵਧੀਕ ਡਿਪਟੀ ਕਮਿਸ਼ਨਰ ਡਾ. ਹਰਜਿੰਦਰ ਸਿੰਘ ਬੇਦੀ ਤੇ ਡੀਡੀਪੀਓ ਨਵਦੀਪ ਕੌਰ ਮੌਜੂਦ ਸਨ।

# ਕਸ਼ਮੀਰ ਤੋਂ ਕੰਨਿਆ ਕੁਮਾਰੀ ਤੱਕ ਦੌੜ ਲਾ ਰਿਹੈ ਮਹਾਰਾਸ਼ਟਰ ਦਾ ਵੈਭਵ

**ਮਾਛੀਵਾੜਾ ਸਾਹਿਬ, 22 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**




ਮਹਾਰਾਸ਼ਟਰ ਦਾ ਨੌਜਵਾਨ ਵੈਭਵ ਸ਼ਿੰਦੇ ਗਿੰਨੀਜ਼ ਬੁੱਕ ਵਿੱਚ ਦਰਜ ਵਿਸ਼ਵ ਰਿਕਾਰਡ ਤੋੜਨ ਲਈ ਕਸ਼ਮੀਰ ਤੋਂ ਕੰਨਿਆ ਕੁਮਾਰੀ ਤੱਕ ਦੌੜ ਲਾ ਰਿਹਾ ਹੈ। ਅੱਜ ਮਾਛੀਵਾੜਾ ਸਾਹਿਬ ਪੁੱਜੇ ਵੈਭਵ ਸ਼ਿੰਦੇ ਨੇ ਦੱਸਿਆ ਕਿ ਹਰਿਆਣਾ ਦੇ ਇੱਕ ਨੌਜਵਾਨ ਨੇ 52 ਦਿਨਾਂ ਵਿੱਚ ਕਸ਼ਮੀਰ ਤੋਂ ਕੰਨਿਆ ਕੁਮਾਰੀ ਤੱਕ ਦੌੜ ਲਾ ਕੇ ਵਿਸ਼ਵ ਰਿਕਾਰਡ ਬਣਾਇਆ ਸੀ ਤੇ ਇਸ ਰਿਕਾਰਡ ਨੂੰ ਤੋੜਨ ਲਈ ਉਸ ਨੇ 11 ਨਵੰਬਰ ਨੂੰ ਕਸ਼ਮੀਰ ਦੇ ਲਾਲ ਚੌਕ ਵਿੱਚ ਤਿਰੰਗਾ ਲਹਿਰਾ ਕੇ ਦੌੜ ਸ਼ੁਰੂ ਕੀਤੀ। ਉਸ ਦਾ ਉਦੇਸ਼ 3600 ਕਿਲੋਮੀਟਰ ਦੇ ਇਸ ਸਫ਼ਰ ਨੂੰ 47 ਦਿਨਾਂ ਵਿੱਚ ਪੂਰਾ ਕਰਨ ਦਾ ਹੈ। ਇਸ ਦੇ ਨਾਲ ਹੀ ਵੈਭਵ ਦੇਸ਼ ਦੇ ਨੌਜਵਾਨਾਂ ਨੂੰ ਨਸ਼ੇ ਤਿਆਗ ਕੇ ਰੋਜ਼ਾਨਾਂ ਕਸਰਤ ਕਰਨ, ਖੇਡ ਮੈਦਾਨਾਂ ਵਿੱਚ ਜਾਣ, ਖੇਡਾਂ ਵਿੱਚ ਹਿੱਸਾ ਲੈਣ ਲਈ ਵੀ ਪ੍ਰੇਰਨਾ ਚਾਹੁੰਦਾ ਹੈ। ਇਸ ਯਾਤਰਾ ਵਿੱਚ ਵੈਭਵ ਨਾਲ ਉਸ ਦੇ ਦੋਸਤ ਸ਼ਿਵਾ ਈਕੜੇ, ਸਤੀਸ਼ ਸੁਤਾਰੂ ਤੇ ਜਤਿਨ ਕੁਮਾਰ ਵੀ ਉਸ ਦਾ ਸਾਥ ਦੇ ਰਹੇ ਹਨ। ਵਿਸ਼ਵ ਰਿਕਾਰਡ ਤੋੜਨ ਲਈ ਦੌੜ ਰਹੇ ਵੈਭਵ ਦੀ ਇਸ ਯਾਤਰਾ ਲਈ ਮਹਾਰਾਸ਼ਟਰ ਦੇ ਮੁੱਖ ਮੰਤਰੀ ਏਕਨਾਥ ਸ਼ਿੰਦੇ ਤੇ ਉਨ੍ਹਾਂ ਦਾ ਪੁੱਤਰ ਐੱਮਪੀ ਸ਼੍ਰੀਕਾਂਤ ਸ਼ਿੰਦੇ ਵੱਲੋਂ ਸਹਿਯੋਗ ਦਿੱਤਾ ਜਾ ਰਿਹਾ ਹੈ। ਵੈਭਵ ਨੇ ਦੱਸਿਆ ਕਿ ਇਸ ਯਾਤਰਾ ਦੌਰਾਨ ਲਗਪਗ 10 ਤੋਂ 12 ਲੱਖ ਰੁਪਏ ਖਰਚਾ ਆਵੇਗਾ ਜੋ ਮੁੱਖ ਮੰਤਰੀ ਵੱਲੋਂ ਦਿੱਤਾ ਜਾਵੇਗਾ। ਵੈਭਵ ਨੇ ਕਿਹਾ ਕਿ ਉਹ ਆਪਣੀ ਇਸ ਯਾਤਰਾ ਨਾਲ ਅੱਜ ਦੀ ਨੌਜਵਾਨ ਪੀੜ੍ਹੀ ਨੂੰ ਆਪਣੀ ਸਿਹਤ ਅਤੇ ਆਲੇ-ਦੁਆਲੇ ਵੱਲ ਧਿਆਨ ਕੇਂਦਰਿਤ ਕਰਨ ?ਲਈ ਪ੍ਰੇਰਨਾ ਚਾਹੁੰਦਾ ਹੈ ਤਾਂ ?ਜੋ ਉਹ ਵਧੇਰੇ ਤੰਦਰੁਸਤ ਜੀਵਨ ?ਜਿਉਂ ਸਕਣ। ਵੈਭਵ ਨੇ ਦੱਸਿਆ ਕਿ ਪੰਜਾਬ 'ਚ ਦਾਖਲ ਹੋਣ ਮਗਰੋਂ ਉਸ ਨੂੰ ਬਹੁਤ ਪਿਆਰ ਮਿਲ ਰਿਹਾ ਹੈ। ਇਥੋਂ ਦੇ ਵਸਨੀਕ ਉਸ ਨੂੰ ਘਰੇ ਬੁਲਾ ਕੇ ਸਤਿਕਾਰ ਦੇ ਰਹੇ ਹਨ। ਵੈਭਵ ਨੇ ਕਿਹਾ ਕਿ ਯਾਤਰਾ ਦੌਰਾਨ ਜਦੋਂ ਵੀ ਉਹ ਕਿਸੇ ਗੁਰਦੁਆਰੇ ਵਿੱਚ ਰੁਕਦਾ ਹੈ ਤਾਂ ਉੱਥੇ ਗੁਰੂ ਦਾ ਲੰਗਰ, ਪ੍ਰਸ਼ਾਦਾ ਤੇ ਲੋਕਾਂ ਦਾ ਪਿਆਰ ਉਸ ਨੂੰ ਭਾਵੁਕ ਕਰ ਦਿੰਦਾ ਹੈ। ਪੰਜਾਬੀਆਂ ਦੀ ਮਹਿਮਾਨ ਨਿਵਾਜ਼ੀ ਨੇ ਉਸ ਦਾ ਦਿਲ ਜਿੱਤ ਲਿਆ ਹੈ।

# ਦੋਮੋਰੀਆ ਪੁਲ 90 ਦਿਨਾਂ ਲਈ ਬੰਦ



**ਲੁਧਿਆਣਾ, 22 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਰੇਲਵੇ ਵਿਭਾਗ ਵੱਲੋਂ ਦੋਮੋਰੀਆ ਪੁਲ ਦਾ ਮੁਰੰਮਤ ਕਾਰਜ ਬੁੱਧਵਾਰ ਤੋਂ ਸ਼ੁਰੂ ਕੀਤਾ ਜਾ ਰਿਹ ਹੈ ਜਿਸ ਤਹਿਤ ਅਗਲੇ 90 ਦਿਨਾਂ ਲਈ ਪੁਲ ਨੂੰ ਆਵਾਜਾਈ ਲਈ ਪੂਰਨ ਰੂਪ ਵਿੱਚ ਬੰਦ ਕੀਤਾ ਜਾ ਰਿਹਾ ਹੈ।

ਇਹ ਪੁਲ ਬਹੁਤ ਜ਼ਿਆਦਾ ਪੁਰਾਣਾ ਹੈ, ਜਿਸ 'ਤੇ ਰੇਲਵੇ ਲਾਈਨਾਂ ਨੂੰ ਡਬਲ ਕਰਨ ਦਾ ਕੰਮ ਕੀਤਾ ਜਾਣਾ ਹੈ। ਇਸ ਪੁਲ ਰਾਹੀ ਪੁਰਾਣੇ ਸ਼ਹਿਰ ਦੇ ਇਲਾਕੇ ਨਵੇਂ ਸ਼ਹਿਰ ਦੇ ਇਲਾਕਿਆਂ ਨਾਲ ਜੁੜਦੇ ਹਨ। ਇਸ ਪੁਲ ਦੇ ਬੰਦ ਹੋਣ ਕਰਕੇ ਲੋਕਾਂ ਨੂੰ ਖਾਸੀ ਪ੍ਰੇਸ਼ਾਨੀ ਦਾ ਸਾਹਮਣਾ ਵੀ ਕਰਨਾ ਪਵੇਗਾ।

ਹਾਲਾਂਕਿ, ਟਰੈਫਿਕ ਪੁਲੀਸ ਨੇ ਇਸ ਰੂਟ 'ਤੇ ਪੁਲ ਬੰਦ ਹੋਣ ਕਰਕੇ ਬਦਲਵੇਂ ਰੂਟ ਵੀ ਜਾਰੀ ਕੀਤੇ ਹਨ। ਵੱਖ-ਵੱਖ ਥਾਵਾਂ ਤੋਂ ਰੂਟ ਬਦਲ ਕੇ ਪੁਲੀਸ ਨੇ ਇਸ ਪੁਲ ਦਾ ਕੰਮ ਸ਼ੁਰੂ ਕਰਨ ਦੀ ਤਿਆਰੀ ਕਰਵਾਈ ਹੈ। ਏਸੀਪੀ ਟਰੈਫਿਕ ਜਤਿਨ ਬਾਂਸਲ ਨੇ ਦੱਸਿਆ ਕਿ ਬਦਲਵੇਂ ਰੂਟ ਸੁਚੱਜੇ ਢੰਗ ਨਾਲ ਤਿਆਰ ਕਰਵਾਏ ਹਨ ਤਾਂ ਜੋ ਕਿਸੇ ਨੂੰ ਕੋਈ ਦਿੱਕਤ ਨਾ ਆਵੇ। ਉਨ੍ਹਾਂ ਕਿਹਾ ਕਿ ਪੁਰਾਣੀ ਸਬਜ਼ੀ ਮੰਡੀ ਚੌਕ ਤੋਂ ਦੀਪਕ ਸਿਨੇਮਾ ਵਾਲੇ ਪਾਸੇ ਤੋਂ ਦੋਮੋਰਿਆ ਪੁਲ ਨੂੰ ਜਾਣ ਵਾਲੀ ਟਰੈਫਿਕ ਨੂੰ ਹੁਣ ਲੱਕੜ ਪੁਲ ਵੱਲ ਬਦਲਵੇਂ ਰੂਟ 'ਤੇ ਪਾਇਆ ਗਿਆ ਹੈ।

ਮਾਤਾ ਰਾਣੀ ਚੌਕ ਤੋਂ ਦੀਪਕ ਸਿਨੇਮਾ ਤੋਂ ਪੁਲ ਤੱਕ ਜਾਣ ਵਾਲੇ ਟਰੈਫਿਕ ਨੂੰ ਹੁਣ ਲੱਕੜ ਪੁਲ ਵੱਲ ਜਾਣਾ ਪਵੇਗਾ। ਘੰਟਾ ਘਰ ਦੀ ਆਵਾਜਾਈ ਨੂੰ ਵੀ ਲੱਕੜ ਪੁਲ ਰਾਹੀਂ ਦੋਮੋਰਿਆ ਪੁਲ ਵੱਲ ਜਾਣਾ ਪਵੇਗਾ।

ਦੀਪਕ ਸਿਨੇਮਾ ਰੋਡ 'ਤੇ ਆਵਾਜਾਈ ਨੂੰ ਘੰਟਾਘਰ ਤੋਂ ਹੋ ਕੇ ਲੱਕੜ ਪੁਲ ਵੱਲ ਜਾਣਾ ਪਵੇਗਾ। ਕੈਲਾਸ਼ ਚੌਕ ਟਰੈਫਿਕ ਨੂੰ ਗੋਲ ਬਾਜ਼ਾਰ ਤੋਂ ਹੋ ਕੇ ਲੱਕੜ ਪੁਲ ਅਤੇ ਫਿਰ ਘੰਟਾਘਰ ਵੱਲ ਜਾਣਾ ਪਵੇਗਾ। ਜਦਕਿ ਗੋਲ ਮਾਰਕੀਟ ਦੀ ਆਵਾਜਾਈ ਨੂੰ ਆਪਣੀ ਮੰਜ਼ਿਲ 'ਤੇ ਪਹੁੰਚਣ ਲਈ ਸੈਸ਼ਨ ਚੌਕ ਅਤੇ ਲੱਕੜ ਪੁਲ ਤੋਂ ਲੰਘਣਾ ਪਵੇਗਾ।

# ਚੋਰੀ ਦੇ ਮੋਟਰਸਾਈਕਲਾਂ ਸਣੇ ਚਾਰ ਮੁਲਜ਼ਮ ਗ੍ਰਿਫ਼ਤਾਰ

**ਲੁਧਿਆਣਾ, 22 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਥਾਣਾ ਸਾਹਨੇਵਾਲ ਦੀ ਪੁਲੀਸ ਨੇ ਚੋਰੀ ਦੇ ਮੋਟਰਸਾਈਕਲਾਂ 'ਤੇ ਲੋਕਾਂ ਦੀ ਲੁੱਟ-ਖੋਹ ਕਰਨ ਵਾਲੇ ਗਰੋਹ ਦੇ ਚਾਰ ਮੈਂਬਰ ਕਾਬੂ ਕੀਤੇ ਹਨ। ਪੁਲੀਸ ਨੇ ਮੁਲਜ਼ਮਾਂ ਦੇ ਕਬਜ਼ੇ 'ਚੋਂ ਬਿਨਾਂ ਨੰਬਰ ਪਲੇਟ ਵਾਲੇ ਚੋਰੀ ਦੇ ਮੋਟਰਸਾਈਕਲ, ਵੱਖ-ਵੱਖ ਕੰਪਨੀਆਂ ਦੇ ਛੇ ਮੋਬਾਈਲ ਫੋਨ ਤੇ ਤੇਜ਼ਧਾਰ ਹਥਿਆਰ ਬਰਾਮਦ ਕੀਤੇ ਹਨ। ਮੁਲਜ਼ਮਾਂ ਦੀ ਪਛਾਣ ਅਮਿਤ ਕੁਮਾਰ ਉਰਫ਼ ਮਿੱਕੀ ਵਾਸੀ ਮੱਕੜ ਕਲੋਨੀ ਇਲਾਕਾ ਗਿਆਸਪੁਰਾ, ਰੋਹਿਤ ਕੁਮਾਰ ਉਰਫ ਬਿਹਾਰੀ ਵਾਸੀ ਹੀਰੋ ਸੁਮਨ ਨਗਰ ਲੋਹਾਰਾ ਰੋਡ, ਰਤਨ ਚੰਦ ਵਰਮਾ ਉਰਫ ਹਨੀ ਵਾਸੀ ਪ੍ਰੇਮ ਨਗਰ ਲੋਹਾਰਾ ਅਤੇ ਦੀਪਕ ਕੁਮਾਰ ਵਜੋਂ ਹੋਈ ਹੈ। ਪੁਲੀਸ ਵੱਲੋਂ ਮੁਲਜ਼ਮਾਂ ਨੂੰ ਅਦਾਲਤ ਵਿੱਚ ਪੇਸ਼ ਕੀਤਾ ਗਿਆ ਜਿੱਥੋਂ ਉਨ੍ਹਾਂ ਨੂੰ ਦੋ ਦਿਨ ਦੇ ਪੁਲੀਸ ਰਿਮਾਂਡ 'ਤੇ ਭੇਜ ਦਿੱਤਾ ਗਿਆ ਹੈ। ਥਾਣਾ ਸਾਹਨੇਵਾਲ ਦੇ ਐੱਸਐੱਚਓ ਇੰਸਪੈਕਟਰ ਜਗਦੇਵ ਸਿੰਘ ਨੇ ਦੱਸਿਆ ਕਿ ਪੁਲੀਸ ਪਾਰਟੀ ਨੇ ਇਲਾਕੇ ਵਿੱਚ ਨਾਕਾਬੰਦੀ ਕੀਤੀ ਹੋਈ ਸੀ। ਇਸ ਦੌਰਾਨ ਪੁਲੀਸ ਨੂੰ ਪਤਾ ਲੱਗਾ ਕਿ ਬਿਹਾਰੀ ਚੌਕ ਦਾ ਰਹਿਣ ਵਾਲਾ ਵਿਪਨ ਕੁਮਾਰ ਫ਼ੋਨ 'ਤੇ ਗੱਲ ਕਰ ਰਿਹਾ ਸੀ ਤਾਂ ਬਾਈਕ ਸਵਾਰ ਨੌਜਵਾਨਾਂ ਨੇ ਉਸਨੂੰ ਘੇਰ ਲਿਆ ਅਤੇ ਉਸ ਦਾ ਮੋਬਾਈਲ ਫ਼ੋਨ ਲੁੱਟ ਕੇ ਫ਼ਰਾਰ ਹੋ ਗਏ। ਜਦੋਂ ਮਾਮਲੇ ਦੀ ਜਾਂਚ ਕੀਤੀ ਗਈ ਤਾਂ ਪਤਾ ਲੱਗਾ ਕਿ ਮੁਲਜ਼ਮਾਂ ਨੇ ਲੁੱਟ ਦੀ ਵਾਰਦਾਤ ਨੂੰ ਅੰਜਾਮ ਦਿੱਤਾ ਹੈ। ਜਿਸ ਤੋਂ ਬਾਅਦ ਪੁਲੀਸ ਨੇ ਮੁਲਜ਼ਮ ਨੂੰ ਗ੍ਰਿਫਤਾਰ ਕਰ ਲਿਆ। ਪੁਲਸ ਪੁੱਛ-ਪੜਤਾਲ 'ਚ ਸਾਹਮਣੇ ਆਇਆ ਕਿ ਮੁਲਜ਼ਮ ਕਈ ਵਾਰਦਾਤਾਂ ਕਰ ਚੁੱਕੇ ਹਨ। ਪੁਲੀਸ ਨੇ ਪੰਜ ਵਾਰਦਾਤਾਂ ਨੂੰ ਸੁਲਝਾ ਲਿਆ ਹੈ। ਪੁਲੀਸ ਦਾ ਕਹਿਣਾ ਹੈ ਕਿ ਪੁੱਛਗਿੱਛ ਦੌਰਾਨ ਹੋਰ ਵੀ ਕਈ ਖੁਲਾਸੇ ਹੋਣ ਦੀ ਸੰਭਾਵਨਾ ਹੈ।

ਇਥੇ ਪੁਲੀਸ ਨੇ ਅੱਜ ਤਿੰਨ ਵਿਅਕਤੀਆਂ ਨੂੰ ਲੁੱਟ-ਖੋਹ ਕਰਨ ਦੇ ਦੋਸ਼ ਹੇਠ ਕਾਬੂ ਕੀਤਾ ਹੈ। ਪੁਲੀਸ ਨੇ ਮੁਲਜ਼ਮਾਂ ਦੇ ਕਬਜ਼ੇ ਵਿੱਚੋਂ 21 ਮੋਬਾਈਲ ਫੋਨ ਵੀ ਬਰਾਮਦ ਕੀਤੇ ਹਨ। ਮੁਲਜ਼ਮਾਂ ਦੀ ਪਛਾਣ ਅਮਿਤ ਕੁਮਾਰ ਉਰਫ਼ ਮਿੱਕੀ ਵਾਸੀ ਮੱਕੜ ਕਲੋਨੀ ਇਲਾਕਾ ਗਿਆਸਪੁਰਾ, ਰੋਹਿਤ ਕੁਮਾਰ ਉਰਫ ਬਿਹਾਰੀ ਵਾਸੀ ਹੀਰੋ ਸੁਮਨ ਨਗਰ ਲੋਹਾਰਾ ਰੋਡ, ਰਤਨ ਚੰਦ ਵਰਮਾ ਉਰਫ ਹਨੀ ਵਾਸੀ ਪ੍ਰੇਮ ਨਗਰ ਲੋਹਾਰਾ ਅਤੇ ਦੀਪਕ ਕੁਮਾਰ ਵਜੋਂ ਹੋਈ ਹੈ। ਪੁਲੀਸ ਵੱਲੋਂ ਮੁਲਜ਼ਮਾਂ ਨੂੰ ਅਦਾਲਤ ਵਿੱਚ ਪੇਸ਼ ਕੀਤਾ ਗਿਆ ਜਿੱਥੋਂ ਉਨ੍ਹਾਂ ਨੂੰ ਦੋ ਦਿਨ ਦੇ ਪੁਲੀਸ ਰਿਮਾਂਡ 'ਤੇ ਭੇਜ ਦਿੱਤਾ ਗਿਆ ਹੈ। ਥਾਣਾ ਸਾਹਨੇਵਾਲ ਦੇ ਐੱਸਐੱਚਓ ਇੰਸਪੈਕਟਰ ਜਗਦੇਵ ਸਿੰਘ ਨੇ ਦੱਸਿਆ ਕਿ ਪੁਲੀਸ ਪਾਰਟੀ ਨੇ ਇਲਾਕੇ ਵਿੱਚ ਨਾਕਾਬੰਦੀ ਕੀਤੀ ਹੋਈ ਉਕਤੇ ਤਿੰਨੇ ਮੁਲਜ਼ਮਾਂ ਨੂੰ ਸੀਆਈਏ ਦੀ ਟੀਮ ਨੇ ਗ੍ਰਿਫ਼ਤਾਰ ਕੀਤਾ ਹੈ। ਮੁਲਜ਼ਮਾਂ ਦੀ ਪਛਾਣ ਹਰਮਨਜੋਤ ਸਿੰਘ ਉਰਫ਼ ਕਾਕਾ ਵਾਸੀ ਮੁਹੱਲਾ ਆਦਰਸ਼ਨ ਨਗਰ, ਭੋਲੂ ਉਰਫ਼ ਗੋਲੂ ਵਾਸੀ ਆਦਰਸ਼ਨ ਨਗਰ ਤੇ ਪ੍ਰਿੰਸ ਕੁਮਾਰ ਵਾਸੀ ਮੁਹੱਲਾ ਗੁਰ ਅਰਜੁਨ ਦੇਨ ਨਗਰ ਵੱਜੋਂ ਹੋਈ ਹੈ। ਜਾਣਕਾਰੀ ਮੁਤਾਬਕ ਸੀਆਈਏ-1 ਦੀ ਟੀਮ ਨੂੰ ਪੁਰਾਣੇ ਸਿਵਲ ਹਸਪਤਾਲ ਨੇੜੇ ਨਾਕਾਬੰਦੀ ਦੌਰਾਨ ਸੂਚਨਾ ਮਿਲੀ ਸੀ ਕਿ ਮੁਲਜ਼ਮ ਰਾਹਗੀਰਾਂ ਨੂੰ ਲੁੱਟ ਰਹੇ ਹਨ ਜਿਸ ਮਗਰੋਂ ਪੁਲੀਸ ਨੇ ਕਾਰਵਾਈ ਕੀਤੀ।

# ਕਿਸਾਨ ਆਗੂਆਂ ਵੱਲੋਂ 26 ਦੇ ਧਰਨੇ ਸਬੰਧੀ ਤਿਆਰੀਆਂ ਦਾ ਜਾਇਜ਼ਾ

**ਲੁਧਿਆਣਾ, 22 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸੰਯੁਕਤ ਕਿਸਾਨ ਮੋਰਚਾ ਤੇ ਟਰੇਡ ਯੂਨੀਅਨਾਂ ਵੱਲੋਂ ਦਿੱਤੇ ਦੇਸ਼ ਵਿਆਪੀ ਸੱਦੇ ਤਹਿਤ 26 ਨਵੰਬਰ ਨੂੰ ਜ਼ਿਲ੍ਹਾ ਹੈੱਡ ਕੁਆਰਟਰਾਂ 'ਤੇ ਦਿੱਤੇ ਜਾਣ ਵਾਲੇ ਧਰਨਿਆਂ ਦੀਆਂ ਤਿਆਰੀਆਂ ਦਾ ਜਾਇਜ਼ਾ ਲੈਣ ਲਈ ਅੱਜ ਕਿਸਾਨ ਜਥੇਬੰਦੀਆਂ ਦੇ ਆਗੂਆਂ ਨੇ ਮੀਟਿੰਗ ਕੀਤੀ। ਸ਼ਹੀਦ ਕਰਨੈਲ ਸਿੰਘ ਈਸੜੂ ਭਵਨ ਵਿੱਚ ਇਹ ਮੀਟਿੰਗ ਬੋਘ ਸਿੰਘ ਮਾਨਸਾ ਤੇ ਰਾਮਿੰਦਰ ਸਿੰਘ ਪਟਿਆਲਾ ਦੀ ਪ੍ਰਧਾਨਗੀ ਹੇਠ ਹੋਈ। ਇਸ ਦੌਰਾਨ ਫ਼ੈਸਲਾ ਕੀਤਾ ਗਿਆ ਕਿ 22 ਨਵੰਬਰ ਨੂੰ ਜ਼ਿਲ੍ਹਿਆਂ ਵਿੱਚ ਟ੍ਰੇਡ ਯੂਨੀਅਨਾਂ ਨਾਲ ਸਾਂਝੀਆਂ ਮੀਟਿੰਗਾਂ ਕਰਕੇ 26 ਨਵੰਬਰ ਦੇ ਧਰਨਿਆਂ ਦੀਆਂ ਤਿਆਰੀਆਂ ਨੂੰ ਆਖਰੀ ਛੋਹਾਂ ਦਿੱਤੀਆਂ ਜਾਣਗੀਆਂ। ਦਿੱਲੀ ਕਿਸਾਨ ਅੰਦੋਲਨ ਕਿਸਾਨਾਂ ਨਾਲ ਕੀਤੇ ਵਾਅਦਿਆਂ ਤੋਂ ਮੁੱਕਰੀ ਕੇਂਦਰ ਸਰਕਾਰ ਖ਼ਿਲਾਫ਼ ਅੰਦੋਲਨ ਦੀ ਚੌਥੀ ਵਰ੍ਹੇਗੰਢ ਮੌਕੇ 26 ਨਵੰਬਰ ਨੂੰ ਧਰਨੇ ਦਿੱਤੇ ਜਾਣਗੇ। ਜਿਨ੍ਹਾਂ ਵਿੱਚ ਸਾਰੀਆਂ ਫ਼ਸਲਾਂ ਤੇ ਐਮਐਸਪੀ ਉੱਪਰ ਖਰੀਦ ਦੀ ਕਾਨੂੰਨੀ ਗਰੰਟੀ, ਕਿਸਾਨਾਂ ਮਜ਼ਦੂਰਾਂ ਦੀ ਕਰਜ਼ਾ ਮੁਕਤੀ, ਕਿਸਾਨਾਂ ਮਜ਼ਦੂਰਾਂ ਨੂੰ 60 ਸਾਲ ਦੀ ਉਮਰ ਹੋਣ ਤੇ 10 ਹਜ਼ਾਰ ਰੁਪਏ ਮਹੀਨਾ ਪੈਨਸ਼ਨ, ਬਿਜਲੀ ਬਿੱਲ 2022 ਦੀ ਵਾਪਸੀ, ਸਰਕਾਰੀ ਖਰਚੇ ਤੇ ਫ਼ਸਲੀ ਬੀਮਾ ਯੋਜਨਾ ਲਾਗੂ ਕਰਨ, ਖਾਦਾਂ ਅਤੇ ਜਨਤਕ ਵੰਡ ਪ੍ਰਣਾਲੀ ਰਾਂਹੀ ਅਨਾਜ ਉਪਰ ਮਿਲ ਰਹੀ ਸਬਸਿਡੀ ਘਟਾਉਣ ਦਾ ਫ਼ੈਸਲਾ ਵਾਪਸ ਲੈਣ, ਚਾਰੇ ਲੇਬਰ ਕੋਡ ਨੂੰ ਰੱਦ ਕੀਤੇ ਜਾਣ ਆਦਿ ਮੰਗਾਂ ਉਠਾਈਆਂ ਜਾਣਗੀਆਂ।

# ਤੁਹਾਡੀ ਸਿਹਤ

## ਆਂਵਲੇ ਨਾਲ ਕਰੋ ਸ਼ਰੀਰ ਦੀਆਂ ਕਈ ਬੀਮਾਰੀਆਂ ਦੇ ਇਲਾਜ



ਆਂਵਲਾ ਕੋਈ ਆਮ ਫ਼ਲ ਨਹੀਂ ਹੈ ਇਹ ਤਾਂ ਇੱਕ ਔਸ਼ਧੀ ਫ਼ਲ ਹੈ ਆਂਵਲੇ ਵਿੱਚ ਭਰਪੂਰ ਮਾਤਰਾ ਵਿੱਚ ਐਂਟੀਆਕਸੀਡੈਂਟ ਮੌਜੂਦ ਹੁੰਦੇ ਹਨ, ਜੋ ਅਨਗਿਣਤ ਬੀਮਾਰੀਆਂ ਨੂੰ ਦੂਰ ਕਰਨ ਵਿੱਚ ਸਹਾਈ ਹੁੰਦੇ ਹਨ। ਆਂਵਲੇ ਵਿੱਚ ਵਿਟਾਮਿਨ ਸੀ , ਕੈਲਸ਼ੀਅਮ, ਫ਼ਾਸਫ਼ੋਰਸ, ਪੋਟਾਸ਼ੀਅਮ, ਜ਼ਿੰਕ, ਕੈਰੋਟੀਨ, ਪ੍ਰੋਟੀਨ, ਵਿਟਾਮਿਨ ਏ, ਈ ਅਤੇ ਬੀ ਕਾਮਪਲੈਕਸ, ਸੋਡੀਅਮ, ਫ਼ਾਈਬਰ ਵਰਗੇ ਜ਼ਰੂਰੀ ਪੋਸ਼ਕ ਤੱਤ ਮੌਜੂਦ ਹੁੰਦੇ ਹਨ। ਆਂਵਲੇ ਦੀ ਵਰਤੋਂ ਸਦੀਆਂ ਤੋਂ ਹੁੰਦੀ ਆ ਰਹੀ ਹੈ। ਸਾਡੇ ਬਜ਼ੁਰਗ ਵੀ ਛੋਟੀ ਤੋਂ ਛੋਟੀ ਸਮੱਸਿਆ ਹੋਣ 'ਤੇ ਆਂਵਲੇ ਨੂੰ ਖਾਣ ਦੀ ਸਲਾਹ ਦਿੰਦੇ ਸਨ। ਆਓ ਜਾਣਦੇ ਹਾਂ ਇੱਕ ਛੋਟਾ ਜਿਹਾ ਆਂਵਲਾ ਕਿਵੇਂ ਵੱਡੀ ਤੋਂ ਵੱਡੀ ਬੀਮਾਰੀਆਂ ਨੂੰ ਦੂਰ ਕਰਦਾ ਹੈ। ਆਓ ਜਾਣਦੇ ਹਾਂ ਇਸ ਦੇ ਫ਼ਾਇਦਿਆਂ ਬਾਰੇ...

1. ਡਾਇਬੀਟੀਜ਼

ਡਾਇਬੀਟੀਜ਼ ਦੇ ਮਰੀਜਾਂ ਲਈ ਆਂਵਲਾ ਵਰਦਾਨ ਹੈ ਜੇ ਤੁਸੀਂ ਵੀ ਸ਼ੂਗਰ ਦੇ ਮਰੀਜ ਹੋ ਤਾਂ ਹਲਦੀ ਦੇ ਨਾਲ ਆਂਵਲੇ ਦੀ ਵਰਤੋਂ ਕਰੋ। ਇਸ ਨਾਲ ਕਾਫ਼ੀ ਫ਼ਾਇਦਾ ਮਿਲਦਾ ਹੈ।

2. ਪੱਥਰੀ

ਬਦਲਦੇ ਲਾਈਫ਼ ਸਟਾਈਲ ਵਿੱਚ ਪੱਥਰੀ ਦੀ ਸ਼ਿਕਾਇਤ ਬਹੁਤ ਸਾਰੇ ਲੋਕਾਂ ਨੂੰ ਹੁੰਦੀ ਹੈ। ਪੱਥਰੀ ਹੋਣ 'ਤੇ ਸੁੱਕੇ ਆਂਵਲੇ ਦੇ ਚੂਰਨ ਨੂੰ ਮੂਲੀ ਦੇ ਰਸ ਵਿੱਚ ਮਿਲਾ ਕੇ ਖਾਓ। ਅਜਿਹਾ 40 ਦਿਨਾਂ ਤੱਕ ਕਰਨ ਨਾਲ ਪੱਥਰੀ ਨਿਕਲ ਜਾਂਦੀ ਹੈ।

3. ਬਵਾਸੀਰ

ਬਵਾਸੀਰ ਕਾਫ਼ੀ ਦਰਦਨਾਕ ਬੀਮਾਰੀ ਹੈ। ਬਵਾਸੀਰ ਦੇ ਮਰੀਜ ਲਈ ਆਂਵਲਾ ਕਾਫ਼ੀ ਫ਼ਾਇਦੇਮੰਦ ਸਾਬਤ ਹੁੰਦਾ ਹੈ। ਸੁੱਕੇ ਆਂਵਲੇ ਦੇ ਚੂਰਨ ਨੂੰ ਗਾਂ ਦੇ ਦੁੱਧ ਨਾਲ ਸਵੇਰੇ-ਸ਼ਾਮ ਲਗਾਤਾਰ ਕੁਝ ਦਿਨਾਂ ਤੱਕ ਲੈਣ ਨਾਲ ਫ਼ਾਇਦਾ ਹੁੰਦਾ ਹੈ।

4. ਖਾਂਸੀ ਅਤੇ ਕੌਫ਼

ਬਦਲਦੇ ਮੌਸਮ ਵਿੱਚ ਖਾਂਸੀ ਅਤੇ ਕਫ਼ ਦੀ ਸਮੱਸਿਆ ਬਹੁਤ ਲੋਕਾਂ ਨੂੰ ਰਹਿੰਦੀ ਹੈ। ਅਜਿਹੀ ਸਥਿਤੀ ਵਿੱਚ ਦਿਨ ਵਿੱਚ ਤਿੰਨ ਵਾਰ ਆਂਵਲੇ ਦੇ ਮੁਰੱਬੇ ਨਾਲ ਦੁੱਧ ਪੀਓ। ਇਸ ਤੋਂ ਇਲਾਵਾ ਖਾਂਸੀ ਜ਼ਿਆਦਾ ਆ ਰਹੀ ਹੈ ਤਾਂ ਆਂਵਲੇ ਨੂੰ ਸ਼ਹਿਦ ਵਿੱਚ ਮਿਲਾ ਕੇ ਪੀਓ।

5. ਪੇਸ਼ਾਬ ਦੀ ਸਮੱਸਿਆ

ਜੇ ਤੁਹਾਨੂੰ ਪੇਸ਼ਾਬ ਦੌਰਾਨ ਜਲਣ ਹੁੰਦੀ ਹੈ ਤਾਂ ਆਂਵਲੇ ਦੇ ਰਸ ਵਿੱਚ ਸ਼ਹਿਦ ਮਿਲਾ ਕੇ ਖਾਓ। ਇਸ ਨਾਲ ਜਲਣ ਦੀ ਸਮੱਸਿਆ ਤੁਰੰਤ ਦੂਰ ਹੋ ਜਾਂਦੀ ਹੈ।

6. ਦਿਲ ਦੇ ਮਰੀਜ਼

ਦਿਲ ਦੇ ਮਰੀਜ ਲਈ ਆਂਵਲਾ ਕਾਫ਼ੀ ਫ਼ਾਇਦੇਮੰਦ ਹੈ, ਜੇ ਤੁਸੀਂ ਵੀ ਦਿਲ ਦੇ ਮਰੀਜ ਹੋ ਤਾਂ ਹਰ ਰੋਜ਼ ਤਿੰਨ ਆਂਵਲੇ ਦੀ ਵਰਤੋਂ ਜ਼ਰੂਰ ਕਰੋ। ਇਸ ਤੋਂ ਇਲਾਵਾ ਆਂਵਲੇ ਦਾ ਮੁਰੱਬਾ ਵੀ ਖਾ ਸਕਦੇ ਹੋਂ ।

## ਗਿਰੀਦਾਰ ਫਲਾਂ ਵਿਚ ਛੁਪਿਆ ਹੈ ਸਿਹਤ ਦਾ ਰਾਜ਼

ਸਰਦੀਆਂ ਦਾ ਮੌਸਮ ਸਿਹਤ ਬਣਾਉਣ ਲਈ ਸਭ ਤੋਂ ਵਧੀਆ ਹੁੰਦਾ ਹੈ। ਇਸ ਮੌਸਮ ਵਿਚ ਭੁੱਖ ਜ਼ਿਆਦਾ ਲਗਦੀ ਹੈ ਅਤੇ ਖਾਧਾ-ਪੀਤਾ ਪਚ ਵੀ ਜਾਂਦਾ ਹੈ। ਅਜਿਹੇ ਵਿਚ ਅਸੀਂ ਸੰਤੁਲਤ ਅਤੇ ਪੋਸ਼ਕ ਪਦਾਰਥਾਂ ਦਾ ਸੇਵਨ ਜ਼ਿਆਦਾ ਮਾਤਰਾ ਵਿਚ ਕਰ ਸਕਦੇ ਹਾਂ। ਇਹ ਮੌਸਮ ਸੁੱਕੇ ਮੇਵਿਆਂ ਦੇ ਸੇਵਨ ਲਈ ਵੀ ਕਾਫੀ ਚੰਗਾ ਮੰਨਿਆ ਜਾਂਦਾ ਹੈ।

ਇਹ ਪਦਾਰਥ ਸਿਹਤ ਲਈ ਕਾਫੀ ਚੰਗੇ ਹੁੰਦੇ ਹਨ। ਇਨ੍ਹਾਂ ਵਿਚ ਪੋਸ਼ਕ ਤੱਤਾਂ ਦੀ ਭਰਮਾਰ ਹੁੰਦੀ ਹੈ। ਇਹ ਪ੍ਰੋਟੀਨ, ਖਣਿਜ ਅਤੇ ਐਂਟੀਆਕਸੀਡੈਂਟ ਵਿਟਾਮਿਨ ਦੇ ਚੰਗੇ ਸਰੋਤ ਹਨ।



ਮੂੰਗਫਲੀ : ਹਾਰਵਰਡ ਸਕੂਲ ਪਬਲਿਕ ਹੈਲਥ ਦੀ ਇਕ ਅਧਿਐਨ ਰਿਪੋਰਟ ਅਨੁਸਾਰ ਜੇ ਔਰਤਾਂ 28 ਗ੍ਰਾਮ ਦੀ ਮਾਤਰਾ ਵਿਚ ਮੂੰਗਫਲੀ ਦਾ ਹਫਤੇ ਵਿਚ 4-5 ਵਾਰ ਸੇਵਨ ਕਰਦੀਆਂ ਹਨ ਤਾਂ ਉਨ੍ਹਾਂ ਨੂੰ ਸ਼ੂਗਰ ਦਾ ਖਤਰਾ ਘੱਟ ਹੁੰਦਾ ਹੈ। ਮੂੰਗਫਲੀ ਦੀ ਉੱਚ ਮਾਤਰਾ ਵਿਚ ਅਸੰਤ੍ਰਪਤ ਚਰਬੀ, ਮੈਗਨੀਸ਼ੀਅਮ ਅਤੇ ਰੇਸ਼ੇ ਹੁੰਦੇ ਹਨ ਜੋ ਸ਼ੂਗਰ ਦੇ ਖ਼ਤਰੇ ਨੂੰ ਘੱਟ ਕਰਦੇ ਹਨ। ਇਸ ਵਿਚ ਅਜਿਹੇ ਰੇਸ਼ੇ ਵੀ ਹੁੰਦੇ ਹਨ, ਜਿਨ੍ਹਾਂ ਨਾਲ ਇੰਸੁਲਿਨ ਦਾ ਸ੍ਰਾਵ ਵਧਣ ਵਿਚ ਸਹਾਇਤਾ ਮਿਲਦੀ ਹੈ।

ਇਨ੍ਹਾਂ ਵਿਚ ਓਮੇਗਾ-2 ਫੈਟਸ ਦੀ ਉੱਚ ਮਾਤਰਾ ਹੁੰਦੀ ਹੈ ਜੋ ਸਿਹਤਮੰਦ ਸੈੱਲਾਂ ਨੂੰ ਸੁਰੱਖਿਅਤ ਰੱਖਦੀ ਹੈ ਅਤੇ ਖ਼ੂਨ ਵਿਚ ਕੋਲੈਸਟ੍ਰੋਲ ਦੀ ਮਾਤਰਾ ਨੂੰ ਘੱਟ ਕਰਕੇ ਚਮੜੀ ਨੂੰ ਲਚੀਲਾ ਬਣਾਉਂਦੀ ਹੈ। ਇਹ ਆਇਰਨ, ਜ਼ਿੰਕ, ਵਿਟਾਮਿਨ 'ਈ', ਫੋਲਿਕ ਐਸਿਡ ਆਦਿ ਨਾਲ ਭਰਪੂਰ ਹੁੰਦੀ ਹੈ, ਜੋ ਰਿਜਰਵੇਟ੍ਰਾਲ ਬਣਾਉਂਦੇ ਹਨ। ਰਿਜਰਵੇਟ੍ਰਾਲ ਕੈਂਸਰ ਪੈਦਾ ਕਰਨ ਵਾਲੇ ਮੁਕਤ ਰੈਡੀਕਲਸ ਨੂੰ ਖਤਮ ਕਰਦਾ ਹੈ।

ਅਖਰੋਟ : ਪੇਨ ਸਟੇਟ ਯੂਨੀਵਰਸਿਟੀ ਅਨੁਸਾਰ ਅਖਰੋਟ ਸਿਰਫ ਐਲ.ਡੀ.ਐਲ. (ਬੁਰੇ ਕੋਲੈਸਟ੍ਰੋਲ) ਨੂੰ ਹੀ ਘੱਟ ਨਹੀਂ ਕਰਦੇ, ਸਗੋਂ ਇਨ੍ਹਾਂ ਦੇ ਸੇਵਨ ਨਾਲ ਖ਼ੂਨ ਵਹਿਣੀ ਨਲਿਕਾਵਾਂ ਵਿਚ ਸੋਜ ਵੀ ਘੱਟ ਹੁੰਦੀ ਹੈ, ਜਿਸ ਨਾਲ ਦਿਲ ਦੇ ਰੋਗਾਂ ਦੀ ਸੰਭਾਵਨਾ ਘੱਟ ਹੋ ਜਾਂਦੀ ਹੈ।

ਅਖਰੋਟ ਵਿਟਾਮਿਨ 'ਈ', ਆਇਰਨ, ਮੈਂਗਨੀਜ਼, ਫਾਸਫੋਰਸ, ਪੋਟਾਸ਼ੀਅਮ ਦਾ ਕਾਫੀ ਵਧੀਆ ਸਰੋਤ ਹੈ। ਨਾਲ ਹੀ ਇਸ ਵਿਚ ਫੋਲਿਕ ਐਸਿਡ ਵੀ ਭਰਪੂਰ ਮਾਤਰਾ ਵਿਚ ਹੁੰਦਾ ਹੈ, ਜੋ ਹੱਡੀਆਂ ਦੇ ਨਿਰਮਾਣ ਅਤੇ ਦਿਲ ਦੀ ਸਿਹਤ ਨੂੰ ਬਣਾਈ ਰੱਖਣ ਵਿਚ ਸਹਾਇਕ ਹੁੰਦਾ ਹੈ। ਇਸ ਵਿਚ ਵਿਟਾਮਿਨ 'ਬੀ' (ਪੀ.ਐੱਮ.ਸੀ.) ਦੀ ਘੱਟ ਸੰਭਾਵਨਾ ਹੁੰਦੀ ਹੈ।

ਕਾਜੂ : ਇਸ ਵਿਚ ਆਇਰਨ ਦੀ ਭਰਪੂਰ ਮਾਤਰਾ ਹੁੰਦੀ ਹੈ। ਇਹ ਸਾਨੂੰ ਅਨੀਮੀਆ ਤੋਂ ਬਚਾਉਂਦਾ ਹੈ। ਇਸ ਵਿਚ ਜ਼ਿੰਕ ਉੱਚ ਮਾਤਰਾ ਵਿਚ ਹੁੰਦਾ ਹੈ, ਜੋ ਸਰੀਰ ਦੇ ਆਮ ਵਿਕਾਸ ਲਈ ਜ਼ਰੂਰੀ ਹੁੰਦਾ ਹੈ, ਸੈਕਸੁਅਲ ਵਿਕਾਸ ਵਿਚ ਸਹਾਇਕ ਹੁੰਦਾ ਹੈ ਅਤੇ ਇਮਿਊਨ ਸਿਸਟਮ ਦੀ ਪੁਨਰਉਤਪਤੀ ਲਈ ਜ਼ਰੂਰੀ ਹੈ।

ਇਸ ਤੋਂ ਇਲਾਵਾ ਕਾਜੂ ਕਾਪਰ, ਮੈਂਗਨੀਜ਼, ਫਾਸਫੋਰਸ, ਮੈਗਨੀਸ਼ੀਅਮ, ਵਿਟਾਮਿਨ 'ਬੀ' ਅਤੇ 'ਈ' ਦਾ ਵਧੀਆ ਸਰੋਤ ਹੈ।

ਬਦਾਮ : ਇਹ ਪ੍ਰੋਟੀਨ ਦਾ ਚੰਗਾ ਸਰੋਤ ਹਨ। ਇਨ੍ਹਾਂ ਵਿਚ ਮੈਗਨੀਸ਼ੀਅਮ, ਪੋਟਾਸ਼ੀਅਮ, ਫਾਸਫੋਰਸ, ਕਾਪਰ, ਵਿਟਾਮਿਨ ਬੀ-2 ਅਤੇ ਹੋਰ ਐਂਟੀ-ਆਕਸੀਡੈਂਟ ਤੱਤ ਮੌਜੂਦ ਹਨ ਜੋ ਕੈਂਸਰ ਨਾਲ ਲੜਨ ਵਿਚ ਸਹਾਇਤਾ ਕਰਦੇ ਹਨ।

ਇਨ੍ਹਾਂ ਵਿਚ ਕੈਲਸ਼ੀਅਮ ਦੀ ਉੱਚ ਮਾਤਰਾ ਹੁੰਦੀ ਹੈ। ਜੋ ਲੋਕ ਉੱਚ ਕੋਲੈਸਟ੍ਰੋਲ ਦੀ ਸਮੱਸਿਆ ਤੋਂ ਪੀੜਤ ਹਨ, ਉਹ ਨਿਯਮਤ ਰੂਪ ਨਾਲ ਦਿਨ ਭਰ ਵਿਚ ਇਕ ਔਂਸ ਦੀ ਮਾਤਰਾ ਵਿਚ ਬਦਾਮ ਦਾ ਸੇਵਨ ਕਰਨ ਤਾਂ ਉਹ ਇਸ ਤੋਂ ਬਚ ਸਕਦੇ ਹਨ।



# ਸੱਪ ਲੜ ਜਾਏ ਤਾਂ ਕੀ ਕਰੀਏ ?



ਡਾ. ਮਨਜੀਤ ਸਿੰਘ ਬੱਲ
MBBS; MD; FICP
835000237

ਸੱਪ ਲੜਨ ਨਾਲ ਹਰ ਸਾਲ ਵਿਸ਼ਵ ਵਿੱਚ ਅਨੇਕਾਂ ਲੋਕ ਮਰਦੇ ਜਾਂ ਬਿਮਾਰ ਹੁੰਦੇ ਹਨ। ਸੱਪ ਫੜਨ ਵਾਲੇ ਜਾਂ ਜਿਹੜੇ ਲੋਕ ਬਾਹਰ ਖੇਤਾਂ ਜਾਂ ਜੰਗਲਾਂ 'ਚ ਰਹਿੰਦੇ ਹਨ, ਨੂੰ ਇਸ ਡੰਗ ਦਾ ਵਧੇਰੇ ਖ਼ਤਰਾ ਰਹਿੰਦਾ ਹੈ। ਐਸੀਆਂ ਮੌਤਾਂ ਦੀ ਗਿਣਤੀ ਵੱਖ ਵੱਖ ਭੂਗੋਲਿਕ ਖੇਤਰਾਂ ਵਿੱਚ ਵੱਖ ਵੱਖ ਹੈ। ਆਸਟ੍ਰੇਲੀਆ, ਯੂਰਪ ਤੇ ਉਤਰੀ ਅਮਰੀਕਾ ਵਿੱਚ ਸੱਪ ਲੜਨ ਨਾਲ ਵਧੇਰੇ ਮੌਤਾਂ ਨਹੀਂ ਹੁੰਦੀਆਂ, ਪਰ ਸੰਸਾਰ ਦੇ ਕਈ ਭਾਗਾਂ ਵਿੱਚ ਇਹ ਗਿਣਤੀ ਕਾਫੀ ਹੁੰਦੀ ਹੈ, ਖ਼ਾਸ ਕਰਕੇ ਜਿੱਥੇ ਸਿਹਤ ਸਹੂਲਤਾਂ ਦੀ ਘਾਟ ਹੁੰਦੀ ਹੈ।

ਸੱਪ ਲੜਨ ਦੇ ਕੇਸ ਆਮ ਕਰਕੇ ਬਰਸਾਤਾਂ ਦੇ ਮੌਸਮ ਵਿੱਚ ਆਉਂਦੇ ਹਨ। ਸਰਕਾਰੀ ਅੰਕੜਿਆਂ ਅਨੁਸਾਰ ਸਾਲਾਨਾ ਸਿਰਫ 2000 ਮੌਤਾਂ ਹੁੰਦੀਆਂ ਹਨ ਜਦਕਿ ਖੋਜਕਾਰ 'ਕੌਂਤੀਆ ਸਿਨਹਾ' ਦੇ ਇਕ ਅੰਗਰੇਜ਼ੀ ਅਖ਼ਬਾਰ ਵਿੱਚ ਛਪੇ ਅਧਿਐਨ (2011) ਅਨੁਸਾਰ ਇਹ ਅੰਕੜਾ ਕਰੀਬ 46000 ਹੈ। ਦੁਨੀਆਂ ਵਿੱਚ ਸੱਪਾਂ ਦੀਆਂ ਤਕਰੀਬਨ 3000 'ਚੋਂ ਸਿਰਫ 15% ਕਿਸਮਾਂ ਹੀ ਜ਼ਹਿਰੀਲੀਆਂ ਹਨ। ਭਾਰਤ ਵਿੱਚ ਸੱਪਾਂ ਦੀਆਂ ਤਕਰੀਬਨ 270 ਕਿਸਮਾਂ ਹਨ। ਵਧੇਰੇ ਸੱਪ ਜ਼ਹਿਰੀਲੇ ਨਹੀਂ ਹੁੰਦੇ। ਜਿਹੜੇ ਜ਼ਹਿਰੀਲੇ ਨਹੀਂ ਹੁੰਦੇ ਉਹਨਾਂ ਨਾਲ ਵੀ ਸਰੀਰ 'ਤੇ ਅਲਰਜੀ ਹੋ ਸਕਦੀ, ਜਾਂ ਡਰਨ ਕਰਕੇ ਆਰਜ਼ੀ ਬੇਹੋਸ਼ੀ ਜਾਂ ਮੌਤ ਵੀ ਹੋ ਸਕਦੀ ਹੈ । ਸਾਡੇ ਸੱਭਿਆਚਾਰ ਤੇ ਭਾਸ਼ਾ ਵਿੱਚ ਸੱਪਾਂ ਨੂੰ ਰੰਗ, ਡਿਜ਼ਾਇਨ ਜਾਂ ਆਕਾਰ ਦੇ ਹਿਸਾਬ ਨਾਲ ਵੱਖ-ਵੱਖ ਨਾਮ ਦਿੱਤੇ ਗਏ ਹਨ ਜਿਵੇਂ ਕੌਡੀਆਂ ਵਾਲਾ ਸੱਪ, ਛੀਂਬਾ ਸੱਪ, ਖੜੱਪਾ ਸੱਪ, ਉਡਣਾ ਸੱਪ, ਦੁਮੂੰਹਾਂ ਸੱਪ, ਚੂਹੇ ਖਾਣਾ ਸੱਪ, ਸਪੋਲ਼ੀਆ, ਕਾਲਾ ਨਾਗ, ਫਨੀਅਰ ਸੱਪ, ਤੈਰਨਾ (ਪਾਣੀ ਵਾਲਾ) ਸੱਪ, ਅਜਗਰ ਸੱਪ ਆਦਿ। ਕਿਉਂਕਿ ਸੱਪ ਦੇ ਅਕਾਰ, ਰੰਗ ਜਾਂ ਉਸਦੀ ਬਾਹਰੀ ਦਿੱਖ ਤੋਂ ਅਸੀਂ ਇਹ ਨਹੀਂ ਕਹਿ ਸਕਦੇ ਕਿ ਕਿਹੜਾ ਜ਼ਹਿਰੀ ਤੇ ਕਿਹੜਾ ਜ਼ਹਿਰ ਰਹਿਤ ਹੈ, ਇਸ ਲਈ ਹਰ ਸੱਪ ਦੇ ਡੰਗਣ 'ਤੇ ਮੈਡੀਕਲ ਸਹਾਇਤਾ ਫੌਰਨ ਲੈਣੀ ਚਾਹੀਦੀ ਹੈ। ਉਂਜ, ਕਾਲਾ ਨਾਗ (ਕੋਬਰਾ), ਵਾਇਪਰ, ਤਰਨ ਵਾਲਾ ਸੱਪ (ਵਾਟਰ ਮੁਕੈਸਿਨ), ਕਾਪਰ ਹੈਡ (ਤਾਂਬੇ ਰੰਗੇ ਸਿਰ ਵਾਲਾ) ਜ਼ਹਿਰੀ ਹੁੰਦੇ ਹਨ। ਸੱਪ ਸਾਰੇ ਭਾਰਤ ਵਿੱਚ ਹੀ ਹੁੰਦੇ ਹਨ ਪਰ ਵਧੇਰੇ ਜ਼ਹਿਰੀਲੇ ਸੱਪ ਅਸਾਮ, ਬੰਗਾਲ, ਬਿਹਾਰ, ਉੜੀਸਾ ਵਿੱਚ ਜ਼ਿਆਦਾ ਹਨ। ਆਪਣੇ ਆਪ ਨੂੰ ਬਚਾਉਣ ਜਾਂ ਆਪਣੇ ਭੋਜਨ ਦਾ ਸ਼ਿਕਾਰ ਕਰਨ ਲਈ ਦੂਸਰੇ 'ਤੇ ਹਮਲਾ ਕਰਦੇ ਹਨ। ਜਿਹੜੇ ਸੱਪ ਜ਼ਹਿਰੀਲੇ ਨਹੀਂ ਹੁੰਦੇ, ਉਹ ਆਪਣੇ ਸ਼ਿਕਾਰ ਨੂੰ ਵਲ਼ੇਵਿਆਂ ਵਿੱਚ ਘੁੱਟ ਕੇ ਮਾਰਦੇ ਹਨ । ਐਸੇ ਸੱਪ ਨੂੰ ਆਪਣੇ ਨੇੜੇ ਵੇਖ ਕੇ ਹੀ ਬੰਦਾ ਬੌਂਦਲ਼ ਜਾਂਦਾ ਹੈ ਕਿ ਸ਼ਾਇਦ ਮੈਨੂੰ ਸੱਪ ਲੜ ਗਿਐ। ਇਸ ਡਰ ਕਾਰਨ ਉਹ ਗੂੰਗਾ-ਬੋਲ਼ਾ ਹੋਇਆ, ਨੀਮ - ਬੇਹੋਸ਼ੀ 'ਚ ਜਾ ਸਕਦਾ ਹੈ।

ਸੱਪ ਲੜਨ ਤੋਂ ਬਾਅਦ ਭੈ-ਭੀਤ ਹੋ ਜਾਣਾ ਇਕ ਆਮ ਗੱਲ ਹੈ ਜਿਸ ਕਾਰਨ ਕਈ ਤਰ੍ਹਾਂ ਦੇ ਲੱਛਣ ਪੈਦਾ ਹੋ ਜਾਂਦੇ ਹਨ, ਜਿਵੇਂ ਦਿਲ ਧੱਕ-ਧੱਕ ਵੱਜਣਾ ਤੇ ਤੇਜ਼ ਨਬਜ਼, ਜੀਅ ਕੱਚਾ ਜਾਂ ਉਲਟੀ। ਜਿਹੜੇ ਸੱਪ ਜ਼ਹਿਰੀ ਨਹੀਂ ਵੀ ਹੁੰਦੇ, ਉਨ੍ਹਾਂ ਦੇ ਡੰਗ (ਦੰਦ) ਵੀ ਜ਼ਖਮ ਕਰਦੇ ਹਨ, ਆਲ਼ੇ-ਦੁਆਲ਼ੇ ਦੀ ਚਮੜੀ ਲਾਲ ਹੋ ਜਾਂਦੀ ਹੈ ਤੇ ਬਾਅਦ ਵਿਚ ਇਨਫੈਕਸ਼ਨ ਹੋ ਸਕਦੀ ਹੈ। ਕਈ ਕੇਸਾਂ ਵਿੱਚ ਉਸ ਡੰਗ ਦਾ ਐਨਾ ਅਸਰ ਹੋ ਸਕਦਾ ਹੈ ਕਿ ਸਰੀਰ 'ਤੇ ਧੱਫੜ, ਬਲੱਡ ਪ੍ਰੈਸ਼ਰ ਇਕਦਮ ਘੱਟ, ਕਮਜ਼ੋਰ ਨਬਜ਼, ਆਦਿ। ਮੌਤ ਵੀ ਹੋ ਸਕਦੀ ਹੈ ਭਾਵੇਂ ਉਹ ਜ਼ਹਿਰੀ ਨਾ ਵੀ ਹੋਵੇ । ਜ਼ਹਿਰੀ ਸੱਪ ਲੜਨ ਨਾਲ ਖ਼ੂਨ ਦੇ ਲਾਲ ਸੈਲ ਟੁੱਟਦੇ ਹਨ ਤੇ ਯਰਕਾਨ ਹੋ ਜਾਂਦਾ ਹੈ ।

ਅਲਾਮਤਾਂ: ਡੰਗ ਵਾਲੀ ਥਾਂ 'ਤੇ ਲਾਲਗੀ, ਪੀੜ ਤੇ ਸੋਜ਼, ਜ਼ਖ਼ਮ 'ਚੋਂ ਲਹੂ ਵਗਣਾ, ਸਾੜ ਪੈਣਾ, ਵਧੇਰੇ ਮੁੜ੍ਹਕਾ, ਦਸਤ, ਨਜ਼ਰ ਧੁੰਦਲੀ ਹੋ ਜਾਣਾ, ਹੱਥ ਪੈਰ ਸੌਂ ਜਾਣੇ, ਕੀੜੀਆਂ ਤੁਰਨੀਆਂ, ਜ਼ਿਆਦਾ ਤੇਹ ਲੱਗਣਾ, ਉਲਟੀਆਂ, ਬੁਖ਼ਾਰ, ਪੱਠਿਆਂ ਦੀ ਕਮਜ਼ੋਰੀ, ਦੌਰੇ ਪੈਣੇ, ਦਿਲ ਦੇ ਤੇਜ਼ ਧੜਕਣ ਨਾਲ ਤੇਜ਼ ਨਬਜ਼, ਕਮਜ਼ੋਰੀ, ਦਿਲ ਘਊਂ-ਮਊਂ, ਬੇਹੋਸ਼ੀ ਆਦਿ । ਪੰਜਾਬ ਤੇ ਇਸ ਦੇ ਨੇੜਲੇ ਇਲਾਕਿਆਂ ਵਿੱਚ ਬਰਸਾਤਾਂ ਤੇ ਹੁੰਮਸ ਦੌਰਾਨ ਸੱਪ ਲੜਨ ਦੇ ਕਾਫੀ ਕੇਸ ਆਉਂਦੇ ਹਨ ।

ਇਲਾਜ: ਸੱਪ ਦੇ ਜ਼ਹਿਰ ਤੋਂ ਬਣਾਏ ਗਏ ਟੀਕੇ ਹੀ ਇਲਾਜ ਵਜੋਂ ਲਾਏ ਜਾਂਦੇ ਹਨ। ਟੀਕੇ ਵਾਲੀ ਦਵਾਈ ਸਰੀਰ ਵਿੱਚ ਪੁੱਜੇ ਜ਼ਹਿਰ ਨੂੰ ਨਕਾਰਾ ਕਰ ਦਿੰਦੀ ਹੈ। ਇਹ ਟੀਕਾ ਖ਼ੂਨ ਦੀ ਨਾੜ ਵਿੱਚ ਲਾਇਆ ਜਾਂਦਾ ਹੈ। ਸੱਪ ਲੜਨ ਤੋਂ ਬਾਅਦ ਵਿਅਕਤੀ ਨੂੰ ਕੀ ਹੋਵੇਗਾ, ਕਈ ਗੱਲਾਂ 'ਤੇ ਨਿਰਭਰ ਕਰਦਾ ਹੈ ਜਿਵੇਂ ਸੱਪ ਦੀ ਕਿਸਮ, ਵਿਅਕਤੀ ਦੇ ਸਰੀਰ ਦੇ ਕਿਸ ਹਿੱਸੇ 'ਤੇ ਡੰਗ ਵੱਜਾ ਹੈ, ਸੱਪ ਨੇ ਕਿੰਨਾ ਕੁ ਜ਼ਹਿਰ ਛੱਡਿਆ ਹੈ, ਵਿਅਕਤੀ ਦੀ ਹਾਲਤ ਕਿਸ ਤਰ੍ਹਾਂ ਦੀ ਹੈ ।

ਫਸਟ ਏਡ: ਡੰਗੇ ਹੋਏ ਵਿਅਕਤੀ ਦੀ ਫਸਟ ਏਡ , ਉਸ ਖੇਤਰ ਦੇ ਸੱਪਾਂ ਦੀਆਂ ਕਿਸਮਾਂ 'ਤੇ ਨਿਰਭਰ ਹੈ ਕਿਉਂਕਿ ਇਕ ਕਿਸਮ ਦਾ ਇਲਾਜ ਦੂਸਰੀ ਕਿਸਮ ਵਾਸਤੇ ਕਾਰਗਰ ਨਹੀਂ ਹੁੰਦਾ। ਵੱਖ ਵੱਖ ਸੱਪਾਂ ਦੇ ਹਿਸਾਬ ਨਾਲ ਇਨ੍ਹਾਂ ਦੇ ਲੜਨ ਤੋਂ ਬਾਅਦ 'ਫਸਟ ਏਡ' ਵੀ ਵੱਖ ਵੱਖ ਹੀ ਹੁੰਦੀ ਹੈ। ਪਰ ਹਰੇਕ ਬੰਦੇ ਨੂੰ ਸੱਪ ਦੀ ਕਿਸਮ ਦਾ ਪਤਾ ਨਹੀਂ ਹੁੰਦਾ, ਇਸ ਲਈ ਫਸਟ ਏਡ ਸਬੰਧੀ ਕੁਝ ਆਮ ਨੁਕਤੇ ਇਹ ਹਨ:

ਜਿਸ ਲੱਤ ਜਾਂ ਬਾਂਹ 'ਤੇ ਡੰਗ ਵੱਜਾ ਹੋਵੇ, ਉਹਨੂੰ ਦਿਲ ਦੇ ਲੈਵਲ ਤੋਂ ਉੱਚਾ ਰੱਖੋ ਤਾਂ ਕਿ ਖ਼ੂਨ ਦੇ ਦੌਰੇ ਨਾਲ ਘੱਟ ਤੋਂ ਘੱਟ ਜ਼ਹਿਰ ਦਿਲ ਤੱਕ ਤੇ ਬਾਕੀ ਤੰਤੂਆਂ ਤੱਕ ਪਹੁੰਚੇ। ਜਿਹੜੀ ਬਾਂਹ ਜਾਂ ਲੱਤ 'ਤੇ ਸੱਪ ਲੜਿਆ ਹੋਵੇ, ਉਸ ਤੋਂ ਕੜਾ, ਚੂੜੀਆਂ, ਘੜੀ, ਬ੍ਰੇਸਲੈਟ, ਜੁਰਾਬਾਂ, ਬੂਟ ਆਦਿ ਲਾਹ ਦਿਓ। ਉਸ ਹਿੱਸੇ ਨੂੰ ਘੁੱਟ ਕੇ ਬੰਨ੍ਹ ਦਿਓ ਜਾਂ ਉਸ ਜਗ੍ਹਾ 'ਤੇ ਬਰਫ ਰੱਖ ਦਿਓ ਤਾਂ ਕਿ ਜ਼ਹਿਰ ਉਸੇ ਹਿੱਸੇ ਵਿੱਚ ਹੀ ਰਹੇ। ਡੰਗ ਵਾਲੀ ਥਾਂ 'ਤੇ ਚੀਰਾ ਨਾ ਦਿਓ। ਜ਼ਹਿਰ ਚੂਸਣ ਵਾਲਾ ਕੰਮ ਕਦੀ ਨਾ ਕਰੋ। ਵਿਅਕਤੀ ਨੂੰ ਖਾਣ ਪੀਣ ਵਾਸਤੇ ਕੁਝ ਨਾ ਦਿਓ, ਇਹਦੇ ਨਾਲ ਜ਼ਹਿਰ ਬੜੀ ਜਲਦੀ ਜਜ਼ਬ ਹੁੰਦਾ ਹੈ (ਖ਼ਾਸ ਕਰਕੇ ਸ਼ਰਾਬ ਵਰਗੀ ਡਰਿੰਕ ਨਾਲ)। ਕਦੀ ਵੀ ਕਿਸੇ ਟੂਣੇ ਜਾਂ ਝਾੜੇ ਵਾਲੇ ਕੋਲ ਜਾ ਕੇ ਸਮਾਂ ਬਰਬਾਦ ਨਾ ਕਰੋ। ਨੇੜੇ ਤੇੜੇ ਦੇ ਹਸਪਤਾਲ ਜਿੱਥੇ ਸੱਪ-ਲੜੇ ਦੇ ਟੀਕੇ ਉਪਲਬਧ ਹੋਣ, ਨਾਲ ਫੌਰਨ ਸੰਪਰਕ ਕਰੋ ਤੇ ਵਾਹਨ ਦਾ ਪ੍ਰਬੰਧ ਕਰਕੇ ਵਿਅਕਤੀ ਨੂੰ ਉਥੇ ਸ਼ਿਫਟ ਕਰੋ। ਵਿਅਕਤੀ ਨੂੰ ਸ਼ਾਂਤ ਅਤੇ ਉਸਦਾ ਹੌਸਲਾ ਕਾਇਮ ਰੱਖੋ। ਉਸਦੇ ਸਾਹਮਣੇ ਕਦੀ ਵੀ ਐਸਾ ਨਾ ਕਹੋ, ਫਲਾਣੇ ਨੂੰ ਸੱਪ ਲੜਿਆ ਸੀ ਤੇ ਉਹ ਦੋ ਦਿਨ ਵੀ ਨਹੀਂ ਕੱਢਿਆ । ਕਈ ਕੇਸਾਂ ਵਿਚ ਬੰਦਾ ਭੈਅ-ਭੀਤ ਹੋ ਕੇ ਹੀ ਮਰ ਜਾਂਦਾ ਹੈ। ਡਾਕਟਰ ਦੀ ਸਲਾਹ ਤੋਂ ਬਿਨਾ ਕੋਈ ਦਰਦ-ਨਿਵਾਰਕ ਵੀ ਨਾ ਦਿਓ। ਇਸ ਬੰਦੇ ਨੂੰ ਤੇ ਉਹਦੇ ਨਾਲ ਦੇ ਹੋਰਾਂ ਨੂੰ ਦੁਬਾਰਾ ਸੱਪ ਲੜਨ ਤੋਂ ਬਚਾਓ। ਸੱਪ ਨੂੰ ਫੜਨ ਤੇ ਉਸਨੂੰ ਮਾਰਨ ਵਿੱਚ ਸਮਾਂ ਨਾ ਗਵਾਓ। ਖ਼ਤਰਨਾਕ ਜ਼ਹਿਰੀ ਸੱਪਾਂ ਵਾਲੇ ਖੇਤਰ 'ਚ ਜਾਣ ਤੋਂ ਪ੍ਰਹੇਜ਼ ਕਰੋ ਜਾਂ ਪੈਰਾਂ 'ਚ ਉਚੇ ਬੂਟ ਪਾ ਕੇ ਜਾਉ।

## ਸ਼ਰੀਰ ਦੀ ਬਦਬੂ ਨੂੰ ਦੂਰ ਕਰਨ ਦੇ ਢੰਗ

ਪਸੀਨੇ ਦੀ ਵਜ੍ਹਾ ਨਾਲ ਸਰੀਰ ਵਿੱਚੋਂ ਬਦਬੂ ਆਉਣਾ ਆਮ ਗੱਲ ਹੈ ਪਰ ਕੁਝ ਲੋਕਾਂ ਦੇ ਸਰੀਰ ਵਿੱਚੋਂ ਹਮੇਸ਼ਾ ਬਦਬੂ ਆਉਂਦੀ ਰਹਿੰਦੀ ਹੈ। ਸਰੀਰ ਵਿੱਚੋਂ ਆਉਣ ਵਾਲੀ ਬਦਬੂ ਨੂੰ ਹਮੇਸ਼ਾ ਆਮ ਨਹੀਂ ਸਮਝਣਾ ਚਾਹੀਦਾ ਬਲਕਿ ਇਸ ਦੇ ਪਿੱਛੇ ਕਈ ਗੰਭੀਰ ਬੀਮਾਰੀਆਂ ਦੇ ਸੰਕੇਤ ਹੋ ਸਕਦੇ ਹਨ ਆਓ ਜਾਣਦੇ ਹਾਂ ਸਰੀਰ ਦੇ ਕਿਸ ਹਿੱਸੇ ਨਾਲ ਬਦਬੂ ਆਉਣ 'ਤੇ ਕੀ ਸੰਕੇਤ ਮਿਲਦੇ ਹਨ।

1. ਸਾਹ ਦੀ ਬਦਬੂ

ਅਕਸਰ ਪਿਆਜ, ਲਸਣ ਖਾਣ ਦੀ ਵਜ੍ਹਾ ਨਾਲ ਮੂੰਹ ਵਿੱਚੋਂ ਬਦਬੂ ਆਉਣ ਲੱਗਦੀ ਹੈ ਪਰ ਚੰਗੀ ਤਰ੍ਹਾਂ ਬਰੱਸ਼ ਕਰਨ ਦੇ ਬਾਵਜੂਦ ਵੀ ਜੇ ਸਾਹ ਵਿੱਚੋਂ ਬਦਬੂ ਆਏ ਤਾਂ ਇਹ ਡਾਈਬੀਟੀਜ਼ ਦੇ ਲੱਛਣ ਹੋ ਸਕਦੇ ਹਨ। ਸਰੀਰ ਵਿੱਚ ਜਦੋਂ ਇੰਸੁਲਿਨ ਅਤੇ ਸ਼ੱਕਰ ਦੀ ਮਾਤਰਾ ਘੱਟ ਹੋ ਜਾਂਦੀ ਹੈ ਤਾਂ ਸਰੀਰ ਵਿੱਚ ਡਾਈਬੀਟੀਜ਼ ਨਾਂ ਦਾ ਤੱਤ ਪੈਦਾ ਹੋ ਜਾਂਦਾ ਹੈ ਜੋ ਸ਼ੂਗਰ ਦਾ ਕਾਰਨ ਬਣਦਾ ਹੈ।

2. ਪੈਰਾਂ ਦੀ ਬਦਬੂ

ਲੰਬੇ ਸਮੇਂ ਤੱਕ ਜੁੱਤੇ ਪਹਿਨਣ ਦੀ ਵਜ੍ਹਾ ਨਾਲ ਪੈਰਾਂ ਵਿੱਚੋਂ ਬਦਬੂ ਆਉਣ ਲੱਗਦੀ ਹੈ ਪਰ ਕੁਝ ਲੋਕਾਂ ਦੇ ਪੈਰਾਂ ਵਿੱਚੋਂ ਬਹੁਤ ਜ਼ਿਆਦਾ ਗੰਦੀ ਬਦਬੂ ਆਉਂਦੀ ਹੈ ਇਸ ਦਾ ਕਾਰਨ ਪੈਰਾਂ ਵਿੱਚ ਹੋਣ ਵਾਲੀ ਫ਼ੰਗਲ ਇਨਫ਼ੈਕਸ਼ਨ ਹੋ ਸਕਦੀ ਹੈ।

3. ਯੂਰਿਨ ਦੀ ਬਦਬੂ

ਯੂਰਿਨ ਦੀ ਬਦਬੂ ਆਉਣ ਦੀ ਸਮੱਸਿਆ ਮਰਦਾਂ ਦੀ ਤੁਲਨਾ ਵਿੱਚ ਔਰਤਾਂ ਵਿੱਚ ਜ਼ਿਆਦਾ ਦੇਖਣ ਨੂੰ ਮਿਲਦੀ ਹੈ। ਪ੍ਰਾਈਵੇਟ ਪਾਰਟ ਵਿੱਚ ਇਨਫ਼ੈਕਸ਼ਨ ਹੋਣ ਨਾਲ ਇਹ ਸਮੱਸਿਆ ਹੋ ਜਾਂਦੀ ਹੈ।



## ਸ਼ਹਿਦ 'ਚ ਕਾਲੇ ਛੋਲੇ ਮਿਲਾ ਕੇ ਖਾਣ ਦੇ ਫ਼ਾਇਦੇ



ਤੁਸੀਂ ਸਾਰੇ ਲੋਕਾਂ ਨੇ ਹਰ ਵਾਰ ਭਿਓਂ ਕੇ ਛੋਲੇ ਖਾਣ ਦੇ ਕਈ ਫ਼ਾਇਦਿਆਂ ਬਾਰੇ ਤਾਂ ਸੁਣਿਆ ਹੋਵੇਗਾ ਪਰ ਅੱਜ ਅਸੀਂ ਛੋਲਿਆਂ ਅਤੇ ਸ਼ਹਿਦ ਨੂੰ ਮਿਲਾ ਕੇ ਖਾਣ ਦੇ ਬਾਰੇ ਦੱਸਣ ਜਾ ਰਹੇ ਹਾਂ ਆਓ ਜਾਣਦੇ ਹਾਂ। ਇਨ੍ਹਾਂ ਨੂੰ ਇੱਕਠੇ ਖਾਣ ਨਾਲ ਕਾਫ਼ੀ ਫ਼ਾਇਦਾ ਮਿਲਦਾ ਹੈ। ਇਨ੍ਹਾਂ ਵਿੱਚ ਮੌਜੂਦ ਪੋਸ਼ਕ ਤੱਤ ਕਈ ਬੀਮਾਰੀਆਂ ਨੂੰ ਦੂਰ ਕਰਨ ਦਾ ਕੰਮ ਕਰਦੇ ਹਨ। ਆਓ ਜਾਣਦੇ ਹਾਂ ਛੋਲਿਆਂ ਵਿੱਚ ਸ਼ਹਿਦ ਮਿਲਾ ਕੇ ਖਾਣ ਦੇ ਫ਼ਾਇਦੇ

1. ਕਾਲੇ ਛੋਲਿਆਂ ਵਿੱਚ ਸ਼ਹਿਦ ਮਿਲਾ ਕੇ ਖਾਓ। ਇਸ ਨਾਲ ਤੁਹਾਡਾ ਕੋਲੈਸਟਰੋਲ ਲੇਵਲ ਕੰਟਰੋਲ ਵਿੱਚ ਰਹਿੰਦਾ ਹੈ। ਹਾਰਟ ਦੀ ਸਮੱਸਿਆ ਦਾ ਖਤਰਾ ਟਲ ਜਾਂਦਾ ਹੈ।
2. ਇਸ ਨਾਲ ਸਰੀਰ ਦੇ ਟਾਕਸਿੰਸ ਵੀ ਦੂਰ ਹੋ ਜਾਂਦੇ ਹਨ ਅਤੇ ਕਿਡਨੀ ਨਾਲ ਜੁੜੀਆਂ ਸਮੱਸਿਆਵਾਂ ਤੋਂ ਵੀ ਛੁਟਕਾਰਾ ਮਿਲ ਜਾਂਦਾ ਹੈ।
3. ਸ਼ਹਿਦ ਅਤੇ ਛੋਲਿਆਂ ਵਿੱਚ ਫ਼ਾਈਬਰਸ ਦੀ ਮਾਤਰਾ ਜ਼ਿਆਦਾ ਹੁੰਦੀ ਹੈ ਜਿਸ ਦੀ ਵਰਤੋਂ ਨਾਲ ਕਬਜ਼ ਦੂਰ ਰਹਿੰਦੀ ਹੈ ਅਤੇ ਡਾਈਜੇਸ਼ਨ ਠੀਕ ਹੁੰਦਾ ਹੈ।
4. ਆਈਰਨ ਦੀ ਵੀ ਇਨ੍ਹਾਂ ਦੋਵਾਂ ਵਿੱਚ ਭਰਪੂਰ ਮਾਤਰਾ ਹੁੰਦੀ ਹੈ ਜੋ ਖ਼ੂਨ ਦੀ ਕਮੀ ਵਿੱਚ ਸਹਾਈ ਸਾਬਤ ਹੁੰਦਾ ਹਨ।
5. ਇਨ੍ਹਾਂ ਦੀ ਵਰਤੋਂ ਨਾਲ ਦੰਦਾਂ ਦੇ ਨਾਲ ਹੱਡੀਆਂ ਵੀ ਮਜ਼ਬੂਤ ਰਹਿੰਦੀਆਂ ਹਨ ਅਤੇ ਬੁਢਾਪੇ ਦੀਆਂ ਕਈ ਦਿੱਕਤਾਂ ਦੂਰ ਹੋ ਜਾਂਦੀਆਂ ਹਨ।
6. ਇਸ ਨਾਲ ਬਲੱਡ ਸ਼ੂਗਰ ਲੇਵਲ ਵੀ ਕੰਟਰੋਲ ਵਿੱਚ ਰਹਿੰਦਾ ਹੈ ਅਤੇ ਡਾਈਬੀਟੀਜ਼ ਦੇ ਮਰੀਜ ਲਈ ਵੀ ਫ਼ਾਇਦੇਮੰਦ ਸਾਬਤ ਹੁੰਦਾ ਹੈ।
7. ਇਸ ਨਾਲ ਮਸਲਸ ਮਜ਼ਬੂਤ ਰਹਿੰਦੇ ਹਨ।

ਇਸ ਤੋਂ ਇਲਾਵਾ ਤੁਸੀਂ ਛੋਲਿਆਂ ਨੂੰ ਹੋਰ ਵੀ ਕਈ ਚੀਜ਼ਾਂ ਦੇ ਨਾਲ ਮਿਲਾ ਕੇ ਖਾ ਸਕਦੇ ਹੋ, ਜਿਸ ਨਾਲ ਤੁਹਾਡੀ ਸਿਹਤ ਬਿਲਕੁਲ ਠੀਕ ਰਹੇਗੀ।

- ਛੋਲਿਆਂ ਵਿੱਚ ਸੇਂਧਾ ਨਮਕ ਅਤੇ ਕਾਲੀ ਮਿਰਚ ਮਿਲਾ ਕੇ ਖਾਣ ਨਾਲ ਵੀ ਫ਼ਾਇਦਾ ਮਿਲਦਾ ਹੈ।
- ਇਸ ਦਾ ਪਾਣੀ ਵੀ ਹੱਡੀਆਂ ਦੀ ਮਜ਼ਬੂਤੀ ਬਣਾਉਂਦਾ ਹੈ।
- ਅੰਕੁਰਿਤ ਮੂੰਗ ਵਿੱਚ ਛੋਲੇ ਮਿਲਾ ਕੇ ਖਾਓ।

## ਗੋਰੇ ਅਤੇ ਸਿਹਤਮੰਦ ਬੱਚੇ ਲਈ ਗਰਭ ਅਵਸਥਾ 'ਚ ਖਾਓ ਇਹ ਚੀਜ਼ਾਂ

ਮਾਂ ਬਨਣਾ ਹਰ ਔਰਤ ਦੇ ਲਈ ਬਹੁਤ ਹੀ ਖੁਸ਼ੀ ਦੀ ਗੱਲ ਹੁੰਦੀ ਹੈ। ਹਰ ਔਰਤ ਚਾਹੁੰਦੀ ਹੈ ਕਿ ਉਸਦਾ ਹੋਣ ਵਾਲਾ ਬੱਚਾ ਸੋਹਣਾ ਅਤੇ ਸਿਹਤਮੰਦ ਹੋਵੇ। ਅਜਿਹੇ 'ਚ ਗਰਭ ਅਵਸਥਾ ਦੌਰਾਨ ਉਨ੍ਹਾਂ ਲਈ ਚੰਗੀ ਡਾਈਟ ਲੈਣਾ ਬਹੁਤ ਜ਼ਰੂਰੀ ਹੈ। ਉਂਝ ਤਾਂ ਹਰ ਬੱਚੇ ਦੀ ਸ਼ਕਲ ਉਸ ਦੇ ਮਾਤਾ ਪਿਤਾ 'ਤੇ ਹੀ ਜਾਂਦੀ ਹੈ ਪਰ ਬੱਚੇ ਦਾ ਰੰਗ ਅਤੇ ਸਿਹਤ ਮਾਂ ਦੀ ਡਾਈਟ 'ਤੇ ਨਿਰਭਰ ਕਰਦਾ ਹੈ। ਆਓ ਜਾਣਦੇ ਹਾਂ ਗਰਭ ਅਵਸਥਾ ਦੌਰਾਨ ਔਰਤਾਂ ਨੂੰ ਕਿਨ੍ਹਾਂ ਚੀਜ਼ਾਂ ਦੀ ਵਰਤੋ ਕਰਨੀ ਚਾਹੀਦੀ ਹੈ।

1. ਸੰਤਰਾ

ਗਰਭਵਤੀ ਔਰਤਾਂ ਨੂੰ ਰੋਜ਼ਾਨਾ ਸੰਤਰੇ ਦੀ ਵਰਤੋ ਕਰਨੀ ਚਾਹੀਦੀ ਹੈ। ਇਸ 'ਚ ਮੌਜੂਦ ਵਿਟਾਮਿਨ ਸੀ ਹੋਣ ਵਾਲੇ ਬੱਚਿਆਂ ਦਾ ਰੰਗ ਨਿਖਾਰਨ 'ਚ ਮਦਦ ਕਰਦੇ ਹਨ।

2. ਕੱਚਾ ਨਾਰੀਅਲ

ਕੱਚਾ ਨਾਰੀਅਲ ਖਾਣ ਨਾਲ ਸਰੀਰ ਨੂੰ ਕਾਫ਼ੀ ਮਾਤਰਾ 'ਚ ਪੋਟਾਸ਼ੀਅਮ ਮਿਲਦਾ ਹੈ ਜੋ ਗਰਭ 'ਚ ਪਲ ਰਹੇ ਬੱਚੇ ਦੇ ਵਾਲ ਅਤੇ ਚਮੜੀ ਦੇ ਲਈ ਫ਼ਾਇਦੇਮੰਦ ਹੁੰਦੇ ਹਨ। ਤੁਸੀਂ ਕੱਚੇ ਨਾਰੀਅਲ ਦੀ ਥਾਂ 'ਤੇ ਨਾਰੀਅਲ ਪਾਣੀ ਵੀ ਪੀ ਸਕਦੀ ਹੋ।

3. ਨਾਰੀਅਲ ਦੇ ਨਾਲ ਮਿਸ਼ਰੀ

ਕੱਚੇ ਨਾਰੀਅਲ ਦੇ ਛੋਟੇ-ਛੋਟੇ ਟੁਕੜਿਆਂ 'ਚ ਮਿਸ਼ਰੀ ਮਿਲਾਕੇ ਖਾਣ ਨਾਲ ਫ਼ਾਇਦਾ ਹੁੰਦਾ ਹੈ। ਇਸ ਨਾਲ ਹੋਣ ਵਾਲੇ ਬੱਚੇ ਦਾ ਰੰਗ ਸਾਫ਼ ਅਤੇ ਚਮੜੀ ਚਮਕਦਾਰ ਹੋ ਜਾਵੇਗੀ।

4. ਹਰੀ ਸਬਜ਼ੀਆਂ

ਗਰਭ ਅਵਸਥਾ ਦੇ ਦੌਰਾਨ ਹਰੀ ਸਬਜ਼ੀਆਂ ਜ਼ਰੂਰ ਖਾਣੀਆਂ ਚਾਹੀਦੀਆਂ ਹਨ। ਇਸ ਨਾਲ ਸਰੀਰ ਨੂੰ ਭਰਪੂਰ ਮਾਤਰਾ 'ਚ ਆਇਰਨ ਮਿਲਦਾ ਹੈ ਜੋ ਬੱਚੇ ਦੀ ਸਿਹਤ ਦੇ ਲਈ ਬਹੁਤ ਜ਼ਰੂਰੀ ਹੈ।

5. ਅੰਗੂਰ

ਨਿਯਮਤ ਰੂਪ 'ਚ ਕਾਲੇ ਅੰਗੂਰ ਖਾਣ ਜਾਂ ਇਸ ਦਾ ਰਸ ਪੀਣ ਨਾਲ ਗਰਭ 'ਚ ਪਲ ਰਹੇ ਬੱਚੇ ਦਾ ਖ਼ੂਨ ਸਾਫ਼ ਹੋ ਜਾਂਦਾ ਹੈ ਅਤੇ ਉਹ ਕਈ ਬੀਮਾਰੀਆਂ ਤੋਂ ਬਚਿਆਂ ਰਹਿੰਦਾ ਹੈ। ਇਸ ਤੋਂ ਇਲਾਵਾ ਰੋਜ਼ਾਨਾ ਅੰਗੂਰ ਦੀ ਵਰਤੋ ਨਾਲ ਬੱਚੇ ਦਾ ਰੰਗ ਗੋਰਾ ਹੋ ਜਾਂਦਾ ਹੈ।

6. ਗਾਜਰ ਦਾ ਜੂਸ

ਗਰਭ ਅਵਸਥਾ 'ਚ ਰੋਜ਼ਾਨਾ ਗਾਜਰ ਦਾ ਜੂਸ ਪੀਣ ਨਾਲ ਕਾਫ਼ੀ ਲਾਭ ਹੁੰਦਾ ਹੈ ਇਸ ਨਾਲ ਸਰੀਰ 'ਚ ਖ਼ੂਨ ਦੀ ਕਮੀ ਪੂਰੀ ਹੋ ਜਾਂਦੀ ਹੈ ਅਤੇ ਬੱਚੇ ਦੀ ਚਮੜੀ ਨੂੰ ਵੀ ਕਈ ਲਾਭ ਹੁੰਦੇ ਹਨ।

7. ਦੁੱਧ 'ਚ ਕੇਸਰ

ਦੁੱਧ 'ਚ ਕੇਸਰ ਅਤੇ ਬਾਦਾਮ ਮਿਕਸ ਕਰਕੇ ਪੀਣ ਨਾਲ ਬੱਚੇ ਦਾ ਸਰੀਰ ਤੰਦਰੁਸਤ ਹੁੰਦਾ ਹੈ ਅਤੇ ਇਸ ਨਾਲ ਬੱਚੇ ਦਾ ਰੰਗ ਵੀ ਨਿਖਰਦਾ ਹੈ।



## ਕੁਦਰਤੀ ਤਰੀਕਿਆਂ ਨਾਲ ਕਰੋ ਅਲਜ਼ਾਈਮਰ ਦਾ ਇਲਾਜ



ਬਦਲਦੇ ਲਾਈਫ਼ ਸਟਾਈਲ ਅਤੇ ਬਿਜੀ ਸ਼ੈਡਯੂਲ ਕਾਰਨ ਲੋਕਾਂ ਨੂੰ ਅਲਜ਼ਾਈਮਰ ਦੀ ਬੀਮਾਰੀ ਹੁੰਦੀ ਜਾ ਰਹੀ ਹੈ। ਉਂਝ ਤਾਂ ਅਲਜ਼ਾਈਮਰ ਦੀ ਸਮੱਸਿਆ 70 ਸਾਲ ਨਾਲੋਂ ਜ਼ਿਆਦਾ ਉਮਰ ਦੇ ਵਿਅਕਤੀ ਨੂੰ ਹੁੰਦੀ ਹੈ ਪਰ ਅੱਜਕਲ ਇਹ ਬੀਮਾਰੀ ਘੱਟ ਉਮਰ ਦੇ ਲੋਕਾਂ ਵਿੱਚ ਵੀ ਦੇਖਣ ਨੂੰ ਮਿਲ ਰਹੀ ਹੈ। ਹਾਲਾਂਕਿ ਘਰੇਲੂ ਉਪਚਾਰ ਦੇ ਜਰਿਏ ਇਸ ਬੀਮਾਰੀ 'ਤੇ ਕਾਬੂ ਪਾਇਆ ਜਾ ਸਕਦਾ ਹੈ।

ਕਾਰਨ ਅਤੇ ਲੱਛਣ

ਜ਼ਿਆਦਾਤਰ ਲੋਕਾਂ ਵਿੱਚ ਇਹ ਬੀਮਾਰੀ ਹਾਈ ਬਲੱਡ ਪ੍ਰੈਸ਼ਰ, ਬਲੱਡ ਸ਼ੂਗਰ, ਕੋਲੈਸਟਰੋਲ ਦੇ ਵਧਣ ਕਾਰਨ ਹੋ ਜਾਂਦੀ ਹੈ। ਇਸ ਬੀਮਾਰੀ ਕਾਰਨ ਤੁਸੀਂ ਛੋਟੀ-ਛੋਟੀ ਗੱਲਾਂ, ਥਾਂਵਾਂ ਅਤੇ ਇਨਸਾਨਾਂ ਦੇ ਬਾਰੇ ਭੁੱਲ ਜਾਂਦੇ ਹੋ। ਇਸ ਬੀਮਾਰੀ ਦੇ ਹੋਣ ਕਾਰਨ ਤੁਹਾਡਾ ਮੂਡ 2 ਮਿੰਟ ਵਿੱਚ ਹੀ ਬਦਲਣ ਲੱਗਦਾ ਹੈ।

ਇਸ ਤਰ੍ਹਾਂ ਕਰੋ ਇਲਾਜ

1. ਯਾਦਦਾਸ਼ਤ ਤੇਜ਼ ਕਰਨ ਲਈ ਤੁਸੀਂ ਰੋਜ਼ਾਨਾ ਬਾਦਾਮ ਅਤੇ ਡ੍ਰਾਈ ਫ਼ਰੂਟ ਦੀ ਵਰਤੋਂ ਕਰੋ। ਇਸ ਤੋਂ ਇਲਾਵਾ ਪਿੱਪਲ ਦੇ ਤਣੇ ਦਾ ਪਾਊਡਰ ਅਤੇ ਹਲਦੀ ਦੀ ਵਰਤੋਂ ਨਾਲ ਵੀ ਯਾਦਦਾਸ਼ਤ ਤੇਜ਼ ਹੁੰਦੀ ਹੈ।
2. ਇਸ ਬੀਮਾਰੀ ਨਾਲ ਜ਼ਿਆਦਾ ਤੋਂ ਜ਼ਿਆਦਾ ਫ਼ੁੱਲ ਗੋਭੀ, ਹਰੀ ਪੱਤੇਦਾਰ ਸਬਜ਼ੀਆਂ, ਫ਼ਲੀਆਂ, ਸਾਬਤ ਅਨਾਜ, ਜੈਤੂਨ ਦੇ ਤੇਲ ਦੀ ਵਰਤੋਂ ਕਰੋ। ਇਸ ਨਾਲ ਅਲਜ਼ਾਈਮਰ ਨਾਲ ਲੜਣ ਵਿੱਚ ਮਦਦ ਮਿਲਦੀ ਹੈ।
3. ਅਲਜ਼ਾਈਮਰ ਅਤੇ ਡਿਮੇਸ਼ਿਆ ਵਰਗੀਆਂ ਬੀਮਾਰੀਆਂ ਨੂੰ ਦੂਰ ਕਰਨ ਲਈ ਤੁਸੀਂ ਅਰੋਮਾ ਥੈਰਿਪੀ ਦਾ ਸਹਾਰਾ ਵੀ ਲੈ ਸਕਦੇ ਹੋ। ਇਸ ਨਾਲ ਤੁਸੀਂ ਤਣਾਅ ਮੁਕਤ ਹੁੰਦੇ ਹੋ ਅਤੇ ਅਰੋਮਾ ਥੈਰਿਪੀ ਦਿਮਾਗ ਤੇਜ ਕਰਨ ਅਤੇ ਭੁੱਲੀ ਹੋਈਆਂ ਯਾਦਾਂ ਨੂੰ ਵਾਪਿਸ ਲਿਆਉਣ ਵਿੱਚ ਵੀ ਮਦਦ ਕਰਦੀ ਹੈ।
4. ਰੋਜ਼ਾਨਾ ਸਵੇਰ-ਸ਼ਾਮ ਕਸਰਤ ਅਤੇ ਮੈਡੀਟੇਸ਼ਨ ਕਰਨ ਨਾਲ ਵੀ ਦਿਮਾਗ ਤੇਜ਼ ਹੁੰਦਾ ਹੈ। ਇਸ ਤੋਂ ਇਲਾਵਾ ਤੁਸੀਂ ਘਰ ਵਿੱਚ ਆਸਨ ਕਰ ਕੇ ਵੀ ਯਾਦਾਦਸ਼ਤ ਨੂੰ ਤੇਜ਼ ਬਣਾ ਸਕਦੇ ਹੋ।

ਇਨ੍ਹਾਂ ਚੀਜ਼ਾਂ ਦੀ ਵਰਤੋਂ ਨਾ ਕਰੋ

ਜੇ ਤੁਹਾਨੂੰ ਅਲਜ਼ਾਈਮਰ ਹੈ ਤਾਂ ਤਲਿਆ ਸੁਕਾ ਟਮਾਟਰ, ਕਦੂ, ਮੱਖਣ, ਫ਼੍ਰਾਈਡ ਫ਼ੂਡ, ਜ਼ੰਕਫ਼ੂਡ, ਰੈੱਡਮੀਟ, ਪੇਸਟ੍ਰੀਜ਼ ਅਤੇ ਮਿੱਠੇ ਦੀ ਵਰਤੋਂ ਨਾ ਕਰੋ। ਇਸ ਨਾਲ ਤੁਹਾਡੀ ਬੀਮਾਰੀ ਹੋਰ ਵੀ ਜ਼ਿਆਦਾ ਵਧ ਸਕਦੀ ਹੈ।

# ਸ਼ਿਵ ਸੈਨਾ ਹਿੰਦੁਸਤਾਨ ਦੇ ਧਾਰਮਿਕ ਵਿੰਗ ਸ਼੍ਰੀ ਰਾਮ ਹਨੂੰਮਾਨ ਸੇਵਾ ਦਲ ਵੱਲੋਂ ਸ਼੍ਰੀ ਹਨੂੰਮਾਨ ਚਾਲੀਸਾ ਦੇ ਪਾਠ ਦਾ ਆਯੋਜਨ

**ਪਟਿਆਲਾ, 22 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸ਼ਿਵ ਸੈਨਾ ਹਿੰਦੁਸਤਾਨ ਦੇ ਧਾਰਮਿਕ ਵਿੰਗ ਸ਼੍ਰੀ ਰਾਮ ਹਨੂੰਮਾਨ ਸੇਵਾ ਦਲ ਵੱਲੋਂ ਹਰ ਮੰਗਲਵਾਰ ਦੀ ਤਰ੍ਹਾਂ ਇਸ ਮੰਗਲਵਾਰ ਨੂੰ ਵੀ ਉੱਤਰੀ ਭਾਰਤ ਦੇ ਪ੍ਰਸਿੱਧ ਮੰਦਰ ਸ਼੍ਰੀ ਕਾਲੀ ਮਾਤਾ ਮੰਦਿਰ ਪਟਿਆਲਾ ਪੰਜਾਬ ਵਿਖੇ ਸ਼੍ਰੀ ਹਨੂੰਮਾਨ ਚਾਲੀਸਾ ਦੇ ਪਾਠ ਦਾ ਆਯੋਜਨ ਕੀਤਾ ਗਿਆ। ਇਸ ਪਾਠ ਦੇ ਵਿਸ਼ੇਸ਼ ਵਿਆਸ ਪੀਠ 'ਤੇ ਪ੍ਰਸਿੱਧ ਭਾਗਵਤ ਕਥਾ ਵਾਚਕ ਪੰਡਿਤ ਸ਼੍ਰੀ ਨਰੇਸ਼ ਸ਼ਰਮਾ ਜੀ ਨੇ ਭਗਵਾਨ ਸ਼੍ਰੀ ਰਾਮ ਜੀ ਦੇ ਪਰਮ ਭਗਤ ਸ਼੍ਰੀ ਹਨੂੰਮਾਨ ਜੀ ਦਾ ਵਿਸ਼ੇਸ਼ ਗੁਣਗਾਨ ਕੀਤਾ।

ਉਨ੍ਹਾਂ ਨੇ ਆਪਣੇ ਸੁਰੀਲੇ ਭਜਨਾਂ ਰਾਹੀਂ ਸ਼੍ਰੀ ਹਨੂੰਮਾਨ ਜੀ ਦੀ ਮਹਿਮਾ ਦਾ ਪ੍ਰਚਾਰ ਕੀਤਾ ਅਤੇ ਸ਼੍ਰੀ ਹਨੂੰਮਾਨ ਜੀ ਦੇ ਵਿਸ਼ੇਸ਼ ਰੂਪ ਦਾ ਵਰਣਨ ਕਰਦੇ ਹੋਏ ਕਿਹਾ ਕਿ ਭਗਵਾਨ ਸ਼੍ਰੀ ਰਾਮ ਜੀ ਦੀ ਸੇਵਾ ਕਰਦੇ ਹੋਏ ਉਨ੍ਹਾਂ ਨੇ ਕਦੇ ਵੀ ਇਸ ਗੱਲ 'ਤੇ ਮਾਣ ਨਹੀਂ ਕੀਤਾ ਕਿ ਉਨ੍ਹਾਂ ਵਰਗੀ ਸੇਵਾ ਹੋਰ ਕੋਈ ਨਹੀਂ ਕਰ ਸਕਦਾ। ਪਰ ਭਗਵਾਨ ਸ਼੍ਰੀ ਰਾਮ ਜੀ ਦੀ ਸਭ ਤੋਂ ਔਖੀ ਸੇਵਾ ਕਰਦੇ ਹੋਏ ਵੀ ਉਨ੍ਹਾਂ ਕਿਹਾ ਕਿ ਮੈਂ ਇਹ ਸੇਵਾ ਇਸ ਲਈ ਕਰ ਸਕਿਆ ਹਾਂ ਕਿਉਂਕਿ ਮੇਰੇ 'ਤੇ ਭਗਵਾਨ ਸ਼੍ਰੀ ਰਾਮ ਜੀ ਦੀ ਵਿਸ਼ੇਸ਼ ਕਿਰਪਾ ਹੈ। ਇਸ ਯੁੱਗ ਵਿੱਚ ਉਨ੍ਹਾਂ ਵਰਗਾ ਸਵਾਮੀ ਭਗਤ ਬਣਨਾ ਬਹੁਤ ਔਖਾ ਹੈ।



ਪੰਡਿਤ ਨਰੇਸ਼ ਜੀ ਨੇ ਆਪਣੇ ਉਪਦੇਸ਼ਾਂ ਵਿੱਚ ਕਿਹਾ ਕਿ ਸਾਡੀ ਨੌਜਵਾਨ ਪੀੜ੍ਹੀ ਨੂੰ ਸੰਭਾਲਣ ਲਈ ਸਾਨੂੰ ਆਪਣੇ ਘਰਾਂ ਵਿੱਚ ਸਥਿਤ ਮੰਦਰਾਂ ਵਿੱਚ ਉਂਗਲ ਫੜ ਕੇ ਲੈ ਕੇ ਜਾਣਾ ਚਾਹੀਦਾ ਹੈ ਅਤੇ ਨੌਜਵਾਨ ਪੀੜ੍ਹੀ ਉਨ੍ਹਾਂ ਨੂੰ ਆਪਣੇ ਧਰਮ ਗ੍ਰੰਥਾਂ ਰਾਹੀਂ ਜੋੜਨ ਦਾ ਯਤਨ ਕਰੋ ਤੁਹਾਡੇ ਧਰਮ ਸ਼ਾਸਤਰ ਦਾ ਗਿਆਨ ਹੈ ਤਾਂ ਉਸ ਨੂੰ ਆਪਣੇ ਜੀਵਨ ਵਿੱਚ ਕਦੇ ਵੀ ਆਤਮ ਹੱਤਿਆ ਕਰਨ ਦੀ ਲੋੜ ਨਹੀਂ ਪਵੇਗੀ ਪਰ ਭਗਵਾਨ ਸ਼੍ਰੀ ਰਾਮ ਜੀ ਅਤੇ ਭਗਵਾਨ ਸ਼੍ਰੀ ਕ੍ਰਿਸ਼ਨ ਜੀ ਦੀ ਤਰ੍ਹਾਂ ਉਹ ਆਪਣੇ ਜੀਵਨ ਦੇ ਔਖੇ ਹਾਲਾਤਾਂ ਨਾਲ ਜੂਝੇਗਾ ਅਤੇ ਇੱਕ ਯੋਗ ਮਨੁੱਖ ਦੇ ਮਾਰਗ 'ਤੇ ਅੱਗੇ ਵਧਣ ਦੇ ਯੋਗ ਹੋ ਜਾਵੇਗਾ।

ਇਸ ਮੌਕੇ ਸ਼੍ਰੀ ਰਾਮ ਹਨੂੰਮਾਨ ਸੇਵਾ ਦਲ ਦੇ ਰਾਸ਼ਟਰੀ ਕਨਵੀਨਰ ਸ਼੍ਰੀ ਪਵਨ ਗੁਪਤਾ ਜੀ, ਵਿਸ਼ੇਸ਼ ਤੌਰ 'ਤੇ ਪ੍ਰਸਿੱਧ ਪੱਤਰਕਾਰ ਸ਼੍ਰੀ ਅਸ਼ੋਕ ਵਰਮਾ ਜੀ, ਜਿਨ੍ਹਾਂ ਨੇ ਭਗਵਾਨ ਸ਼੍ਰੀ ਰਾਮ ਜੀ ਦਾ ਅਪਮਾਨ ਕਰਨ ਵਾਲੇ ਲੇਖ ਲਿਖਣ ਵਾਲੇ ਵਿਅਕਤੀ ਨੂੰ ਜੇਲ 'ਚ ਬੰਦ ਕਰਵਾਉਣ ਲਈ ਲੰਬਾ ਸੰਘਰਸ਼ ਕੀਤਾ, ਇਸ ਸੰਘਰਸ਼ 'ਚ ਸ਼ਾਮਲ ਹੋਣ ਵਾਲੀਆਂ ਸ਼ਖਸੀਅਤਾਂ ਜੋ ਨਾਲ ਆਏ ਸ਼੍ਰੀ ਅਨੁਰਾਗ ਸ਼ਰਮਾ, ਸ਼੍ਰੀ ਕੁਸ਼ਲ ਚੋਪੜਾ, ਸ਼੍ਰੀ ਕਾਮਰਾਜ ਅਤੇ ਐਡਵੋਕੇਟ ਦੇਵੇਂਦਰ ਰਾਜਪੂਤ ਜੀ ਨੂੰ ਮਾਂ ਕਾਲੀ ਜੀ ਦਾ ਆਸ਼ੀਰਵਾਦ ਰੂਪੀ ਚੁਨਰੀ ਦੇ ਕੇ ਸਨਮਾਨਿਤ ਕੀਤਾ ਗਿਆ।

ਇਸ ਮੌਕੇ ਸ਼ਿਵ ਸ਼ਕਤੀ ਸੇਵਾ ਦਲ ਲੰਗਰ ਕਮੇਟੀ ਦੇ ਚੇਅਰਮੈਨ ਸਵਤੰਤਰ ਰਾਜ ਪਾਸੀ ਵੀ ਹਾਜ਼ਰ ਸਨ। ਸ਼੍ਰੀ ਪਵਨ ਗੁਪਤਾ ਜੀ, ਰਾਸ਼ਟਰੀ ਚੇਅਰਮੈਨ ਸ਼੍ਰੀ ਰਾਮ ਹਨੂੰਮਾਨ ਸੇਵਾ ਦਲ ਨੇ ਵਿਸ਼ੇਸ਼ ਤੌਰ 'ਤੇ ਆਏ ਸਾਰੇ ਹਿੰਦੂ ਸ਼ਖਸੀਅਤਾਂ ਦੀ ਭਰਪੂਰ ਪ੍ਰਸ਼ੰਸਾ ਕੀਤੀ।

ਇਸ ਤੋਂ ਬਾਅਦ ਸ਼੍ਰੀ ਹਨੂੰਮਾਨ ਚਾਲੀਸਾ ਜੀ ਦਾ ਪਾਠ ਕੀਤਾ ਗਿਆ ਅਤੇ ਸ਼੍ਰੀ ਹਨੂੰਮਾਨ ਜੀ ਦੀ ਆਰਤੀ ਕਰਨ ਉਪਰੰਤ ਸ਼੍ਰੀ ਹਨੂੰਮਾਨ ਜੀ ਨੂੰ ਪ੍ਰਸ਼ਾਦ ਭੇਟ ਕੀਤਾ ਗਿਆ ਅਤੇ ਸਾਰੇ ਸ਼ਰਧਾਲੂਆਂ ਵਿੱਚ ਵੰਡਿਆ ਗਿਆ। ਇਸ ਮੌਕੇ ਸ਼੍ਰੀ ਰਾਮ ਹਨੂੰਮਾਨ ਸੇਵਾ ਦਲ ਦੇ ਸਮੂਹ ਅਧਿਕਾਰੀ ਅਤੇ ਸੇਵਾਦਾਰ ਹਾਜ਼ਰ ਸਨ।

# ਗੜ੍ਹਸ਼ੰਕਰ ਚ ਜੀਵਨ ਜਾਗ੍ਰਤੀ ਮੰਚ ਵੱਲੋਂ ਦਸਵਾਂ ਖ਼ੂਨਦਾਨ ਕੈਂਪ ਲਗਾਇਆ




**ਗੜ੍ਹਸ਼ੰਕਰ, 22 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸਥਾਨਕ ਜੀਵਨ ਜਾਗ੍ਰਤੀ ਮੰਚ ਵੱਲੋਂ ਦਸਵਾਂ ਖ਼ੂਨਦਾਨ ਕੈਂਪ ਸ਼ਹਿਰ ਦੀਆਂ ਸਥਾਨਕ ਸਮਾਜ ਸੇਵੀ ਸੰਸਥਾਵਾਂ ਦੇ ਸਹਿਯੋਗ ਨਾਲ ਕੈਨਰਾ ਬੈਂਕ ਦੇ ਫਾਊਂਡਰਜ਼ ਡੇ ਦੇ ਮੌਕੇ ਬਰਾਂਚ ਗੜ੍ਹਸ਼ੰਕਰ ਵਿਖੇ ਲਗਾਇਆ ਗਿਆ।

ਇਸ ਖ਼ੂਨਦਾਨ ਕੈਂਪ ਦਾ ਉਦਘਾਟਨ ਮਾਨਯੋਗ ਜੈ ਕਿਸ਼ਨ ਸਿੰਘ ਰੌੜੀ, ਡਿਪਟੀ ਸਪੀਕਰ,ਪੰਜਾਬ ਵਿਧਾਨ ਸਭਾ ਵੱਲੋਂ ਕੀਤਾ ਗਿਆ। ਇਸ ਸਮੇਂ ਉਹਨਾਂ ਨੇ ਮੰਚ ਦੀ ਭਰਪੂਰ ਸ਼ਲਾਘਾ ਕਰਦਿਆਂ ਆਪਣੇ ਅਖਤਿਆਰੀ ਫੰਡ ਵਿੱਚੋਂ 50 ਹਜਾਰ ਰੁਪਏ ਮੰਚ ਲਈ ਅਤੇ ਇਕ ਲੱਖ ਰੁਪਏ ਬਲੱਡ ਡੋਨਰਜ ਕੌਂਸਲ ਨਵਾਂ ਸ਼ਹਿਰ ਨੂੰ ਦੇਣ ਦਾ ਐਲਾਨ ਕੀਤਾ। ਇਸ ਸਮੇਂ ਮੰਚ ਦੇ ਅਹੁਦੇਦਾਰਾਂ, ਮੈਂਬਰਾਂ ਅਤੇ ਸ਼ਹਿਰ ਦੇ ਪਤਵੰਤਿਆਂ ਦੇ ਨਾਲ ਨਾਲ ਸ਼ਹਿਰ ਦੀਆਂ ਸਮਾਜ ਸੇਵੀ ਸੰਸਥਾਵਾਂ ਦੇ ਨੁਮਾਇਦੇ ਵੀ ਸ਼ਾਮਿਲ ਸਨ। ਇਲਾਕੇ ਦੇ ਖੂਨਦਾਨੀਆਂ ਵੱਲੋਂ ਬਲੱਡ ਡੋਨਰਜ਼ ਕੌਂਸਿਲ ਨਵਾਂ ਸ਼ਹਿਰ ਦੇ ਤਕਨੀਕੀ ਸਹਿਯੋਗ ਨਾਲ ਲਗਾਏ ਗਏ ਇਸ ਕੈਂਪ ਵਿੱਚ 67 ਯੂਨਿਟ ਖ਼ੂਨ ਦਾਨ ਕੀਤਾ ਗਿਆ ਪ੍ਰਿੰਸੀਪਲ ਡਾਕਟਰ ਬਿਕਰ ਸਿੰਘ, ਡਾਕਟਰ ਅਜੇ ਬੱਗਾ,ਕਾਮਰੇਡ ਦਰਸ਼ਨ ਸਿੰਘ ਮੱਟੂ ਪ੍ਰਧਾਨ ਸ਼ਹੀਦ ਭਗਤ ਸਿੰਘ ਚੈਰੀਟੇਬਲ ਟਰੱਸਟ ਗੜ੍ਹਸ਼ੰਕਰ ਵੱਲੋਂ ਸਹਿਯੋਗੀਆਂ ਦਾ ਧੰਨਵਾਦ ਕੀਤਾ ਗਿਆ। ਇਸ ਸਮੇਂ ਮੰਚ ਅਹੁਦੇਦਾਰਾਂ ਅਤੇ ਕਾਰਜਕਾਰਨੀ ਮੈਂਬਰਾਂ ਸਮੇਤ ਸ਼ਹਿਰ ਦੀਆਂ ਪ੍ਰਮੁੱਖ ਹਸਤੀਆਂ ਵਿੱਚ ਸਰਵ ਸ਼੍ਰੀ. ਪ੍ਰਿੰਸੀਪਲ ਸੁਰਿੰਦਰ ਪਾਲ, ਪ੍ਰੋਫੈਸਰ ਸੰਧੂ ਵਰਿਆਣਵੀ, ਪੀ.ਐਲ ਸੂਦ, ਹਰਦੇਵ ਰਾਏ, ਬਲਵੰਤ ਸਿੰਘ, ਮਾਸਟਰ ਹੰਸਰਾਜ, ਹਰੀ ਲਾਲ ਨਫ਼ਰੀ, ਵਿਜੇ ਲਾਲ, ਪਵਨ ਗੋਇਲ,ਬ੍ਰਾਂਚ ਮੈਨੇਜਰ ਸਗੁਨ ਰਾਣਾ, ਨੀਲੇਸ਼ ਕੁਮਾਰ ਡਿਵੀਜ਼ਨਲ ਮੈਨੇਜਰ ਕੇਨਰਾ ਬੈਂਕ ਜਲੰਧਰ, ਸੋਮ ਨਾਥ ਬੰਗੜ,ਪ੍ਰਿੰਸੀਪਲ ਦਲਵਾਰਾ ਰਾਮ,ਬੀਬੀ ਸੁਭਾਸ਼ ਮੱਟੂ,ਤਰਕਸ਼ੀਲ ਆਗੂ ਜੋਗਿੰਦਰ ਕੁਲੇਵਾਲ, ਡਾ. ਅਵਤਾਰ ਦੁੱਗਲ,ਸ਼੍ਰੀ ਹੇਮ ਰਾਜ ਧੰਜਲ ਆਦਿ ਸ਼ਾਮਲ ਸਨ।

# ਸ਼੍ਰੀ ਸੂਰਜ ਕੁੰਡ ਸਰਬਹਿਤਕਰੀ ਵਿਦਿਆ ਮੰਦਰ ਦਾ ਵਿਦਿਆਰਥੀ ਕਰਨਵ ਪਾਠਕ ਰਿਹਾ ਸਟੇਟ ਚੈਂਪੀਅਨ



**ਸੁਨਾਮ, 22 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸ੍ਰੀ ਸੂਰਜਕੁੰਡ ਸਰਵ ਹਿਤਕਾਰੀ ਵਿੱਦਿਆ ਮੰਦਰ ਦਾ ਵਿਦਿਆਰਥੀ ਅਰਨਵ ਪਾਠਕ ਫੈਬ ਅਵਾਰਡ 2024 ਵਿੱਚ ਰਿਹਾ ਸਟੇਟ ਚੈਂਪੀਅਨ, ਫੈਡਰੇਸ਼ਨ ਆਫ ਪ੍ਰਾਈਵੇਟ ਸਕੂਲ ਐਸੋਸੀਏਸ਼ਨ ਮੋਹਾਲੀ ਵਿੱਚ ਸ੍ਰੀ ਸੂਰਜਕੁੰਡ ਸਰਬਹਿਤਕਾਰੀ ਵਿਦਿਆ ਮੰਦਰ ਕਲਾਸ ਅੱਠਵੀਂ ਦੇ ਵਿਦਿਆਰਥੀ ਅਰਨਵ ਪਾਠਕ ਨੇ ਗਣਿਤ ਵਿਸ਼ੇ ਦੀ ਪ੍ਰੀਕਸ਼ਾ ਪਾਸ ਕਰਕੇ ਸਟੇਟ ਚੈਂਪੀਅਨ ਦਾ ਖਿਤਾਬ ਹਾਸਿਲ ਕੀਤਾ ਉਸ ਦੀ ਇਸ ਕਾਮਯਾਬੀ ਦੇ ਲਈ ਵਿਦਿਆ ਮੰਦਰ ਦੇ ਪ੍ਰਿੰਸੀਪਲ ਸ਼੍ਰੀ ਅਮਿਤ ਡੋਗਰਾ ਜੀ ਵਿਸ਼ਿਆ ਅਧਿਆਪਕਾ ਸ਼੍ਰੀਮਤੀ ਸੰਜਨਾ ਸਿੰਗਲਾ ਜੀ ਨੂੰ ਵੀ ਟਰਾਫੀ ਨਾਲ ਸਨਮਾਨਿਤ ਕੀਤਾ ਗਿਆ ਅਰਨਵ ਪਾਠਕ ਦੀ ਸਫਲਤਾ ਤੇ ਪ੍ਰਧਾਨਚਾਰਿਆ ਸ਼੍ਰੀ ਅਮਿਤ ਡੋਗਰਾਂ ਜੀ ਨੇ ਉਸਨੂੰ ਵਧਾਈ ਦਿੱਤੀ ਅਤੇ ਜੀਵਨ ਵਿੱਚ ਇਸੀ ਤਰ੍ਹਾਂ ਸਫਲਤਾ ਪ੍ਰਾਪਤ ਕਰਨ ਦਾ ਆਸ਼ੀਰਵਾਦ ਦਿੱਤਾ।

# ਬਜ਼ੁਰਗਾਂ ਅਤੇ ਦਿਵਿਆਂਗ ਵੋਟਰਾਂ ਲਈ ਕੀਤਾ ਗਿਆ ਵ੍ਹੀਲ ਚੇਅਰਾਂ ਦਾ ਪ੍ਰਬੰਧ

## ਵਿਦਿਆਰਥੀ ਵਲੰਟੀਅਰਾਂ ਨੇ ਪੋਲਿੰਗ ਬੂਥਾਂ 'ਤੇ ਨਿਭਾਈਆਂ ਸੇਵਾਵਾਂ






ਪੱਤਰਕਾਰ ਮਨਿੰਦਰ ਸਿੰਘ ਆਪਣੀ ਵੋਟ ਦਾ ਇਸਤੇਮਾਲ ਕਰਨ ਤੋਂ ਬਾਅਦ ਨਿਸ਼ਾਨ ਦਿਖਾਉਂਦੇ ਹੋਏ।

**ਬਰਨਾਲਾ, 22 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਵਿਧਾਨ ਸਭਾ ਹਲਕਾ 103- ਬਰਨਾਲਾ ਦੀ ਉਪ ਚੋਣ ਤਹਿਤ ਵੋਟਿੰਗ ਜਾਰੀ ਹੈ। ਸ਼ਾਮ 3 ਵਜੇ ਤੱਕ 40 ਫੀਸਦੀ ਵੋਟਿੰਗ ਹੋਈ, ਵੋਟਾਂ ਦਾ ਸਮਾਂ ਚੋਣ ਕਮਿਸ਼ਨ ਵਲੋਂ ਸਵੇਰ 7 ਵਜੇ ਤੋਂ ਸ਼ਾਮ 6 ਵਜੇ ਤੱਕ ਨਿਰਧਾਰਤ ਕੀਤਾ ਗਿਆ ਹੈ।

ਜ਼ਿਲ੍ਹਾ ਚੋਣ ਅਫ਼ਸਰ ਬਰਨਾਲਾ ਸ਼੍ਰੀਮਤੀ ਪੂਨਮਦੀਪ ਕੌਰ ਦੇ ਨਿਰਦੇਸ਼ਾਂ ਤਹਿਤ ਵੋਟਰਾਂ ਦੀ ਸਹੂਲਤ ਲਈ ਵਿਸ਼ੇਸ਼ ਪ੍ਰਬੰਧ ਕੀਤੇ ਗਏ। ਹਲਕੇ ਵਿੱਚ ਕੁੱਲ 212 ਪੋਲਿੰਗ ਬੂਥ ਬਣਾਏ ਗਏ ਅਤੇ ਚੋਣ ਕਮਿਸ਼ਨ ਦੀਆਂ ਹਦਾਇਤਾਂ ਅਨੁਸਾਰ ਗਰੀਨ ਬੂਥ, ਆਦਰਸ਼ ਪੋਲਿੰਗ ਬੂਥ, ਦਿਵਿਆਂਗ ਲੋਕਾਂ ਲਈ ਬੂਥ, ਔਰਤਾਂ ਲਈ ਪਿੰਕ ਬੂਥ ਅਤੇ ਨੌਜਵਾਨਾਂ ਵੱਲੋਂ ਪ੍ਰਬੰਧਿਤ ਪੋਲਿੰਗ ਬੂਥ ਸਥਾਪਿਤ ਕੀਤੇ ਗਏ।

ਜ਼ਿਲ੍ਹਾ ਚੋਣ ਅਫ਼ਸਰ ਨੇ ਦੱਸਿਆ ਕਿ ਵਿਧਾਨ ਸਭਾ ਹਲਕੇ ਵਿਚ 11 ਆਦਰਸ਼ ਪੋਲਿੰਗ ਸਟੇਸ਼ਨ ਬਣਾਏ ਗਏ। ਇਸ ਤੋਂ ਇਲਾਵਾ ਸਰਕਾਰੀ ਪ੍ਰਾਇਮਰੀ ਸਕੂਲ ਪੱਤੀ ਬਾਜਵਾ ਬਰਨਾਲਾ ਵਿਚ ਪੀ ਡਬਲਿਊ ਡੀ ਪੋਲਿੰਗ ਸਟੇਸ਼ਨ ਬਣਾਇਆ ਗਿਆ। ਸਰਕਾਰੀ ਪ੍ਰਾਇਮਰੀ ਸਕੂਲ ਜੁਮਲਾ ਮਾਲਕਨ ਵਿੱਚ ਪਿੰਕ ਪੋਲਿੰਗ ਸਟੇਸ਼ਨ ਬਣਾਇਆ ਗਿਆ ਹੈ, ਜਿਸ ਨੂੰ ਗੁਲਾਬੀ ਰੰਗ 'ਚ ਸਜਾਇਆ ਗਿਆ ਤੇ ਮਹਿਲਾ ਪੋਲਿੰਗ ਸਟਾਫ਼ ਨੂੰ ਤਾਇਨਾਤ ਕੀਤਾ ਗਿਆ। ਬੀ ਫਾਰਮੇਸੀ ਕਾਲਜ (ਐੱਸ ਡੀ ਕਾਲਜ ਬਰਨਾਲਾ) ਵਿੱਚ ਨੌਜਵਾਨਾਂ ਵਲੋਂ ਪ੍ਰਬੰਧਿਤ ਬੂਥ ਸਥਾਪਿਤ ਕੀਤਾ ਗਿਆ। ਸਰਕਾਰੀ ਸੀਨੀਅਰ ਸੈਕੰਡਰੀ (ਲੜਕੇ) ਬਰਨਾਲਾ ਵਿੱਚ ਗਰੀਨ ਪੋਲਿੰਗ ਬੂਥ ਸਥਾਪਿਤ ਕੀਤਾ ਗਿਆ ਹੈ, ਜਿਸ ਨੂੰ ਹਰਿਆਵਲ ਨਾਲ ਸਜਾਇਆ ਗਿਆ।

ਉਨ੍ਹਾਂ ਦੱਸਿਆ ਕਿ ਪੋਲਿੰਗ ਸਟੇਸ਼ਨਾਂ 'ਤੇ 1000 ਤੋਂ ਵੱਧ ਵਿਦਿਆਰਥੀ ਵਲੰਟੀਅਰਾਂ ਨੇ ਸੇਵਾਵਾਂ ਨਿਭਾਈਆਂ। ਹਰ ਇਕ ਪੋਲਿੰਗ ਸਟੇਸ਼ਨ 'ਤੇ ਬਜ਼ੁਰਗਾਂ ਅਤੇ ਦਿਵਿਆਂਗ ਵੋਟਰਾਂ ਲਈ ਵ੍ਹੀਲ ਚੇਅਰਾਂ ਦਾ ਪ੍ਰਬੰਧ ਕੀਤਾ ਗਿਆ।

ਉਨ੍ਹਾਂ ਦੱਸਿਆ ਕਿ ਚੋਣਾਂ ਦਾ ਅਮਲ ਸੁਤੰਤਰ ਤਰੀਕੇ ਨਾਲ ਅਤੇ ਅਮਨ - ਅਮਾਨ ਨਾਲ ਸਿਰੇ ਚੜ੍ਹਾਉਣ ਲਈ 1064 ਦੇ ਕਰੀਬ ਚੋਣ ਅਮਲਾ ਅਤੇ 1100 ਦੇ ਕਰੀਬ ਸੁਰੱਖਿਆ ਅਮਲਾ ਤਾਇਨਾਤ ਕੀਤਾ ਗਿਆ।

ਜ਼ਿਲ੍ਹਾ ਚੋਣ ਅਫ਼ਸਰ ਨੇ ਦੱਸਿਆ ਕਿ ਵੋਟਾਂ ਦੀ ਗਿਣਤੀ 23 ਨਵੰਬਰ (ਸ਼ਨੀਵਾਰ) ਨੂੰ ਹੋਵੇਗੀ, ਜਿਸ ਬਾਬਤ ਐੱਸ ਡੀ ਕਾਲਜ ਬਰਨਾਲਾ ਵਿੱਚ ਗਿਣਤੀ ਕੇਂਦਰ ਬਣਾਇਆ ਗਿਆ ਹੈ।



ਪਰਮਜੀਤ ਸਿੰਘ ਖਾਲਸਾ ਅਤਰਿੰਗ ਮੈਂਬਰ ਸ਼੍ਰੋਮਣੀ ਕਮੇਟੀ ਅੰਮ੍ਰਿਤਸਰ ਆਪਣੇ ਪਰਿਵਾਰ ਸਮੇਤ ਵੋਟ ਪਾਉਣ ਤੋਂ ਬਾਅਦ ਉਗਲੀ ਤੇ ਲੱਗਿਆ ਹੋਇਆ ਨਿਸ਼ਾਨ ਦਿਖਾ ਕੇ ਜਿੱਤ ਦਾ ਦਾਅਵਾ ਕਰਦੇ ਹੋਏ। ਫ

# ਹਲਕਾ ਗਿੱਦੜਬਾਹਾ ਤੋਂ ਹਰਦੀਪ ਸਿੰਘ ਡਿੰਪੀ ਢਿੱਲੋਂ ਸ਼ਾਨਦਾਰ ਜਿੱਤ ਹਾਸਲ ਕਰਨਗੇ : ਸ਼ਰਨਪਾਲ ਸਿੰਘ ਮੱਕੜ

**ਲੁਧਿਆਣਾ, 22 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਗਿੱਦੜਬਾਹਾ ਦੀ ਵੋਟਾਂ ਦੇ ਪ੍ਰਤੀਸ਼ਤ ਨੂੰ ਦੇਖਦੇ ਹੋਏ ਇਹ ਚੰਗੀ ਤਰ੍ਹਾਂ ਅਨੁਮਾਨ ਲਗਾਇਆ ਜਾ ਸਕਦਾ ਹੈ ਕਿ ਆਮ ਆਦਮੀ ਪਾਰਟੀ ਦੇ ਡਿੰਪੀ ਢਿੱਲੋਂ ਬਹੁਤ ਹੀ ਚੰਗੇ ਮਾਰਜਨ ਨਾਲ ਸ਼ਾਨਦਾਰ ਜਿੱਤ ਹਾਸਿਲ ਕਰਨਗੇ, ਇਹ ਪ੍ਰਗਟਾਵਾ ਜਿਲਾ ਪ੍ਰਧਾਨ ਸ਼ਰਨਪਾਲ ਸਿੰਘ ਮੱਕੜ ਚੇਅਰਮੈਨ ਪਲਾਨਿੰਗ ਬੋਰਡ ਅਤੇ ਸਾਥੀ ਪਵਨਦੀਪ ਸਿੰਘ ਸਹਿਗਲ ਜੀ ਨੇ ਮਾਹੌਲ ਨੂੰ ਦੇਖਦੇ ਹੋਏ ਕੀਤਾ।

ਜਿਸ ਤਰ੍ਹਾਂ ਲੋਕ ਹੁਮ-ਹੁਮਾ ਕੇ ਵੋਟਾਂ ਪਾਉਣ ਵਾਸਤੇ ਪਹੁੰਚ ਰਹੇ ਹਨ ਅਤੇ ਲੋਕਾਂ ਦੀ ਜੁਬਾਨ ਤੇ ਇੱਕੋ ਹੀ ਗੱਲ ਹੈ ਕਿ ਹਰਦੀਪ ਡਿੰਪੀ ਢਿੱਲੋਂ ਜਿੱਤ ਹਾਸਲ ਕਰਨਗੇ। ਕਿਉਂਕਿ ਪਿਛਲੇ ਕਾਫੀ ਲੰਬੇ ਅਰਸੇ ਤੋਂ ਇਹ ਲੋਕਾਂ ਦੀ ਸੇਵਾ ਨਿਭਾ ਰਹੇ ਹਨ ਅਤੇ ਆਮ ਆਦਮੀ ਪਾਰਟੀ ਅਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਕੀਤੇ ਹੋਏ ਕੰਮਾਂ ਦੀ ਜੋ ਸਪੋਰਟ ਉਹਨਾਂ ਨੂੰ ਮਿਲੀ ਹੈ ਉਸ ਤੋਂ ਇਹ ਅੰਦਾਜ਼ਾ ਭਲੀ ਭਾਂਤ ਲਗਾਇਆ ਜਾ ਸਕਦਾ ਹੈ।



ਡਿੰਪੀ ਢਿੱਲੋਂ ਵਿਧਾਨ ਸਭਾ ਜਾ ਕੇ ਲੋਕਾਂ ਦੇ ਸੇਵਾ ਹੋਰ ਵੱਡੇ ਪੱਧਰ ਤੇ ਕਰਨਗੇ।

ਵਰਣਨ ਯੋਗ ਹੈ ਕਿ ਬੀਜੇਪੀ ਅਤੇ ਕਾਂਗਰਸ ਦੇ ਬੂਥ ਖਾਲੀ ਰਹੇ ਹਨ। ਸ਼ਰਨਪਾਲ ਸਿੰਘ ਮੱਕੜ ਗਿੱਦੜਬਾਹਾ ਚੋਣਾਂ ਦੇ ਪ੍ਰਭਾਰੀ ਰਹੇ ਹਨ ਅਤੇ ਜਿਸ ਤਰ੍ਹਾਂ ਲੋਕ ਹੁਮ ਹੁਮਾ ਕੇ ਵੋਟਾਂ ਪਾ ਰਹੇ ਨੇ ਉਹਨਾਂ ਨੂੰ ਡਿੰਪੀ ਢਿੱਲੋਂ ਦੀ ਜਿੱਤ ਦੀ ਪੂਰੀ ਆਸ ਹੈ। ਚੋਣਾਂ ਮੌਕੇ ਫਾਉਂਡਰ ਮੈਂਬਰ ਵਿਜੈ ਕੇ ਮੌਗੀਆ, ਐਡਵੋਕੇਟ ਨਰਾਇਣ ਸਿੰਗਲਾ, ਪਵਨਦੀਪ ਸਹਿਗਲ, ਐਡਵੋਕੇਟ ਅਮਨਦੀਪ ਭਨੋਟ, ਭੈਯਰਾਜ ਸਿੰਘ ਆਦਿ ਨੇ ਅਪਣਾ ਅਪਣਾ ਯੋਗਦਾਨ ਦਿੱਤਾ।

# ਜ਼ਿਲ੍ਹੇ ਦੀਆਂ ਮੰਡੀਆਂ 'ਚੋਂ 614996 ਮੀਟ੍ਰਿਕ ਟਨ ਫ਼ਸਲ ਦੀ ਹੋਈ ਲਿਫਟਿੰਗ: ਡਿਪਟੀ ਕਮਿਸ਼ਨਰ

**ਬਰਨਾਲਾ, 22 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਡਿਪਟੀ ਕਮਿਸ਼ਨਰ ਮੈਡਮ ਪੂਨਮਦੀਪ ਕੌਰ ਆਈ ਏ ਐੱਸ ਨੇ ਦੱਸਿਆ ਕਿ ਕੱਲ੍ਹ 19 ਨਵੰਬਰ ਸ਼ਾਮ ਤੱਕ ਜ਼ਿਲ੍ਹੇ ਦੀਆਂ ਵੱਖ ਵੱਖ ਮੰਡੀਆਂ ਵਿੱਚ ਕੁੱਲ 728272 ਮੀਟ੍ਰਿਕ ਟਨ ਜਿਣਸ ਦੀ ਆਮਦ ਹੋਈ, ਜਿਸ ਵਿਚੋਂ ਹੁਣ ਤਕ ਕੁੱਲ 688455 ਮੀਟ੍ਰਿਕ ਟਨ ਫ਼ਸਲ ਖ਼ਰੀਦੀ ਗਈ ਹੈ। ਉਨ੍ਹਾਂ ਦੱਸਿਆ ਕਿ ਮਾਰਕਫੈੱਡ ਵਲੋਂ 188323 ਮੀਟ੍ਰਿਕ ਟਨ, ਪਨਗ੍ਰੇਨ ਵਲੋਂ 273780 ਮੀਟ੍ਰਿਕ ਟਨ, ਪਨਸਪ ਵਲੋਂ 154986 ਮੀਟ੍ਰਿਕ ਟਨ ਤੇ ਪੰਜਾਬ ਸਟੇਟ ਵੇਅਰਹਾਊਸਿੰਗ ਕਾਰਪੋਰੇਸ਼ਨ ਵਲੋਂ 71366 ਮੀਟ੍ਰਿਕ ਟਨ ਝੋਨੇ ਦੀ ਖਰੀਦ ਕੀਤੀ ਗਈ ਹੈ।

ਉਨ੍ਹਾਂ ਦੱਸਿਆ ਕਿ ਹੁਣ ਤੱਕ 614996 ਮੀਟ੍ਰਿਕ ਟਨ ਫ਼ਸਲ ਦੀ ਲਿਫਟਿੰਗ ਹੋ ਚੁੱਕੀ ਹੈ ਤੇ ਕਿਸਾਨਾਂ ਨੂੰ 1509 ਕਰੋੜ ਦੀ ਰਾਸ਼ੀ ਸਿੱਧੀ ਖਾਤਿਆਂ ਵਿੱਚ ਟਰਾਂਸਫਰ ਹੋ ਚੁੱਕੀ ਹੈ। ਉਨ੍ਹਾਂ ਦੱਸਿਆ ਕਿ ਅਨਾਜ ਮੰਡੀਆਂ 'ਚ ਕਿਸਾਨਾਂ ਦੀ ਸਹੂਲਤਾਂ ਲਈ ਪਹਿਲਾਂ ਤੋਂ ਹੀ ਪੁਖਤਾ ਪ੍ਰਬੰਧ ਕੀਤੇ ਗਏ ਹਨ ਤਾਂ ਜੋ ਉਹਨਾਂ ਨੂੰ ਕਿਸੇ ਪ੍ਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ।

# ਕੰਨਾ ਦੀਆਂ ਸਮੱਸਿਆਵਾਂ ਦਾ ਮੁਫਤ ਚੈਕਅਪ ਕੈਂਪ 27 ਨਵੰਬਰ ਨੂੰ

**ਬਠਿੰਡਾ, 22 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਕੰਨਾਂ ਦੀਆਂ ਸਮੱਸਿਆਵਾਂ ਸਬੰਧੀ ਮੁਫਤ ਚੈੱਕ ਅਪ ਕੈਂਪ ਜਿੰਦਲ ਈ ਐਨ ਟੀ ਹਸਪਤਾਲ ਪਾਵਰ ਹਾਊਸ ਰੋਡ ਗਲੀ ਨੰਬਰ 8 ਦੇ ਸਾਹਮਣੇ ਬਠਿੰਡਾ ਵਿਖੇ ਲੱਗ ਰਿਹਾ। ਕੰਨਾਂ ਦਾ ਮੁਫਤ ਚੈੱਕ ਅਪ ਕੈਂਪ 27 ਨਵੰਬਰ 2024 ਦਿਨ ਬੁੱਧਵਾਰ ਸਮਾਂ 10 ਵਜੇ ਤੋਂ ਲੈ ਕੇ 3 ਵਜੇ ਤੱਕ ਦਾ ਹੈ। ਇਸ ਕੰਨਾਂ ਦੇ ਮੁਫਤ ਚੈੱਕਅਪ ਕੈਂਪ ਵਿੱਚ ਡਾ. ਦਵਿੰਦਰ ਜਿੰਦਲ ਕੰਨਾਂ ਦੇ ਹਰ ਤਰਾਂ ਦੇ ਮਰੀਜ਼ਾਂ ਦਾ ਮੁਫਤ ਚੈੱਕਅਪ ਕਰਨਗੇ। ਇਸ ਕੈਂਪ ਵਿੱਚ ਕੰਨਾਂ ਦੀਆਂ ਸਮੱਸਿਆਵਾਂ ਤੋਂ ਪ੍ਰਭਾਵਿਤ ਮਰੀਜ਼ ਜਿਵੇਂ ਬਾਰ-ਬਾਰ ਉੱਚੀ ਸੁਣਨਾ, ਕੰਨਾਂ ਵਿੱਚ ਸਾਂ ਸਾਂ ਦੀ ਆਵਾਜ਼ ਆਉਣੀ, ਆਮ ਲੋਕਾਂ ਨਾਲ ਗੱਲਬਾਤ ਕਰਨ ਸਮੇਂ ਤਕਲੀਫ ਮਹਿਸੂਸ ਹੋਣੀ, ਟੈਲੀਵਿਜ਼ਨ ਵੀ ਆਵਾਜ਼ ਨਾ ਸੁਣਾਈ ਦੇਣਾ ਤੋ ਇਲਾਵਾ ਕੰਨਾਂ ਦੀ ਹਰ ਤਰ੍ਹਾਂ ਦੀ ਸਮੱਸਿਆ ਦਾ ਮੁਫਤ ਚੈਕਅਪ ਕੀਤਾ ਜਾਵੇਗਾ।

ਇਸ ਕੈਂਪ ਵਿੱਚ ਜਮਾਂਦਰੂ ਗੂੰਗੇ ਬਹਿਰੇ ਬੱਚਿਆਂ ਦੇ ਸਪੈਸ਼ਲ ਟੈਸਟ ਵੀ ਮੁਕਤ ਕੀਤੇ ਜਾਣਗੇ। ਜੋ ਵੀ ਬੱਚੇ, ਬਜ਼ੁਰਗ ਔਰਤਾਂ ਕੰਨਾਂ ਦੀਆਂ ਸਮੱਸਿਆਵਾਂ ਤੋਂ ਪ੍ਰਭਾਵਿਤ ਹਨ ਉਹ ਆਪਣਾ ਮੁਫਤ ਚੈਕਅਪ 27 ਨਵੰਬਰ ਦਿਨ ਬੁੱਧਵਾਰ ਨੂੰ ਡਾ. ਦਵਿੰਦਰ ਜਿੰਦਲ ਤੋਂ ਕਰਵਾ ਸਕਦੇ ਹਨ।

# ਭਾਜਪਾ ਨਗਰ ਪੰਚਾਇਤ ਘੱਗਾ ਦੀਆਂ ਚੋਣਾਂ ਜਿੱਤ ਕੇ ਘੱਗਾ ਸ਼ਹਿਰ ਦਾ ਜ਼ਬਰਦਸਤ ਵਿਕਾਸ ਕਰੇਗੀ : ਅਨਿਲ ਸਰੀਨ

**ਘੱਗਾ, 22 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਘੱਗਾ ਵਿਖੇ ਭਾਰਤੀ ਜਨਤਾ ਪਾਰਟੀ ਵੱਲੋਂ ਆਉਣ ਵਾਲੀਆਂ ਨਗਰ ਪੰਚਾਇਤ ਘੱਗਾ ਦੀਆਂ ਚੋਣਾਂ ਦੇ ਸੰਬੰਧ ਵਿੱਚ ਭਾਜਪਾ ਦੇ ਸੂਬਾ ਜਨਰਲ ਸਕੱਤਰ ਅਨਿਲ ਸਰੀਨ , ਬੀਬੀ ਹਰਚੰਦ ਕੌਰ ਲੋਕ ਸਭਾ ਸਹਿ ਪ੍ਰਭਾਰੀ, ਜ਼ਿਲ੍ਹਾ ਪ੍ਰਧਾਨ ਹਰਮੇਸ਼ ਗੋਇਲ ਡਕਾਲਾ ਅਤੇ ਭਾਜਪਾ ਹਲਕਾ ਸ਼ੁਤਰਾਣਾ ਦੇ ਇੰਚਾਰਜ ਨਰਾਇਣ ਸਿੰਘ ਨਰਸੋਤ ਦੀ ਅਗਵਾਈ ਹੇਠ ਵਿਸ਼ੇਸ਼ ਮੀਟਿੰਗ ਹੋਈ। ਜਿਸ ਵਿਚ ਪਾਰਟੀ ਦੀਆਂ ਗਤੀਵਿਧੀਆਂ ਅਤੇ ਨਗਰ ਪੰਚਾਇਤ ਘੱਗਾ ਦੀਆਂ ਚੋਣਾਂ ਜਿੱਤਣ ਲਈ ਵਿਚਾਰ ਵਟਾਂਦਰਾ ਹੋਇਆ।



ਅਨਿਲ ਸਰੀਨ ਦਾ ਸਵਾਗਤ ਕਰਦੇ ਹੋਏ ਭਾਜਪਾ ਆਗੂ ਅਤੇ ਵਰਕਰ।

ਅਨਿਲ ਸਰੀਨ ਨੇ ਕਿਹਾ ਕਿ ਭਾਜਪਾ ਵੱਲੋਂ ਨਗਰ ਪੰਚਾਇਤ ਘੱਗਾ ਦੀਆਂ 13 ਦੀਆਂ 13 ਸੀਟਾਂ 'ਤੇ ਸ਼ਾਨਦਾਰ ਜਿੱਤ ਪ੍ਰਾਪਤ ਕਰਕੇ ਘੱਗਾ ਸ਼ਹਿਰ ਦਾ ਵੱਡੇ ਪੱਧਰ 'ਤੇ ਜ਼ਬਰਦਸਤ ਵਿਕਾਸ ਕੀਤਾ ਜਾਵੇਗਾ। ਇਸ ਮੌਕੇ ਰਮੇਸ਼ ਕੁਮਾਰ ਕੂਕੂ ਮੈਂਬਰ ਪੰਜਾਬ ਕਾਰਜਕਾਰੀ ਕਮੇਟੀ ਭਾਜਪਾ, ਬਗੀਚਾ ਸਿੰਘ ਦੁਤਾਲ ਜ਼ਿਲ੍ਹਾ ਪ੍ਰਧਾਨ ਕਿਸਾਨ ਮੋਰਚਾ, ਜੀਵਨ ਦੱਤ ਸ਼ੈਲੀ ਜ਼ਿਲ੍ਹਾ ਜਨਰਲ ਸਕੱਤਰ,ਗੌਰਵ ਜਲੋਟਾ ਜ਼ਿਲ੍ਹਾ ਜਨਰਲ ਸਕੱਤਰ,ਜਰਨੈਲ ਸਿੰਘ ਘੱਗਾ, ਲਾਲ ਚੰਦ ਲਾਲੀ ਮੰਡਲ ਪ੍ਰਧਾਨ, ਰਮੇਸ਼ ਬੱਤਰਾ ਮੰਡਲ ਪ੍ਰਧਾਨ, ਪੱਪੂ ਜੈਨ, ਜਗਦੇਵ ਸਿੰਘ ਕਕਰਾਲਾ, ਗੁਰਬਖਸ਼ ਸਿੰਘ ਪੰਨੂ , ਮਹਿੰਗਾ ਸਿੰਘ ,ਸੋਨੂੰ ਗਰਗ ਆਈ ਟੀ ਸੈਲ ਵਾਇਸ ਕਨਵੀਨਰ,ਮਿੱਠੂ ਰਾਮ ਸਾਬਕਾ ਐਮ ਸੀ,ਮੰਨਾ ਰਾਮ ਸਾਬਕਾ ਐਮ ਸੀ, ਕੁਲਵਿੰਦਰ ਸਿੰਘ,ਗੁਲਾਬ ਸਿੰਘ ,ਭੋਲਾ ਸਿੰਘ , ਕਿਰਨਜੀਤ ਕੌਰ, ਰਮੇਸ ਠੇਕੇਦਾਰ, ਜੱਗੀ ਸਿੰਘ ਆਦਿ ਮੌਜੂਦ ਸਨ।

# ਜ਼ਿਲ੍ਹਾ ਬਰਨਾਲਾ ਵਿਚ ਪਾਈਆਂ ਗਈਆਂ ਵੋਟਾਂ ਦੇ ਅਲੱਗ-ਅਲੱਗ ਦ੍ਰਿਸ਼



ਆਪਣੀ ਵੋਟ ਹੱਕ ਦਾ ਇਸਤਮਾਲ ਕਰਨ ਤੋਂ ਬਾਅਦ ਕਾਂਗਰਸ਼ੀ ਉਮੀਦਵਾਰ ਕੁਲਦੀਪ ਸਿੰਘ ਕਾਲਾ ਢਿਲੋਂ ਆਪਣੇ ਪਰਿਵਾਰਕ ਮੈਂਬਰਾਂ ਅਤੇ ਸਮਾਰਥਕਾਂ ਨਾਲ ਆਪਣੀ ਜਿੱਤ ਦਾ ਦਾਅਵਾ ਕਰਦੇ ਹੋਏ।



ਸਾਂਸਦ ਮੈਂਬਰ ਗੁਰਮੀਤ ਸਿੰਘ ਮੀਤ ਹੇਅਰ ਅਤੇ ਉਹਨਾਂ ਦੇ ਪਤਨੀ ਵੋਟ ਪਾਉਣ ਤੋਂ ਬਾਅਦ ਨਿਸ਼ਾਨ ਦਿਖਾਉਂਦੇ ਹੋਏ।

ਫੋਟੋ ਤੇ ਵੇਰਵਾ ਕੌਮੀ ਪੱਤ੍ਰਿਕਾ ਬਿਊਰੋ

# ਗੜ੍ਹਸ਼ੰਕਰ ਵਿੱਚ ਦੋਹਰੀ ਵਾਰਡਬੰਦੀ ਸ਼ਹਿਰ ਵਾਸੀਆਂ ਲਈ ਪ੍ਰੇਸ਼ਾਨੀ ਦਾ ਸਬੱਬ ਬਣੀ: ਸਤੀਸ਼ ਕੁਮਾਰ ਸੋਨੀ

**ਗੜ੍ਹਸ਼ੰਕਰ, 22 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਆਦਰਸ਼ ਸੋਸ਼ਲ ਵੈਲਫੇਅਰ ਸੁਸਾਇਟੀ ਪੰਜਾਬ ਦੇ ਸੰਸਥਾਪਕ ਪ੍ਰਧਾਨ ਸਤੀਸ਼ ਕੁਮਾਰ ਸੋਨੀ ਬਿਆਨ ਜਾਰੀ ਕਰਦੇ ਹੋਏ ਇਸ ਮਸਲੇ ਤੇ ਚਿੰਤਾ ਜਾਹਿਰ ਕਰਦਿਆਂ ਕਿਹਾ ਕਿ ਗੜ੍ਹਸ਼ੰਕਰ ਵਿੱਚ ਦੋਹਰੀ ਵਾਰਡਬੰਦੀ ਸ਼ਹਿਰ ਵਾਸੀਆਂ ਲਈ ਪ੍ਰੇਸ਼ਾਨੀ ਦਾ ਸਬੱਬ ਬਣੀ ਹੋਈ ਹੈ।ਉਹਨਾ ਪ੍ਰੈਸ ਨਾਲ ਗਲਬਾਤ ਕਰਦਿਆਂ ਕਿਹਾ ਕਿ ਗੜਸ਼ੰਕਰ ਵਿਚ ਨਗਰ ਕੌਂਸਲ ਵਲੋਂ ਜੋ ਪਿਛਲੇ ਇਕ ਦਹਾਕੇ ਤੋਂ ਵਾਰਡਬੰਦੀ ਕੀਤੀ ਹੋਈ ਹੈ, ਉਹ ਬਹੁਤ ਹੀ ਦੁਵਿਧਾ ਵਾਲੀ ਹੈ, ਜਿਸ ਵਲ੍ਹ ਨਾ ਹੀ ਕਿਸੇ ਵਿਧਾਇਕ ਨੇ ਹੀ ਧਿਆਨ ਦਿੱਤਾ ਨਾ ਹੀ ਕਿਸੇ ਵਿਰੋਧੀ ਧਿਰ ਦੇ ਨੇਤਾ ਨੇ ਅਵਾਜ ਉਠਾਈ ਹੈ। ਉਹਨਾ ਕਿਹਾ ਕਿ ਇਥੇ ਦੋਹਰੀ ਵਾਰਡਬੰਦੀ ਬਣੀ ਹੋਈ ਹੈ।



ਜੇਕਰ ਕਾਗਜ ਪੱਤਰ ਤੇ ਸਨਾਖਤੀ ਕਾਗਜਾਂ ਅਨੁਸਾਰ ਹਰ ਇਕ ਵਾਰਡ ਅਲੱਗ ਵਾਰਡ ਨੰਬਰ ਲਿਖਿਆ ਜਾਂਦਾ ਹੈ ਅਤੇ ਜਦੋਂ ਚੁਣਾਵ ਆਉਂਦੇ ਹਨ ਤਾਂ ਓਹੀ ਵਾਰਡ ਦਾ ਨੰਬਰ ਬਦਲ ਕੇ ਹੋਰ ਹੋ ਜਾਂਦਾ ਹੈ। ਉਹਨਾ ਕਿਹਾ ਕਿ ਅਸੀਂ ਆਪਣੇ ਵਾਰਡ ਦੀ ਗੱਲ ਕਰ ਲੈਂਦੇ ਹਾਂ ਤਾਂ,ਸਾਡਾ ਵਾਰਡ ਚਿੱਠੀ ਪੱਤਰ ਲਈ ਇਹ ਵਾਰਡ ਨੰਬਰ ਦੋ ਦਰਸਾਇਆ ਜਾਂਦਾ ਹੈ ਆਧਾਰ ਕਾਰਡ ਤੇ ਵੀ ਇਹ ਵਾਰਡ ਨੰਬਰ ਦੋ ਹੀ ਹੈ ਪਰ ਜਦੋਂ ਨਗਰ ਕੌਂਸਲ ਦੇ ਚੁਣਾਵ ਆਉਂਦੇ ਹਨ ਇਹ ਵਾਰਡ ਬਦਲ ਕੇ ਵਾਰਡ ਨੰਬਰ ਬਾਰਾਂ ਹੋ ਜਾਂਦਾ ਹੈ। ਇਹੀ ਹਾਲ ਪੂਰੇ ਸ਼ਹਿਰ ਦੇ ਸਾਰੇ ਤੇਰਾ ਵਾਰਡਾਂ ਦਾ ਹੈ। ਜਦੋਂ ਕਿਸੇ ਵਿਅਕਤੀ ਦੀ ਕੋਈ ਇਨਕੁਆਰੀ ਜਾ ਦਫ਼ਤਰੀ ਚਿੱਠੀ ਪੱਤਰ ਆਉਂਦਾ ਹੈ ਤਾਂ ਉਸ ਵੇਲੇ ਬਹੁਤ ਹੀ ਪ੍ਰੇਸ਼ਾਨੀ ਵਾਲੇ ਹਾਲਾਤ ਬਣ ਜਾਂਦੇ ਹਨ। ਸ਼ਹਿਰ ਵਾਸੀਆਂ ਦੀ ਇਸ ਦੁਵਿਧਾ ਨੂੰ ਦੇਖਦੇ ਹੋਏ ਉਹਨਾ ਕਿਹਾ ਕਿ ਇਸ ਸਮੱਸਿਆ ਨੂੰ ਗੰਭੀਰਤਾਂ ਨਾਲ ਦੇਖਦੇ ਹੋਏ ਆਦਰਸ਼ ਸੋਸ਼ਲ ਵੈਲਫੇਅਰ ਸੁਸਾਇਟੀ (ਰਜਿ.) ਪੰਜਾਬ ਇਸ ਪ੍ਰੈਸ ਨੋਟ ਰਾਹੀਂ ਮੰਗ ਕਰਦੀ ਹੈ ਕਿ ਨਗਰ ਕੌਂਸਲ ਪ੍ਰਸ਼ਾਂਸ਼ਨ ਵਾਰਡਬੰਦੀ ਵਿਚ ਸੁਧਾਰ ਕਰਦੇ ਹੋਏ ਮੁਹੱਲਾ ਵਾਸੀਆਂ ਦੇ ਆਧਾਰ ਕਾਰਡਾਂ ਦੇ ਅਨੁਸਾਰ ਵਾਰਡਾਂ ਦੀ ਨਿਸ਼ਾਨਦੇਹੀ ਕੀਤੀ ਜਾਵੇ।

## 4.5 ਕਰੋੜ ਰੁਪਏ ਦੀ ਲਾਗਤ ਨਾਲ ਬਣੀ ਨਵੀਂ ਮੱਛੀ ਮੰਡੀ ਦਾ ਖੇਤੀਬਾੜੀ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਨੇ ਕੀਤਾ ਉਦਘਾਟਨ

# ਮੱਛੀ ਪਾਲਣ ਦੇ ਕਿੱਤੇ ਨੂੰ ਹੋਰ ਉਤਸ਼ਾਹਿਤ ਕਰੇਗੀ ਨਵੀਂ ਮੱਛੀ ਮੰਡੀ : ਗੁਰਮੀਤ ਸਿੰਘ ਖੁੱਡੀਆਂ

# ਸੂਬੇ ਦੀ ਖੁਸ਼ਹਾਲੀ ਲਈ ਸਹਾਇਕ ਧੰਦਿਆਂ ਨੂੰ ਅਪਣਾਉਣਾ ਜ਼ਰੂਰੀ : ਡਾ. ਬਲਬੀਰ ਸਿੰਘ

**ਪਟਿਆਲਾ, 22 ਨਵੰਬਰ**
**-ਅਮਰਜੀਤ ਸਿੰਘ ਲਾਂਬਾ-**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਖੇਤੀਬਾੜੀ ਤੇ ਕਿਸਾਨ ਭਲਾਈ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਨੇ ਅੱਜ ਪਟਿਆਲਾ (ਘਲੋੜੀ) ਵਿਖੇ 4.5 ਕਰੋੜ ਰੁਪਏ ਦੀ ਲਾਗਤ ਨਾਲ ਬਣੀ ਨਵੀਂ ਮੱਛੀ ਮੰਡੀ ਦਾ ਉਦਘਾਟਨ ਕੀਤਾ। ਇਸ ਮੌਕੇ ਉਨ੍ਹਾਂ ਦੇ ਨਾਲ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ, ਹਲਕਾ ਸਨੌਰ ਦੇ ਵਿਧਾਇਕ ਹਰਮੀਤ ਸਿੰਘ ਪਠਾਣਮਾਜਰਾ ਅਤੇ ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਹਰਚੰਦ ਸਿੰਘ ਬਰਸਟ ਵੀ ਮੌਜੂਦ ਸਨ। ਕੈਬਨਿਟ ਮੰਤਰੀ ਖੁੱਡੀਆਂ ਨੇ ਦੱਸਿਆ ਕਿ ਇਸ ਮੱਛੀ ਮੰਡੀ ਨੂੰ ਥੋਕ ਮੰਡੀ ਵਜੋਂ ਵਿਕਸਿਤ ਕੀਤਾ ਗਿਆ ਹੈ ਅਤੇ ਇਸ ਮੰਡੀ ਦੇ ਵਿਕਾਸ ਨਾਲ ਮੱਛੀ ਪਾਲਣ ਉਦਯੋਗ ਨੂੰ ਪ੍ਰੋਤਸਾਹਨ ਮਿਲੇਗਾ ਅਤੇ ਸਥਾਨਕ ਮੱਛੀ ਵਿਕਰੇਤਾਵਾਂ ਲਈ ਆਮਦਨ ਦੇ ਨਵੇਂ ਮੌਕੇ ਪੈਦਾ ਹੋਣਗੇ।



ਗੁਰਮੀਤ ਸਿੰਘ ਖੁੱਡੀਆਂ, ਜਿਨ੍ਹਾਂ ਕੋਲ ਪਸ਼ੂ ਪਾਲਣ, ਮੱਛੀ ਪਾਲਣ ਅਤੇ ਫੂਡ ਪ੍ਰਾਸੈਸਿੰਗ ਵਿਭਾਗ ਵੀ ਹਨ, ਨੇ ਅੱਜ ਇੱਥੇ ਦੇਵੀਗੜ੍ਹ ਰੋਡ ਵਿਖੇ ਇਸ ਅਤਿਆਧੁਨਿਕ ਮੱਛੀ ਮੰਡੀ ਦਾ ਉਦਘਾਟਨ ਕਰਦਿਆਂ ਦੱਸਿਆ ਕਿ ਇਸ ਮੰਡੀ ਦੀ ਕੁੱਲ ਵਿਕਾਸ ਲਾਗਤ 4.12 ਕਰੋੜ ਵਿੱਚੋਂ 2.12 ਕਰੋੜ ਪੰਜਾਬ ਮੰਡੀ ਬੋਰਡ ਅਤੇ 2 ਕਰੋੜ ਮੱਛੀ ਪਾਲਣ ਵਿਭਾਗ ਵੱਲੋਂ ਖਰਚ ਕੀਤੀ ਗਈ ਹੈ।

ਕੈਬਨਿਟ ਮੰਤਰੀ ਨੇ ਦੱਸਿਆ ਕਿ ਇਹ ਮੱਛੀ ਮੰਡੀ ਕੁੱਲ 5 ਏਕੜ ਜ਼ਮੀਨ 'ਤੇ ਬਣਾਈ ਗਈ ਹੈ, ਜਿਨ੍ਹਾਂ ਵਿੱਚੋਂ 1 ਏਕੜ 'ਤੇ ਵਿਕਸਿਤ ਇਲਾਕੇ ਵਿੱਚ ਮਾਰਕੀਟ ਬਣਾਈ ਗਈ ਹੈ ਅਤੇ ਇੱਥੇ ਬਾਕੀ ਬਚੀ 4 ਏਕੜ ਜ਼ਮੀਨ ਵਿੱਚ ਪ੍ਰਚੂਨ ਫਿਸ਼ ਮਾਰਕੀਟ ਨੂੰ ਵਿਕਸਿਤ ਕਰਨ ਦੀ ਯੋਜਨਾ ਬਣਾਈ ਜਾ ਰਹੀ ਹੈ। ਇੱਥੇ ਕੁੱਲ 20 ਦੁਕਾਨਾਂ ਹਨ, ਜਿਨ੍ਹਾਂ ਵਿੱਚੋਂ 10 ਦੁਕਾਨਾਂ ਸ਼ੁਰੂ ਕੀਤੀਆਂ ਜਾ ਰਹੀਆਂ ਹਨ ਅਤੇ 10 ਦੁਕਾਨਾਂ ਦੀ ਨੀਲਾਮੀ ਬਾਕੀ ਹੈ। ਇਸ ਮਾਰਕੀਟ ਦੇ ਪੂਰੀ ਤਰ੍ਹਾਂ ਚੱਲ ਪੈਣ ਉਪਰੰਤ, ਰੀਟੇਲ ਮਾਰਕੀਟ ਦੇ ਕੰਮ ਨੂੰ ਸ਼ੁਰੂ ਕੀਤਾ ਜਾਵੇਗਾ। ਮਾਰਕੀਟ ਵਿੱਚ ਓਵਰਹੈਡ ਵਾਟਰ ਟੈਂਕ, ਸੀਵਰੇਜ ਟ੍ਰੀਟਮੈਂਟ ਪਲਾਂਟ, ਟੌਇਲਟ ਬਲੌਕ, ਦਫ਼ਤਰ ਬਲੌਕ, ਪਾਰਕਿੰਗ ਤੇ ਵਧੀਆ ਸੜਕਾਂ ਬਣਾਈਆਂ ਗਈਆਂ ਹਨ। ਇਸ ਮੌਕੇ ਉਨ੍ਹਾਂ 21 ਨਵੰਬਰ ਨੂੰ ਮਨਾਏ ਜਾਂਦੇ ਵਿਸ਼ਵ ਮੱਛੀ ਪਾਲਣ ਦਿਵਸ ਦੀ ਵਧਾਈ ਦਿੰਦਿਆਂ ਕਿਹਾ ਕਿ ਸੂਬੇ ਅੰਦਰ 44 ਹਜ਼ਾਰ ਹੈਕਟੇਅਰ ਰਕਬਾ ਮੱਛੀ ਪਾਲਣ ਹੇਠ ਹੈ ਜਿਸ ਨੂੰ ਹੋਰ ਵਧਾਇਆ ਜਾਵੇਗਾ।

ਇਸ ਮੌਕੇ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਨੇ ਕਿਹਾ ਕਿ ਸੂਬੇ ਦੀ ਖੁਸ਼ਹਾਲੀ ਲਈ ਜ਼ਰੂਰੀ ਹੈ ਕਿ ਕਿਸਾਨ ਖੇਤੀਬਾੜੀ ਦੇ ਨਾਲ ਸਹਾਇਕ ਧੰਦੇ ਵੀ ਅਪਣਾਉਣ। ਉਨ੍ਹਾਂ ਕਿਹਾ ਕਿ ਜਿਹੜੇ ਖੇਤਰਾਂ ਵਿੱਚ ਪਾਣੀ ਕਾਰਨ ਫ਼ਸਲ ਦਾ ਨੁਕਸਾਨ ਹੁੰਦਾ ਹੈ, ਉਥੇ ਮੱਛੀ ਪਾਲਣ ਦੇ ਕਿੱਤੇ ਨੂੰ ਉਤਸ਼ਾਹਿਤ ਕਰਨ ਲਈ ਯੋਜਨਾ ਬਣਾਈ ਜਾਵੇ ਤਾਂ ਜੋ ਕਿਸਾਨਾਂ ਨੂੰ ਲਾਭ ਹੋ ਸਕੇ। ਉਨ੍ਹਾਂ ਬਿੰਜਲ ਦੇ ਖੇਤਰ ਦੀ ਉਦਾਹਰਣ ਦਿੰਦਿਆਂ ਕਿਹਾ ਕਿ ਅਜਿਹੇ ਸਥਾਨਾਂ 'ਤੇ ਮੱਛੀ ਪਾਲਣਾ ਨੂੰ ਉਤਸ਼ਾਹਿਤ ਕੀਤਾ ਜਾ ਸਕਦਾ ਹੈ।

ਹਲਕਾ ਸਨੌਰ ਦੇ ਵਿਧਾਇਕ ਹਰਮੀਤ ਸਿੰਘ ਪਠਾਣਮਾਜਰਾ ਨੇ ਖੇਤੀਬਾੜੀ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ ਸੂਬੇ ਦੇ ਵਿਕਾਸ ਲਈ ਪਿਛਲੇ ਲੰਮੇ ਸਮੇਂ ਤੋਂ ਰੁਕੇ ਹੋਏ ਕੰਮ ਵੀ ਕਰਵਾਏ ਜਾ ਰਹੇ ਹਨ। ਪਠਾਣਮਾਜਰਾ ਨੇ ਕਿਹਾ ਕਿ ਉਹ ਯਤਨ ਕਰ ਰਹੇ ਹਨ ਕਿ ਸਨੌਰ ਹਲਕੇ ਦੇ ਵਸਨੀਕਾਂ ਤੇ ਖਾਸ ਕਰਕੇ ਨੌਜਵਾਨਾਂ ਲਈ ਰੁਜ਼ਗਾਰ ਦੇ ਮੌਕੇ ਪ੍ਰਦਾਨ ਕੀਤੇ ਜਾਣ। ਉਨ੍ਹਾਂ ਇਲਾਕੇ ਦੀਆਂ ਮੰਗਾਂ ਵੀ ਕੈਬਨਿਟ ਮੰਤਰੀ ਸਾਹਮਣੇ ਰੱਖਦਿਆਂ ਕਿਹਾ ਕਿ ਸਨੌਰ ਹਲਕੇ ਦੀਆਂ ਮੰਡੀਆਂ ਦੇ ਸ਼ੈੱਡਾਂ ਦਾ ਕੰਮ ਕਰਵਾਉਣ ਵਾਲਾ ਹੈ ਤੇ 46 ਸੜਕਾਂ ਦੀ ਮੁਰੰਮਤ ਹੋ ਰਹੀ ਹੈ ਤੇ ਰਹਿੰਦੀਆਂ ਸੜਕਾਂ ਦਾ ਕੰਮ ਵੀ ਜਲਦ ਸ਼ੁਰੂ ਕਰਵਾਇਆ ਜਾਵੇ।

ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਹਰਚੰਦ ਸਿੰਘ ਬਰਸਟ ਨੇ ਮੰਡੀ ਬੋਰਡ ਵੱਲੋਂ ਸੂਬੇ ਦੇ ਵਿਕਾਸ ਲਈ ਕੀਤੇ ਜਾ ਰਹੇ ਵਿਕਾਸ ਕੰਮਾਂ ਦਾ ਜ਼ਿਕਰ ਕਰਦਿਆਂ ਦੱਸਿਆ ਕਿ ਕੇਂਦਰ ਸਰਕਾਰ ਵੱਲੋਂ ਪੇਂਡੂ ਵਿਕਾਸ ਫੰਡ ਰੋਕੇ ਜਾਣ ਦੇ ਬਾਵਜੂਦ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਆਪਣੇ ਤੌਰ ਉਤੇ ਯਤਨ ਕਰਕੇ ਵਿਕਾਸ ਕਾਰਜਾਂ ਨੂੰ ਨੇਪਰੇ ਚਾੜ੍ਹ ਰਹੀ ਹੈ ਅਤੇ ਆਉਂਦੇ ਦਿਨਾਂ ਅੰਦਰ ਕਰੀਬ 2500 ਕਰੋੜ ਰੁਪਏ ਦੀ ਲਾਗਤ ਨਾਲ ਸੂਬੇ ਦੀਆਂ ਸੜਕਾਂ ਤੇ ਮੰਡੀਆਂ ਦੇ ਸ਼ੈੱਡਾਂ ਦਾ ਕੰਮ ਸ਼ੁਰੂ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਮੰਡੀਆਂ ਦੀ ਆਮਦ 'ਚ ਵਾਧਾ ਕਰਨ ਲਈ ਮੰਡੀਆਂ 'ਚ ਯੂਨੀਪੋਲਜ ਲਗਾਏ ਜਾ ਰਹੇ ਹਨ ਤੇ ਕਰੀਬ 200 ਮੰਡੀਆਂ 'ਚ ਏਟੀਐਮ ਦੀ ਸਹੂਲਤ ਵੀ ਦਿੱਤੀ ਜਾ ਰਹੀ ਹੈ।

ਇਸ ਮੌਕੇ ਪੰਜਾਬ ਮੰਡੀ ਬੋਰਡ ਦੇ ਸਕੱਤਰ ਰਾਮਵੀਰ ਸਿੰਘ, ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ, ਐਸਪੀ ਹਰਵੰਤ ਕੌਰ, ਇੰਜੀਨੀਅਰ ਇਨ ਚੀਫ਼ ਸਾਊਥ ਮੰਡੀ ਬੋਰਡ ਗੁਰਵਿੰਦਰ ਸਿੰਘ ਚੀਮਾਂ, ਡਾਇਰੈਕਟਰ ਤੇ ਵਾਰਡਨ ਮੱਛੀ ਪਾਲਣ ਪੰਜਾਬ ਜਸਵੀਰ ਸਿੰਘ, ਐਸ.ਡੀ.ਐਮ. ਮਨਜੀਤ ਕੌਰ, ਹਰਪਾਲ ਜਨੇਜਾ, ਜ਼ਿਲ੍ਹਾ ਮੰਡੀ ਅਫ਼ਸਰ ਮਨਦੀਪ ਸਿੰਘ, ਉਪ ਜ਼ਿਲ੍ਹਾ ਮੰਡੀ ਅਫ਼ਸਰ ਪ੍ਰਭਲੀਨ ਸਿੰਘ ਚੀਮਾ, ਸਹਾਇਕ ਡਾਇਰੈਕਟਰ ਮੱਛੀ ਪਾਲਣ ਵਿਭਾਗ ਕਰਮਜੀਤ ਸਿੰਘ, ਸਹਾਇਕ ਡਾਇਰੈਕਟਰ ਸਤਿੰਦਰ ਕੌਰ, ਮੁੱਖ ਖੇਤੀਬਾੜੀ ਅਫ਼ਸਰ ਡਾ. ਜਸਵਿੰਦਰ ਸਿੰਘ ਤੇ ਹੋਰ ਵਿਭਾਗਾਂ ਦੇ ਅਧਿਕਾਰੀ ਤੇ ਪਤਵੰਤੇ ਮੌਜੂਦ ਸਨ।

# ਚੰਡੀਗੜ੍ਹ ’ਤੇ ਤਿੰਨ ਕਰੋੜ ਪੰਜਾਬੀਆਂ ਦਾ ਹੱਕ, ਅਸੀਂ ਇਸ ਨੂੰ ਲੈ ਕੇ ਰਹਾਂਗੇ : ਹਰਪਾਲ ਚੀਮਾ

**ਏਜੰਸੀਆਂ**

ਦਿੜ੍ਹਬਾ ਮੰਡੀ/ਕੌਹਰੀਆਂ 22 ਨਵੰਬਰ। “ਚੰਡੀਗੜ੍ਹ ਪੰਜਾਬ ਦੇ ਦਰਜਨਾਂ ਪਿੰਡਾਂ ਨੂੰ ਉਜਾੜ ਕੇ ਬਣਾਇਆ ਗਿਆ ਸੀ ਜਿਸ ਕਾਰਨ ਇਸ ’ਤੇ ਪੰਜਾਬ ਦੇ ਤਿੰਨ ਕਰੋੜ ਲੋਕਾਂ ਦਾ ਹੱਕ ਬਣਦਾ ਹੈ ਅਸੀਂ ਇਸ ਹੱਕ ਨੂੰ ਲੈ ਕੇ ਰਹਾਂਗੇ। ਹਰਿਆਣੇ ਵੱਲੋਂ ਆਪਣੀ



ਵਿਧਾਨ ਸਭਾ ਬਣਾਉਣ ਲਈ ਮੰਗੀ ਗਈ 10 ਏਕੜ ਜਮੀਨ ਦਾ ਅਸੀਂ ਡੱਟ ਕੇ ਵਿਰੋਧ ਕਰਾਂਗੇ। ਪਿਛਲੇ ਦਿਨੀਂ ਅਸੀਂ ਮਾਣਯੋਗ ਗਵਰਨਰ ਨੂੰ ਮਿਲੇ ਸੀ ਜਿਨ੍ਹਾਂ ਨੇ ਸਾਡੀ ਗੱਲ ਨੂੰ ਬੜੇ ਧਿਆਨ ਨਾਲ ਸੁਣਿਆ ਅਤੇ ਬਾਅਦ ’ਚ ਉਨ੍ਹਾਂ ਨੇ ਸਟੇਟਮੈਂਟ ਦਿੱਤੀ ਹੈ ਕਿ ਹਰਿਆਣੇ ਦੀ ਮੰਗ ਅਜੇ ਵਿਚਾਰ ਅਧੀਨ ਹੈ, ਅਸੀਂ ਉਨ੍ਹਾਂ ਤੋਂ ਮੀਡੀਆ ਰਾਹੀਂ ਮੰਗ ਕਰਦੇ ਹਾਂ ਕਿ ਚੰਡੀਗੜ੍ਹ ਪੰਜਾਬੀਆਂ ਦਾ ਹੈ ਅਤੇ ਪੰਜਾਬ ਨੂੰ ਹੀ ਦਿੱਤਾ ਜਾਵੇ।” ਇਹ ਸਬਦ ਪੰਜਾਬ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਭਾਈ ਗੁਰਜੀਤ ਸਿੰਘ ਹਰੀਗੜ੍ਹ ਵਾਲਿਆਂ ਵੱਲੋਂ ਲਗਾਏ ਗਏ ਅੱਖਾਂ ਦੇ ਕੈਂਪ ਦੇ ਉਦਘਾਟਨ ਪਿੱਛੋਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸਾਂਝੇ ਕੀਤੇ। ਇਕ ਸਵਾਲ ਦੇ ਜਵਾਬ ਵਿਚ ਉਨ੍ਹਾਂ ਕਿਹਾ ਕਿ ਜੋ ਝੋਨੇ ਅਤੇ 17 ਮੋਸਚਰਾਈਜਰ ਦੀ ਸਰਤ ਹੈ ਅਸੀਂ ਸੈਂਟਰ ਨੂੰ ਉਸ ਨੂੰ ਵਧਾਉਣ ਦੀ ਮੰਗ ਕਰਾਂਗੇ ਤਾਂ ਜੋ ਮੌਸਮ ਦੇ ਹਿਸਾਬ ਨਾਲ ਕਿਸਾਨਾਂ ਦਾ ਨੁਕਸਾਨ ਨਾ ਹੋ ਸਕੇ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਜਾਣ ਬੁੱਝ ਕੇ ਪੰਜਾਬ ਦੇ ਕਿਸਾਨਾਂ ਨੂੰ ਪਰੇਸਾਨ ਅਤੇ ਬਦਨਾਮ ਕਰਨਾ ਚਾਹੁੰਦੀ ਹੈ। ਦੇਸ਼ ਦੇ ਅੰਨ ਭੰਡਾਰ ਵਿਚ ਵੱਡਾ ਯੋਗਦਾਨ ਪਾਉਣ ਵਾਲੇ ਪੰਜਾਬ ਦੇ ਕਿਸਾਨ ਦਾ ਕੇਂਦਰ ਸਰਕਾਰ ਨੂੰ ਸਨਮਾਨ ਕਰਨਾ ਚਾਹੀਦਾ ਹੈ।

## 10 ਬੋਤਲਾਂ ਨਾਜਾਇਜ ਸਰਾਬ ਅਤੇ 50 ਲੀਟਰ ਲਾਹਣ ਬਰਾਮਦ

ਘੱਲ ਖੁਰਦ 22 ਨਵੰਬਰ। ਗਸਤ ਅਤੇ ਚੈਕਿੰਗ ਦੌਰਾਨ ਮਿਲੀ ਸੂਚਨਾ ਦੇ ਆਧਾਰ ’ਤੇ ਥਾਣਾ ਘੱਲ ਖੁਰਦ ਦੀ ਪੁਲਸ ਨੇ ਪਿੰਡ ਮੁੱਦਕੀ ਤੋਂ ਨਾਜਾਇਜ ਸਰਾਬ ਅਤੇ ਲਾਹਣ ਬਰਾਮਦ ਕੀਤੀ ਹੈ, ਜਦ ਕਿ ਇਸ ਦੌਰਾਨ ਮੁਲਜਮ ਮਹਿਲਾ ਮੌਕੇ ਤੋਂ ਫਰਾਰ ਹੋ ਗਈ। ਉਕਤ ਮਾਮਲੇ ’ਚ ਪੁਲਸ ਨੇ ਮੁਲਜਮ ਖ਼ਿਲਾਫ ਐਕਸਾਈਜ ਐਕਟ ਤਹਿਤ ਮਾਮਲਾ ਦਰਜ ਕਰ ਲਿਆ ਹੈ। ਜਾਣਕਾਰੀ ਦਿੰਦੇ ਹੋਏ ਥਾਣਾ ਘੱਲ ਖੁਰਦ ਦੇ ਸਹਾਇਕ ਇੰਸਪੈਕਟਰ ਵਿਨੋਦ ਕੁਮਾਰ ਨੇ ਦੱਸਿਆ ਕਿ ਬੀਤੇ ਦਿਨ ਪੁਲਸ ਪਾਰਟੀ ਨਾਲ ਗਸਤ ਅਤੇ ਚੈਕਿੰਗ ਦੌਰਾਨ ਮਿਲੀ ਸੂਚਨਾ ਦੇ ਆਧਾਰ ’ਤੇ ਮੁੱਦਕੀ ’ਚ ਛਾਪਾ ਮਾਰ ਕੇ ਉੱਥੋਂ 10 ਬੋਤਲਾਂ ਨਾਜਾਇਜ ਸਰਾਬ ਅਤੇ 50 ਲੀਟਰ ਲਾਹਣ ਬਰਾਮਦ ਕੀਤੀ ਹੈ। ਜਦੋਂ ਕਿ ਇਸ ਦੌਰਾਨ ਮੁਲਜਮ ਪ੍ਰਦੀਪ ਕੌਰ ਪਤਨੀ ਗੁਰਪ੍ਰੀਤ ਸਿੰਘ ਅਤੇ ਮਨਪ੍ਰੀਤ ਕੌਰ ਪਤਨੀ ਹਰਦੀਪ ਸਿੰਘ ਵਾਸੀ ਵਾਰਡ ਨੰਬਰ 5 ਮੁੱਦਕੀ ਉੱਥੋਂ ਫਰਾਰ ਹੋ ਗਈ।

# ਸਰਕਾਰੀ ਮੁਲਾਜਮਾਂ ਲਈ ਖੁਸ਼ਖਬਰੀ ! ਡੀਏ ਨੂੰ ਲੈ ਕੇ ਸੂਬਾ ਸਰਕਾਰਾਂ ਲੈਣਗੀਆਂ ਵੱਡਾ ਫੈਸਲਾ

**ਸਰਦੂਲ ਸਿੰਘ**

ਨਵੀਂ ਦਿੱਲੀ 22 ਨਵੰਬਰ। ਦੀਵਾਲੀ ਮੌਕੇ ਕੇਂਦਰ ਸਰਕਾਰ ਨੇ ਆਪਣੇ ਮੁਲਾਜਮਾਂ ਦੇ ਡੀਏ ਵਿੱਚ ਵਾਧਾ ਕੀਤਾ ਸੀ, ਜਿਸ ਤੋਂ ਬਾਅਦ ਕਈ ਸੂਬਾ ਸਰਕਾਰਾਂ ਨੇ ਵੀ ਮੁਲਾਜਮਾਂ ਦੇ ਡੀਏ ਵਿੱਚ ਵਾਧਾ ਕੀਤਾ ਹੈ। ਹਾਲਾਂਕਿ ਇਸ ਦੌਰਾਨ ਅਜਿਹੀਆਂ ਗੱਲਾਂ ਵੀ ਸਾਹਮਣੇ ਆਈਆਂ ਹਨ ਕਿ ਸੂਬਾ ਸਰਕਾਰ ਦੇ ਮੁਲਾਜਮਾਂ ਦੀਆਂ ਤਨਖਾਹਾਂ ਅਤੇ ਭੱਤਿਆਂ ਵਿੱਚ ਵਾਧੇ ਨੂੰ ਲੈ ਕੇ ਕਈ ਤਰ੍ਹਾਂ ਦੀਆਂ ਸਮੱਸਿਆਵਾਂ ਹਨ। ਜਿਵੇਂ ਕਿ ਅਸੀਂ ਜਾਣਦੇ ਹਾਂ ਕਿ ਇਸ ਤਿਉਹਾਰੀ ਸੀਜਨ ਵਿੱਚ, ਕੇਂਦਰ ਸਰਕਾਰ ਨੇ ਆਪਣੇ ਕਰਮਚਾਰੀਆਂ ਨੂੰ ਦੀਵਾਲੀ ਦਾ ਇੱਕ ਵਿਸੇਸ ਤੋਹਫਾ ਦਿੱਤਾ ਅਤੇ ਮਹਿੰਗਾਈ ਭੱਤੇ () ਵਿੱਚ ਵਾਧਾ ਕਰਨ ਦਾ ਐਲਾਨ ਕੀਤਾ। ਸਭ ਤੋਂ ਵੱਡੀ ਗੱਲ ਇਹ ਹੈ ਕਿ ਸਰਕਾਰ ਨੇ ਇਸ ਦੇ ਨਾਲ ਹੀ ਡੀਏ ਵਿੱਚ 3 ਫੀਸਦੀ ਦਾ ਵਾਧਾ ਕੀਤਾ। ਇਸ ਤੋਂ ਬਾਅਦ ਸਰਕਾਰੀ ਮੁਲਾਜਮਾਂ ਨੂੰ 53 ਫੀਸਦੀ ਦੀ ਦਰ ਨਾਲ ਡੀਏ ਮਿਲੇਗਾ। ਜਾਣਕਾਰੀ ਲਈ ਦੱਸ ਦੇਈਏ ਕਿ ਲੋਕ ਸਭਾ ਚੋਣਾਂ ਤੋਂ ਪਹਿਲਾਂ ਵੀ ਮੋਦੀ ਸਰਕਾਰ ਨੇ ਡੀਏ ਵਿੱਚ 4 ਫੀਸਦੀ ਵਾਧੇ ਦਾ ਐਲਾਨ ਕੀਤਾ ਸੀ। ਇਸ ਤੋਂ ਬਾਅਦ ਮੁਲਾਜਮਾਂ ਨੂੰ 50 ਫੀਸਦੀ ਡੀਏ ਦਿੱਤਾ ਜਾਣ ਲੱਗਾ, ਜੋ ਪਹਿਲਾਂ 46 ਫੀਸਦੀ ਦੀ ਦਰ ਨਾਲ ਦਿੱਤਾ ਜਾਂਦਾ ਸੀ। ਹੁਣ ਬਹੁਤ ਹੀ ਥੋੜ੍ਹੇ ਸਮੇਂ ਵਿੱਚ ਸਰਕਾਰ ਨੇ ਇੱਕ ਵਾਰ ਫਿਰ ਡੀਏ ਵਿੱਚ ਵਾਧਾ ਕਰਨ ਦਾ ਫੈਸਲਾ ਕੀਤਾ ਹੈ। ਇਸੇ ਸਿਲਸਿਲੇ ਨੂੰ



ਜਾਰੀ ਰੱਖਦਿਆਂ ਸੂਬਾ ਸਰਕਾਰਾਂ ਵੀ ਕੇਂਦਰ ਵਾਂਗ ਆਪਣੇ ਮੁਲਾਜਮਾਂ ਦਾ ਡੀਏ ਵਧਾ ਰਹੀਆਂ ਹਨ। ਜਾਣਕਾਰੀ ਮਿਲੀ ਹੈ ਕਿ 1 ਨਵੰਬਰ ਤੋਂ ਕੇਂਦਰ ਅਤੇ ਸੂਬਾ ਸਰਕਾਰ ਨੇ ਸਾਰੇ ਸਰਕਾਰੀ ਕਰਮਚਾਰੀਆਂ ਦੇ ਡੀਏ ਵਿੱਚ 5 ਫੀਸਦੀ ਵਾਧਾ ਕਰਨ ਦਾ ਫੈਸਲਾ ਕੀਤਾ ਹੈ। ਇਸ ਨਾਲ ਸੂਬਾ ਸਰਕਾਰ ਦਾ ਕੁੱਲ ਡੀਏ ਇੱਕ ਵਾਰ ਵਿੱਚ ਵਧ ਕੇ 30 ਫੀਸਦੀ ਹੋ ਜਾਵੇਗਾ। ਦੱਸ ਦੇਈਏ ਕਿ ਇਸ ਵਾਧੇ ਤੋਂ ਬਾਅਦ ਸੂਬਾ ਸਰਕਾਰ ਦੇ ਕਰਮਚਾਰੀਆਂ ਨੂੰ 30 ਫੀਸਦੀ ਦੀ ਦਰ ਨਾਲ ਡੀਏ ਮਿਲੇਗਾ। ਹਾਲਾਂਕਿ ਹੁਣ ਤੱਕ ਸੂਬਾ ਸਰਕਾਰ ਦੇ ਮੁਲਾਜਮਾਂ ਨੂੰ 25 ਫੀਸਦੀ ਦੀ ਦਰ ਨਾਲ ਡੀਏ ਮਿਲਦਾ ਰਿਹਾ ਹੈ। ਇਸ ਕਾਰਨ ਕੇਂਦਰ ਅਤੇ ਸੂਬਾ ਸਰਕਾਰ ਦੇ ਮੁਲਾਜਮਾਂ ਵਿਚਕਾਰ ਮਹਿੰਗਾਈ ਭੱਤੇ ਦਾ ਫਰਕ ਫਿਲਹਾਲ 28 ਫੀਸਦੀ ਹੈ ਪਰ ਨਵੇਂ ਬਦਲਾਅ ਨਾਲ ਇਹ ਫਰਕ ਸਿਰਫ 23 ਫੀਸਦੀ ਰਹਿ ਜਾਵੇਗਾ। ਡੀਏ ਦੇ ਇਸ ਵਾਧੇ ਬਾਰੇ ਸਰਕਾਰ ਨੇ ਕਿਹਾ ਕਿ ਵਿੱਤੀ ਚੁਣੌਤੀਆਂ ਦਾ ਸਾਹਮਣਾ ਕਰਨ ਦੇ ਬਾਵਜੂਦ ਸੂਬਾ ਸਰਕਾਰ ਦੇ ਮੁਲਾਜਮਾਂ ਦੇ ਭੱਤੇ ਵਧਾਉਣ ਦਾ ਫੈਸਲਾ ਲਿਆ ਗਿਆ ਹੈ। ਜਾਣਕਾਰੀ ਮਿਲੀ ਹੈ ਕਿ ਡੀਏ ਵਾਧੇ ਕਾਰਨ ਸੂਬਾ ਸਰਕਾਰ ‘ਤੇ 500 ਕਰੋੜ ਰੁਪਏ ਦਾ ਵਾਧੂ ਖਰਚਾ ਆਏਗਾ, ਹਾਲਾਂਕਿ ਇਸ ਕਦਮ ਨਾਲ 1.6 ਲੱਖ ਤੋਂ ਵੱਧ ਸਰਕਾਰੀ ਮੁਲਾਜਮਾਂ ਅਤੇ 82,000 ਪੈਨਸਨਰਾਂ ਨੂੰ ਫਾਇਦਾ ਹੋਵੇਗਾ। ਸੱਤਵਾਂ ਤਨਖਾਹ ਕਮਿਸਨ ਤ੍ਰਿਪੁਰਾ ਵਿੱਚ 1 ਅਕਤੂਬਰ, 2018 ਤੋਂ ਲਾਗੂ ਹੋਇਆ। ਉਦੋਂ ਤੋਂ ਲੈ ਕੇ ਹੁਣ ਤੱਕ ਡੀਏ ਵਿੱਚ ਕਈ ਵਾਰ ਵਾਧਾ ਕੀਤਾ ਜਾ ਚੁੱਕਾ ਹੈ। ਇਸ ਤੋਂ ਪਹਿਲਾਂ ਮਾਰਚ 2024 ਵਿੱਚ ਤ੍ਰਿਪੁਰਾ ਦੇ ਸਰਕਾਰੀ ਕਰਮਚਾਰੀਆਂ ਦਾ ਮਹਿੰਗਾਈ ਭੱਤਾ 5 ਫੀਸਦੀ ਤੋਂ ਵਧਾ ਕੇ 25 ਫੀਸਦੀ ਕੀਤਾ ਗਿਆ ਸੀ।

# ਅਦਾਲਤ ਰੂਮ ਦੇ ਬਾਹਰੋਂ ਏ.ਐੱਸ.ਆਈ ਨੂੰ ਜਬਰਦਸਤ ਧੱਕਾ ਮਾਰ ਕੇ ਦੋਸ਼ੀ ਫਰਾਰ

ਗੁਰਦਾਸਪੁਰ 22 ਨਵੰਬਰ। ਮਾਣਯੋਗ ਅਦਾਲਤ ਵਿਚ ਪੇਸ਼ ਕਰਵਾਉਣ ਤੋਂ ਬਾਅਦ ਅਦਾਲਤ ਰੂਮ ‘ਚੋਂ ਬਾਹਰ ਹੱਥਕੜੀ ਲਗਾਉਂਦੇ ਸਮੇਂ ਇਕ ਨੌਜਵਾਨ ਏ.ਐੱਸ.ਆਈ ਨੂੰ ਜਬਰਦਸਤ ਧੱਕਾ ਮਾਰ ਕੇ ਥੱਲੇ ਸੁੱਟ ਕੇ ਫਰਾਰ ਹੋ ਗਿਆ। ਇਸ ਸਬੰਧੀ ਸਿਟੀ ਪੁਲਸ ਨੇ ਉਕਤ ਦੋਸ਼ੀ ਖ਼ਿਲਾਫ ਧਾਰਾ 224 ਆਈ.ਪੀ.ਸੀ ਦੇ ਤਹਿਤ ਮਾਮਲਾ ਦਰਜ ਕਰਕੇ ਦੋਸ਼ੀ ਦੀ ਭਾਲ ਸ਼ੁਰੂ ਕਰ ਦਿੱਤੀ ਹੈ। ਇਸ ਸਬੰਧੀ ਸਬ ਇੰਸਪੈਕਟਰ ਹਰਮੇਸ਼ ਕੁਮਾਰ ਨੇ ਦੱਸਿਆ ਕਿ ਏ.ਐੱਸ.ਆਈ ਲਖਵਿੰਦਰ ਸਿੰਘ ਨੇ ਬਿਆਨ ਦਿੱਤਾ ਕਿ ਉਹ ਭੈਣੀ ਮੀਆਂ ਖਾਂ ਪੁਲਸ ਸਟੇਸ਼ਨ ’ਚ ਤਾਇਨਾਤ ਹੈ। ਮਿਤੀ 16-11-24 ਨੂੰ ਏ.ਐੱਸ.ਆਈ ਤੀਰਥ ਰਾਮ, ਏ.ਐੱਸ.ਆਈ ਜਸਵਿੰਦਰ ਪਾਲ ਸਿੰਘ ਅਤੇ ਪੀ.ਐੱਚ.ਜੀ ਸਲਵਿੰਦਰ ਸਿੰਘ ਨਾਲ ਐੱਨ.ਡੀ.ਪੀ.ਐੱਸ ਐਕਟ ਥਾਣਾ ਭੈਣੀ ਮੀਆਂ ਖਾਂ ਵਿਚ ਗ੍ਰਿਫਤਾਰ ਦੋਸ਼ੀ ਗੁਰਪ੍ਰੀਤ ਸਿੰਘ ਉਰਫ ਗੋਪੀ ਪੁੱਤਰ ਸੁੱਚਾ ਸਿੰਘ ਵਾਸੀ ਮੋਚਪੁਰ ਥਾਣਾ



ਭੈਣੀ ਮੀਆਂ ਨੂੰ 2 ਦਿਨ ਪੁਲਸ ਰਿਮਾਂਡ ਹਿਰਾਸਤ ਖਤਮ ਹੋਣ ਤੋਂ ਬਾਅਦ ਜਦ ਬਾ-ਅਦਾਲਤ ਡਾ. ਸੁਪਰੀਤ ਕੌਰ ਜੇ.ਐੱਮ.ਆਈ.ਸੀ/ ਗੁਰਦਾਸਪੁਰ ਜੀ ਦੀ ਅਦਾਲਤ ਵਿਚ ਪੇਸ਼ ਕੀਤਾ ਗਿਆ। ਇਸ ਦੌਰਾਨ ਦੋਸ਼ੀ ਨੂੰ ਪੇਸ਼ ਕਰਵਾਉਣ ਤੋਂ ਬਾਅਦ ਅਦਾਲਤ ਰੂਮ ਦੇ ਬਾਹਰ ਜਦ ਏ.ਐੱਸ.ਆਈ ਤੀਰਥ ਰਾਮ ਵੱਲੋਂ ਹੱਥਕੜੀ ਲਗਾਉਣ ਦੀ ਕੋਸ਼ਿਸ ਕੀਤੀ ਗਈ ਤਾਂ ਦੋਸ਼ੀ ਗੁਰਪ੍ਰੀਤ ਸਿੰਘ ਉਰਫ ਗੋਪੀ ਹੱਥਕੜੀ ਲਗਾਉਂਦੇ ਸਮੇਂ ਜਬਰਦਸਤੀ ਧੱਕਾ ਮਾਰ ਕੇ ਏ.ਐੱਸ.ਆਈ ਨੂੰ ਥੱਲੇ ਸੁੱਟ ਕੇ ਦੌੜ ਗਿਆ। ਪੁਲਸ ਅਧਿਕਾਰੀ ਨੇ ਦੱਸਿਆ ਕਿ ਇਸ ਸਬੰਧੀ ਦੋਸ਼ੀ ਗੁਰਪ੍ਰੀਤ ਸਿੰਘ ਦੇ ਖ਼ਿਲਾਫ ਮਾਮਲਾ ਦਰਜ ਕਰਕੇ ਦੋਸ਼ੀ ਦੀ ਤਲਾਸ਼ ਸ਼ੁਰੂ ਕਰ ਦਿੱਤੀ ਹੈ।

## ਭਾਰਤ ‘ਚ ਪਹਿਲੀ ਵਾਰ ਇਕ ਦਿਨ ‘ਚ ਹਵਾਈ ਯਾਤਰੀਆਂ ਦੀ ਗਿਣਤੀ 5 ਲੱਖ ਤੋਂ ਪਾਰ

ਨਵੀਂ ਦਿੱਲੀ 22 ਨਵੰਬਰ। ਦੇਸ਼ ’ਚ ਘਰੇਲੂ ਹਵਾਈ ਯਾਤਰੀਆਂ ਦੀ ਗਿਣਤੀ ਨੇ ਨਵਾਂ ਰਿਕਾਰਡ ਬਣਾਇਆ ਹੈ। ਭਾਰਤ ’ਚ ਇਕ ਦਿਨ ਦੇ ਅੰਦਰ ਕੁੱਲ 5,05,412 ਘਰੇਲੂ ਯਾਤਰੀਆਂ ਨੇ ਹਵਾਈ ਯਾਤਰਾ ਕੀਤੀ। ਇਹ ਪਹਿਲੀ ਵਾਰ ਹੈ ਜਦ ਇਕ ਦਿਨ ’ਚ ਘਰੇਲੂ ਯਾਤਰੀਆਂ ਦੀ ਗਿਣਤੀ 5 ਲੱਖ ਦੇ ਅੰਕੜੇ ਨੂੰ ਪਾਰ ਕਰ ਗਈ। ਦੇਸ਼ ਦੇ ਵੱਖ-ਵੱਖ ਹਵਾਈ ਅੱਡਿਆਂ ’ਤੇ ਸੋਮਵਾਰ ਨੂੰ ਆਉਣ-ਜਾਣ ਵਾਲੇ ਯਾਤਰੀਆਂ ਦੀ ਭੀੜ ਰਹੀ। ਹਵਾਈ ਅੱਡਿਆਂ ’ਤੇ ਆਉਣ ਵਾਲੇ ਅਤੇ ਹਵਾਈ ਅੱਡਿਆਂ ਤੋਂ ਉਡਾਣ ਭਰਨ ਵਾਲੇ ਯਾਤਰੀਆਂ ਦੀ ਗਿਣਤੀ ’ਚ ਵਾਧਾ ਦਰਜ ਕੀਤਾ ਗਿਆ। ਭਾਰਤ ਦੇ ਵੱਖ-ਵੱਖ ਸੂਬਿਆਂ ’ਚ ਸਥਿਤ ਹਵਾਈ ਅੱਡਿਆਂ ’ਤੇ ਕੱਲ ਭਾਵ 17 ਨਵੰਬਰ ਨੂੰ ਇਕ ਦਿਨ ’ਚ ਕੁੱਲ 5,05,412 ਘਰੇਲੂ ਯਾਤਰੀਆਂ ਨੇ ਯਾਤਰਾ ਕੀਤੀ, ਜੋ ਕਿ ਪਹਿਲਾਂ ਦੇ ਸਾਰੇ ਰਿਕਾਰਡਾਂ ਨੂੰ ਤੋੜਦੀ ਹੈ। ਕੱਲ ਕੁੱਲ 3173 ਘਰੇਲੂ ਜਹਾਜਾਂ ਨੇ ਉਡਾਣ ਭਰੀ ਅਤੇ 3164 ਘਰੇਲੂ ਜਹਾਜ ਹਵਾਈ ਅੱਡਿਆਂ ’ਤੇ ਉਤਰੇ, ਜਿਸ ’ਚ ਕੁੱਲ 502198 ਯਾਤਰੀ ਆਏ ਅਤੇ 505412 ਯਾਤਰੀਆਂ ਨੇ ਆਪਣੀ ਮੰਜ਼ਿਲ ਵੱਲ ਕਦਮ ਵਧਾਏ। ਉੱਧਰ ਦੇਸ਼ ’ਚ ਟੋਟਲ 6337 ਘਰੇਲੂ ਜਹਾਜਾਂ ਉਤਰੇ ਅਤੇ ਗਏ। ਇਹ ਪਹਿਲੀ ਵਾਰ ਹੈ ਜਦ ਦੇਸ਼ ’ਚ ਇਕੱਠਿਆਂ ਇੰਨੇ ਲੋਕਾਂ ਨੇ ਹਵਾਈ ਯਾਤਰਾ ਕੀਤੀ ਹੋਵੇ। ਇਹ ਦੇਸ਼ ’ਚ ਹਵਾਈ ਯਾਤਰਾ ਦੀ ਵਧਦੀ ਮੰਗ ਨੂੰ ਵੀ ਦਰਸਾਉਂਦਾ ਹੈ। ਦੀਵਾਲੀ ਦੇ ਬਾਅਦ ਤੋਂ ਹੀ ਡੇਲੀ ਹਵਾਈ ਯਾਤਰਾ ਕਰਨ ਵਾਲੇ ਲੋਕਾਂ ਦੀ ਗਿਣਤੀ ’ਚ ਵਾਧਾ ਹੋਇਆ ਹੈ। ਨਵੰਬਰ ਦੇ ਮਹੀਨੇ ’ਚ ਸਕੂਲਾਂ ’ਚ ਛੁਟੀਆਂ ਅਤੇ ਵਿਆਹਾਂ ਦੇ ਕਾਰਨ ਹਵਾਈ ਯਾਤਰੀਆਂ ਦੀ ਗਿਣਤੀ ’ਚ ਵਾਧਾ ਹੋਇਆ ਹੈ।

# ਪੰਜਾਬ ਦੇ ਕਰ ਵਿਭਾਗ ਵੱਲੋਂ ਪੀਐੱਸਡੀਟੀ ਜਾਗਰੂਕਤਾ ਮੁਹਿੰਮ ਦਾ ਕੀਤਾ ਗਿਆ ਆਯੋਜਨ

**ਕਿਸ਼ਨ ਪਾਲ**

ਚੰਡੀਗੜ੍ਹ 22 ਨਵੰਬਰ। ਪੰਜਾਬ ਦੇ ਕਰ ਵਿਭਾਗ ਵੱਲੋਂ ਜਾਗਰੂਕਤਾ ਮੁਹਿੰਮ ਦਾ ਆਯੋਜਿਤ ਕੀਤਾ ਗਿਆ। ਇਹ ਸਮਾਗਮ ਪੰਜਾਬ ਰਾਜ ਵਿਕਾਸ ਟੈਕਸ ਐਕਟ, 2018 (ਪੀਐੱਸਡੀਟੀ ਐਕਟ) ‘ਤੇ ਕੇਂਦਰਿਤ ਸੀ ਅਤੇ ਇਸ ਦੀ ਪ੍ਰਧਾਨਗੀ ਸ੍ਰੀਮਤੀ ਦਰਵੀਰ ਰਾਜ, ਡਿਪਟੀ ਕਮਿਸਨਰ ਸਟੇਟ ਟੈਕਸ, ਜਲੰਧਰ ਡਵੀਜਨ ਨੇ ਕੀਤੀ। ਹੋਰ ਪ੍ਰਮੁੱਖ ਹਾਜਰੀਨ ਵਿੱਚ ਡਾ. ਅਨੁਰਾਗ ਭਾਰਤੀ, ਸ੍ਰੀਮਤੀ ਨਰਿੰਦਰ ਕੌਰ ਅਤੇ ਸ੍ਰੀ ਸੁਨੀਲ ਕੁਮਾਰ ਸਾਮਲ ਸਨ। ਇਸ ਦੌਰਾਨ ਸੀ.ਏ. ਅਸਵਨੀ ਜਿੰਦਲ ਨੇ ਆਪਣੇ ਸੰਬੋਧਨ ਦੌਰਾਨ ਟੈਕਸਦਾਤਾਵਾਂ ਅਤੇ ਯੋਗ ਵਿਅਕਤੀਆਂ ਨੂੰ ਪੀ.ਐੱਸ.ਡੀ.ਟੀ. ਐਕਟ ਅਧੀਨ ਰਜਿਸਟਰ ਕਰਨ ਅਤੇ ਲਾਗੂ ਟੈਕਸ ਦਾ ਭੁਗਤਾਨ ਕਰਨ ਲਈ ਉਤਸਾਹਿਤ ਕਰਨ ਦੀ ਲੋੜ ‘ਤੇ ਜੋਰ ਦਿੱਤਾ। ਐਸੋਸੀਏਸਨ ਦੇ ਮੈਂਬਰਾਂ ਨੂੰ ਦੱਸਿਆ ਗਿਆ ਕਿ 2.50 ਲੱਖ ਤੋਂ ਵੱਧ ਟੈਕਸਯੋਗ ਆਮਦਨ ਵਾਲੇ ਵਿਅਕਤੀਆਂ ਨੂੰ ਲਈ ਰਜਿਸਟਰ ਕਰਨ ਅਤੇ 200 ਪ੍ਰਤੀ



ਮਹੀਨਾ ਜਮ੍ਹਾ ਕਰਨ ਦੀ ਲੋੜ ਹੁੰਦੀ ਹੈ, ਜੋ ਕਿ ਸਾਲਾਨਾ 2,400 ਦੇ ਬਰਾਬਰ ਹੈ। ਉਨ੍ਹਾਂ ਕਿਹਾ ਕਿ ਚਾਰਟਰਡ ਅਕਾਊਂਟੈਂਟਸ ਐਸੋਸੀਏਸਨ ਦੀ ਤਰਫੋਂ, ਅਸੀਂ ਪ੍ਰਸਤਾਵ ਕੀਤਾ ਕਿ ਰਾਜ ਸਰਕਾਰ ਇੱਕ ਵਾਰੀ ਮੁਆਫੀ ਸਕੀਮ ਸੁਰੂ ਕਰੇ। ਇਸ ਸਕੀਮ ਵਿੱਚ ਜੁਰਮਾਨੇ ਅਤੇ ਵਿਆਜ ਦੀ ਪੂਰੀ ਛੋਟ ਸਾਮਲ ਹੋਣੀ ਚਾਹੀਦੀ ਹੈ, ਜਿਸ ਨਾਲ ਯੋਗ ਟੈਕਸਦਾਤਾਵਾਂ ਨੂੰ ਸਿਰਫ 2,400 ਪ੍ਰਤੀ ਸਾਲ ਦੇ ਮੂਲ ਟੈਕਸ ਦਾ ਭੁਗਤਾਨ ਕਰਨਾ ਪਵੇਗਾ। ਇਸ ਮੀਟਿੰਗ ਵਿੱਚ ਐਸੋਸੀਏਸਨ ਦੇ ਬਹੁਤ ਸਾਰੇ ਸਤਿਕਾਰਯੋਗ ਮੈਂਬਰਾਂ ਨੇ ਸ਼ਿਰਕਤ ਕੀਤੀ, ਜਿਨ੍ਹਾਂ ਵਿੱਚ ਸੀਏ ਸਲਿਲ ਗੁਪਤਾ, ਸੀਏ ਰਿਤੂ ਸਰਮਾ, ਸੀਏ ਰਿਸਭ ਅਗਰਵਾਲ, ਸੀਏ ਇੰਦਰਜੀਤ ਅਭਿਲਾਸੀ, ਸੀਏ ਚੰਦਨ ਸਿਆਲ, ਸੀਏ ਕੁਨਾਲ ਕਪੂਰ ਅਤੇ ਸੀਏ ਮਨੋਜ ਚੱਢਾ ਸਾਮਲ ਸੀ। ਉਨ੍ਹਾਂ ਦੌਰਾਨ ਕਿਹਾ ਕਿ ਅਸੀਂ ਇਸ ਜਾਣਕਾਰੀ ਭਰਪੂਰ ਸੈਸਨ ਦਾ ਆਯੋਜਨ ਕਰਨ ਅਤੇ ਦੀ ਪਾਲਣਾ ਬਾਰੇ ਜਾਗਰੂਕਤਾ ਵਧਾਉਣ ਲਈ ਟੈਕਸ ਵਿਭਾਗ ਦਾ ਧੰਨਵਾਦ ਕਰਦੇ ਹਾਂ।

# ਡੇਰਾ ਬਿਆਸ ਦੀ ਸੰਗਤ ਲਈ ਖੁਸ਼ਖਬਰੀ, ਦਿੱਤੀ ਗਈ ਵੱਡੀ ਰਾਹਤ

ਜਲੰਧਰ 22 ਨਵੰਬਰ। ਰਾਧਾ ਸੁਆਮੀ ਸਤਿਸੰਗ ਡੇਰਾ ਬਿਆਸ ਸੇਵਾ ਦੇ ਕੰਮਾਂ ਵਿਚ ਹਮੇਸਾ ਸਭ ਤੋਂ ਅੱਗੇ ਰਹਿੰਦਾ ਹੈ। ਹਾਲ ਹੀ ਵਿੱਚ ਡੇਰਾ ਬਿਆਸ ਦੇ ਸਤਿਸੰਗ ਘਰਾਂ ਨੇ ਸੰਗਤਾਂ ਦੀ ਸਹੂਲਤ ਲਈ ਇਕ ਹੋਰ ਵੱਡਾ ਕੰਮ ਕੀਤਾ ਹੈ, ਜਿਸ ਕਾਰਨ ਡੇਰਾ ਬਿਆਸ ਦੀ ਸੰਗਤ ਵਿਚ ਖੁਸ਼ੀ ਪਾਈ ਜਾ ਰਹੀ ਹੈ। ਦਰਅਸਲ ਇਨ੍ਹੀਂ ਦਿਨੀਂ ਡੇਰਾ ਬਿਆਸ ‘ਚ ਭੰਡਾਰਿਆਂ ਦਾ ਆਯੋਜਨ ਚੱਲ ਰਿਹਾ ਹੈ। ਸੁੱਕਰਵਾਰ ਤੋਂ ਐਤਵਾਰ ਤੱਕ ਵੱਡੀ ਗਿਣਤੀ ਵਿੱਚ ਸੰਗਤਾਂ ਡੇਰਾ ਮੁਖੀ ਬਾਬਾ ਗੁਰਿੰਦਰ ਸਿੰਘ ਢਿੱਲੋਂ ਦੇ ਦਰਸਨਾਂ ਅਤੇ ਉਨ੍ਹਾਂ ਦਾ ਸਤਿਸੰਗ ਸੁਣਨ ਲਈ ਬਿਆਸ ਜਾਂਦੀਆਂ ਹਨ। ਪਿਛਲੇ ਕੁਝ



ਦਿਨਾਂ ਤੋਂ ਤਕਨੀਕੀ ਕਾਰਨਾਂ ਕਰਕੇ ਰੇਲ ਆਵਾਜਾਈ ਕਾਫੀ ਪ੍ਰਭਾਵਿਤ ਹੋ ਰਹੀ ਹੈ। ਜਲੰਧਰ ਕੈਂਟ ਸਟੇਸਨ ‘ਤੇ ਚੱਲ ਰਹੇ ਨਿਰਮਾਣ ਕਾਰਜ ਕਾਰਨ ਕਈ ਟਰੇਨਾਂ ਨੂੰ ਫਗਵਾੜਾ ਸਟੇਸਨ ‘ਤੇ ਹੀ ਟਰਮੀਨੇਟ ਕੀਤਾ ਜਾ ਰਿਹਾ ਹੈ, ਜਿਸ ਕਾਰਨ ਸੰਗਤਾਂ ਨੂੰ ਡੇਰਾ ਬਿਆਸ ਪਹੁੰਚਣ ਵਿੱਚ ਭਾਰੀ ਪ੍ਰੇਸਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਸੀ। ਇਸ ਕਾਰਨ ਰਾਧਾ ਸੁਆਮੀ ਸਤਿਸੰਗ ਘਰ ਜਲੰਧਰ ਅਤੇ ਫਗਵਾੜਾ ਦੇ ਪ੍ਰਬੰਧਕਾਂ ਨੇ ਸੰਗਤ ਦੀ ਸਹੂਲਤ ਲਈ ਫਗਵਾੜਾ ਸਟੇਸਨ ‘ਤੇ ਸੇਵਾਦਾਰਾਂ ਨੂੰ ਤਾਇਨਾਤ ਕੀਤਾ ਹੈ ਅਤੇ ਦੂਜੇ ਸੂਬਿਆਂ ਤੋਂ ਆਉਣ ਵਾਲੀ ਸੰਗਤ ਦੇ ਡੇਰਾ ਬਿਆਸ ਪਹੁੰਚਣ ਦੇ ਪ੍ਰਬੰਧ ਕੀਤੇ। ਇਨ੍ਹਾਂ ਲਈ ਵਿਸੇਸ ਬੱਸਾਂ ਦਾ ਪ੍ਰਬੰਧ ਕੀਤਾ ਗਿਆ ਸੀ। ਇੰਨਾ ਹੀ ਨਹੀਂ ਸੰਗਤਾਂ ਅਤੇ ਹੋਰ ਰੇਲ ਯਾਤਰੀਆਂ ਲਈ ਚਾਹ, ਪਾਣੀ ਅਤੇ ਲੰਗਰ ਦਾ ਵੀ ਯੋਗ ਪ੍ਰਬੰਧ ਕੀਤਾ ਗਿਆ ਸੀ। ਬਜੁਰਗਾਂ ਲਈ ਵ੍ਹੀਲ ਚੇਅਰ ਦਾ ਵੀ ਪ੍ਰਬੰਧ ਕੀਤਾ ਗਿਆ ਸੀ। ਸਮੇਂ ਸਿਰ ਡੇਰਾ ਬਿਆਸ ਪਹੁੰਚੀ ਸੰਗਤ ਨੇ ਇਸ ਸਹੂਲਤ ਲਈ ਪ੍ਰਬੰਧਕਾਂ ਦਾ ਧੰਨਵਾਦ ਕੀਤਾ ਹੈ।

# ਰਿਜੋਰਟ ਦੇ ਸਵੀਮਿੰਗ ਪੂਲ ‘ਚ ਨਹਾਉਂਦੇ ਸਮੇਂ ਡੁੱਬੀਆਂ ਤਿੰਨ ਕੁੜੀਆਂ

ਨੈਸ਼ਨਲ ਡੈਸਕ 22 ਨਵੰਬਰ। ਮੈਸੂਰ ‘ਚ 22 ਨਵੰਬਰ ਦੀ ਸਵੇਰ ਨੂੰ ਸੋਮੇਸਵਰ ਉਚੀਲਾ ‘ਚ ਇੱਕ ਪ੍ਰਾਈਵੇਟ ਬੀਚ ਰਿਜੋਰਟ ਦੇ ਸਵੀਮਿੰਗ ਪੂਲ ‘ਚ ਤਿੰਨ ਲੜਕੀਆਂ ਡੁੱਬ ਗਈਆਂ। ਪੀੜਤਾਂ ਦੀ ਪਛਾਣ ਕੁਰੁਬਰਹੱਲੀ ਫੋਰਥ ਕਰਾਸ ਦੀ ਨਿਸੀਤਾ ਐੱਮਡੀ (21) ਰਾਮਾਨੁਜ ਰੋਡ, ਕੇਆਰ ਇਲਾਕੇ ਦੀ ਪਾਰਵਤੀ ਐੱਸ (20) ਅਤੇ ਵਿਜੇਨਗਰ ਦੇ ਦੇਵਰਾਜ ਮੁਹੱਲੇ ਦੀ ਕੀਰਤਨਾ ਐੱਨ (21) ਤਿੰਨੋਂ ਮੈਸੂਰ ਦੀਆਂ ਰਹਿਣ ਵਾਲੀਆਂ ਸਨ। ਲੜਕੀਆਂ 16 ਨਵੰਬਰ ਦੀ ਸਵੇਰ ਨੂੰ ਰਿਜੋਰਟ ਪਹੁੰਚੀਆਂ ਸਨ ਅਤੇ ਕਮਰਾ ਨੰਬਰ 2 ‘ਚ ਰੁਕੀਆਂ ਸਨ। ਐਤਵਾਰ ਸਵੇਰੇ 10 ਵਜੇ ਦੇ ਕਰੀਬ ਸਵਿਮਿੰਗ ਪੂਲ ‘ਚ ਖੇਡਦੇ ਹੋਏ ਉਨ੍ਹਾਂ ‘ਚੋਂ ਇਕ ਡੁੱਬਣ ਲੱਗੀ। ਉਸ ਨੂੰ ਬਚਾਉਣ ਦੀ ਕੋਸ਼ਿਸ ਦੌਰਾਨ ਦੋ ਹੋਰ ਲੜਕੀਆਂ ਵੀ ਡੁੱਬ ਗਈਆਂ ਤੇ ਉਨ੍ਹਾਂ ਦੀ ਮੌਤ ਹੋ ਗਈ। ਇਹ ਸਾਰੀ ਘਟਨਾ ਰਿਜੋਰਟ ‘ਚ ਲੱਗੇ ਸੀਸੀਟੀਵੀ ‘ਚ ਕੈਦ ਹੋ ਗਈ। ਦੱਸਿਆ ਜਾ ਰਿਹਾ ਹੈ ਕਿ ਲੜਕੀਆਂ ਨੇ ਆਪਣੇ ਕੱਪੜੇ ਪੂਲ ਦੇ ਕਿਨਾਰੇ ਰੱਖੇ ਹੋਏ ਸਨ ਤੇ ਪਾਣੀ ਵਿੱਚ ਉਤਰਨ ਤੋਂ ਪਹਿਲਾਂ ਆਪਣੀਆਂ ਗਤੀਵਿਧੀਆਂ ਨੂੰ ਰਿਕਾਰਡ ਕਰਨ ਲਈ ਇੱਕ ਆਈਫੋਨ ਲਗਾ ਲਿਆ ਸੀ। ਮੰਨਿਆ ਜਾ ਰਿਹਾ ਹੈ ਕਿ ਇਹ ਹਾਦਸਾ ਇਸ ਲਈ ਵਾਪਰਿਆ ਕਿਉਂਕਿ ਇਨ੍ਹਾਂ ਵਿੱਚੋਂ ਕੋਈ ਵੀ ਤੈਰਨਾ ਨਹੀਂ ਜਾਣਦੀ ਸੀ। ਰਿਜੋਰਟ ਦੇ ਸਟਾਫ ਨੇ ਘਟਨਾ ਦਾ ਪਤਾ ਲਗਾਇਆ। ਸੀਸੀਟੀਵੀ ਫੁਟੇਜ ‘ਚ ਪੂਲ ‘ਚ ਸੰਘਰਸ ਕਰ ਰਹੀਆਂ ਲੜਕੀਆਂ ਕੈਦ ਹੋ ਗਈਆਂ ਹਨ।

## ਮਠਿਆਈ ਦੀ ਦੁਕਾਨ ‘ਚ ਫਟਿਆ ਸਿਲੰਡਰ, ਮਚੀ ਹਫੜਾ-ਦਫੜੀ

ਪਟਨਾ 22 ਨਵੰਬਰ। ਬਿਹਾਰ ਦੀ ਰਾਜਧਾਨੀ ਪਟਨਾ ‘ਚ ਵੀਰਵਾਰ ਸਵੇਰੇ ਇਕ ਮਠਿਆਈ ਦੀ ਦੁਕਾਨ ‘ਚ ਰੱਖੇ ਸਿਲੰਡਰ ‘ਚ ਧਮਾਕਾ ਹੋ ਗਿਆ। ਇਸ ਹਾਦਸੇ ‘ਚ ਦੁਕਾਨ ਮਾਲਕ ਦੀ ਮੌਤ ਹੋ ਗਈ ਜਦਕਿ ਤਿੰਨ ਹੋਰ ਲੋਕ ਝੁਲਸ ਗਏ। ਘਟਨਾ ਤੋਂ ਬਾਅਦ ਇਲਾਕੇ ‘ਚ ਹਫੜਾ-ਦਫੜੀ ਮਚ ਗਈ। ਮਿਲੀ ਜਾਣਕਾਰੀ ਮੁਤਾਬਕ ਇਹ ਘਟਨਾ ਸਾਸਤਰੀ ਨਗਰ ਥਾਣਾ ਖੇਤਰ ਦੇ ਪਟੇਲ ਨਗਰ ਦੀ ਹੈ। ਮ੍ਰਿਤਕ ਦੁਕਾਨ ਮਾਲਕ ਦੀ ਪਛਾਣ ਉਪੇਂਦਰ ਕੁਮਾਰ ਵਜੋਂ ਹੋਈ ਹੈ। ਘਟਨਾ ਸਬੰਧੀ ਦੱਸਿਆ ਜਾ ਰਿਹਾ ਹੈ ਕਿ ਦੁਕਾਨ ‘ਚ ਸਿਲੰਡਰ ਰੱਖਿਆ ਹੋਇਆ ਸੀ ਜੋ ਅਚਾਨਕ ਫਟ ਗਿਆ। ਹਾਲਾਂਕਿ ਸਿਲੰਡਰ ਕਿਵੇਂ ਫਟਿਆ ਇਸ ਦਾ ਖੁਲਾਸਾ ਨਹੀਂ ਹੋ ਸਕਿਆ ਹੈ। ਘਟਨਾ ਤੋਂ ਬਾਅਦ ਫਾਇਰ ਬ੍ਰਿਗੇਡ ਦੀਆਂ ਗੱਡੀਆਂ ਨੇ ਮੌਕੇ ‘ਤੇ ਪਹੁੰਚ ਕੇ ਅੱਗ ‘ਤੇ ਕਾਬੂ ਪਾਇਆ। ਘਟਨਾ ਸਬੰਧੀ ਜਾਣਕਾਰੀ ਦਿੰਦੇ ਹੋਏ ਪੁਲਸ ਨੇ ਦੱਸਿਆ ਕਿ ਵੀਰਵਾਰ ਸਵੇਰੇ ਸਾਸਤਰੀ ਨਗਰ ਥਾਣਾ ਅਧੀਨ ਪੈਂਦੇ ਪਟੇਲ ਨਗਰ ਰੋਡ ਨੰਬਰ-13 ‘ਚ ਇਕ ਮਠਿਆਈ ਦੀ ਦੁਕਾਨ ‘ਚ ਅੱਗ ਲੱਗ ਗਈ। ਦੁਕਾਨ ‘ਚ ਅੱਗ ਲੱਗਣ ਦੀ ਸੂਚਨਾ ‘ਤੇ ਦੁਕਾਨਦਾਰ ਆਪਣੀ ਦੁਕਾਨ ਦੇ ਸ਼ਟਰ ਨੂੰ ਖੋਲ੍ਹਣ ਦੀ ਕੋਸ਼ਿਸ਼ ਵਿਚ ਝੁਲਸ ਗਿਆ। ਪੁਲਸ ਵੱਲੋਂ ਦੁਕਾਨ ਮਾਲਕ ਨੂੰ ਇਲਾਜ ਲਈ ਹਸਪਤਾਲ ਦਾਖਲ ਕਰਵਾਇਆ ਗਿਆ, ਜਿੱਥੇ ਇਲਾਜ ਦੌਰਾਨ ਦੁਕਾਨ ਮਾਲਕ ਦੀ ਮੌਤ ਹੋ ਗਈ।

# ਗਿੱਦੜਬਾਹਾ ਜਿਮਨੀ ਚੋਣ ‘ਚ ਹੋਵੇਗਾ ਦਿਲਚਸਪ ਮੁਕਾਬਲਾ, ਲੀਡਰਾਂ ਦੀ ਸਾਖ ਲੱਗੀ ਦਾਅ ‘ਤੇ

**ਏਜੰਸੀਆਂ**

ਗਿੱਦੜਬਾਹਾ 22 ਨਵੰਬਰ। ਗਿੱਦੜਬਾਹਾ ਵਿਧਾਨ ਸਭਾ ਹਲਕੇ ‘ਤੇ ਹੋਣ ਵਾਲੀ ਜ਼ਿਮਨੀ ਚੋਣ ਵਿਚ ਇਸ ਵਾਰ ਮੁਕਾਬਲਾ ਬੇਹੱਦ ਦਿਲਚਸਪ ਰਹਿਣ ਵਾਲਾ ਹੈ। 2022 ਦੀ ਚੋਣਾਂ ਵਿਚ ਰਾਜਾ ਵੜਿੰਗ ਹਰਦੀਪ ਸਿੰਘ ਡਿੰਪੀ ਢਿੱਲੋਂ ਤੋਂ ਮਹਿਜ 1349 ਵੋਟਾਂ ਦੇ ਮਾਮੂਲੀ ਫਰਕ ਨਾਲ ਜੇਤੂ ਰਹੇ ਸਨ। ਹੁਣ ਰਾਜਾ ਵੜਿੰਗ ਲੁਧਿਆਣਾ ਤੋਂ ਐੱਮ.ਪੀ. ਹਨ ਅਤੇ ਉਨ੍ਹਾਂ ਦੀ ਪਤਨੀ ਅੰਮ੍ਰਿਤਾ ਵੜਿੰਗ ਚੋਣ ਮੈਦਾਨ ਵਿਚ ਹੈ, ਜਦਕਿ ਡਿੰਪੀ ਢਿੱਲੋਂ ਇਸ ਵਾਰ ਆਮ ਆਦਮੀ ਪਾਰਟੀ ਵਲੋਂ ਚੋਣ ਲੜ ਰਹੇ ਹਨ। ਇਸ ਤੋਂ ਇਲਾਵਾ ਹਲਕੇ ਵਿਚ ਚੰਗਾ ਰਸੂਖ ਰੱਖਣ ਵਾਲੇ ਮਨਪ੍ਰੀਤ ਸਿੰਘ ਬਾਦਲ ਭਾਜਪਾ ਵਲੋਂ ਚੋਣ ਲੜ ਰਹੇ ਹਨ। ਜਿਸ ਦੇ ਚੱਲਦੇ ਇਥੇ ਤ੍ਰਿਕੋਣੀ ਲੜਾਈ ਦੇਖਣ ਨੂੰ ਮਿਲ ਸਕਦੀ ਹੈ। ਇਥੇ ਦਿਲਚਸਪ ਗੱਲ ਇਹ ਵੀ ਹੈ ਕਿ 1997 ਤੋਂ ਲੈ ਕੇ 2007 ਤਕ ਲਗਾਤਾਰ ਤਿੰਨ ਵਾਰ ਇਸ ਹਲਕੇ ਵਿਚ ਚੋਣ ਜਿੱਤਣ ਵਾਲਾ ਸ਼੍ਰੋਮਣੀ ਅਕਾਲੀ ਦਲ ਇਸ ਵਾਰ ਗੇਮ ਵਿਚੋਂ ਬਾਹਰ ਹੈ। ਦੱਸ ਦਈਏ ਕਿ ਗਿੱਦੜਬਾਹਾ ਹਲਕਾ ਪੰਜਾਬ ਦੇ ਮੁਕਤਸਰ ਜ਼ਿਲ੍ਹੇ ‘ਚ ਸਥਿਤ ਹੈ ਅਤੇ ਫਰੀਦਕੋਟ ਲੋਕ ਸਭਾ ਸੀਟ ਅਧੀਨ ਆਉਂਦਾ ਹੈ। ਇਸ ਹਲਕੇ ‘ਚ ਪਿਛਲੀਆਂ ਪੰਜ ਵਿਧਾਨ



ਸਭਾ ਚੋਣਾਂ ਵਿਚ ਤਿੰਨ ਵਾਰ ਕਾਂਗਰਸ ਅਤੇ ਦੋ ਵਾਰ ਅਕਾਲੀ ਦਲ ਨੇ ਜਿੱਤ ਹਾਸਲ ਕੀਤੀ ਹੈ। ਕਾਂਗਰਸੀ ਆਗੂ ਅਤੇ ਚੰਨੀ ਸਰਕਾਰ ਵਿਚ ਟਰਾਂਸਪੋਰਟ ਮੰਤਰੀ ਰਹੇ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਪਿਛਲੀਆਂ ਤਿੰਨ ਵਿਧਾਨ ਸਭਾ ਚੋਣਾਂ ਵਿਚ ਜਿੱਤ ਦਰਜ ਕੀਤੀ ਅਤੇ ਇਸ ਵਾਰ ਉਨ੍ਹਾਂ ਦੀ ਧਰਮ ਪਤਨੀ ਚੋਣ ਮੈਦਾਨ ਵਿਚ ਹੈ। ਦਰਅਸਲ ਲੋਕ ਸਭਾ ਚੋਣਾਂ ਵਿਚ ਅਮਰਿੰਦਰ ਸਿੰਘ ਰਾਜਾ ਵੜਿੰਗ ਲੁਧਿਆਣਾ ਤੋਂ ਕਾਂਗਰਸ ਦੀ ਟਿਕਟ ‘ਤੇ ਚੋਣ ਲੜੇ ਅਤੇ ਜਿੱਤ ਗਏ। ਜਿਸ ਤੋਂ ਬਾਅਦ ਉਨ੍ਹਾਂ ਨੂੰ ਗਿੱਦੜਬਾਹਾ ਦੀ ਵਿਧਾਨ ਸਭਾ ਸੀਟ ਤੋਂ ਅਸਤੀਫਾ ਦੇਣਾ ਪਿਆ। ਜਿੱਥੇ ਹੁਣ ਜ਼ਮਿਨੀ ਚੋਣ ਹੋਣ ਜਾ ਰਹੀ ਹੈ। ਇਸ ਤੋਂ ਪਹਿਲਾਂ 1997 ਤੋਂ ਲੈ ਕੇ 2007 ਤੱਕ ਅਕਾਲੀ ਦਲ ਵੱਲੋਂ ਮਨਪ੍ਰੀਤ ਸਿੰਘ ਬਾਦਲ ਨੇ ਜਿੱਤ ਦੀ ਹੈਟ੍ਰਿਕ ਲਗਾਈ ਸੀ ਪਰ 2012 ਦੀਆਂ ਚੋਣਾਂ ਵਿਚ ਉਨ੍ਹਾਂ ਨੇ ਅਕਾਲੀ ਦਲ ਨਾਲੋਂ ਵੱਖ ਹੋ ਕੇ ਆਪਣੀ ਪਾਰਟੀ ਪੀਪਲਜ ਇਜ ਪਾਰਟੀ ਆਫ ਪੰਜਾਬ ਬਣਾਈ ਅਤੇ ਇਸੇ ਪਾਰਟੀ ਵੱਲੋਂ ਚੋਣਾਂ ਲੜੀਆਂ ਸਨ। ਮਨਪ੍ਰੀਤ ਬਾਦਲ ਦੀ ਪਾਰਟੀ ਨੂੰ ਇਕ ਵੀ ਸੀਟ ਨਹੀਂ ਮਿਲੀ ਸੀ ਅਤੇ ਉਹ ਖੁਦ ਵੀ ਚੋਣ ਹਾਰ ਗਏ ਸਨ। ਇਸ ਤੋਂ ਬਾਅਦ ਉਹ ਕਾਂਗਰਸ ਵਿਚ ਸ਼ਾਮਲ ਹੋ ਗਏ ਅਤੇ 2017 ਵਿਚ ਬਠਿੰਡਾ ਸ਼ਹਿਰੀ ਤੋਂ ਵਿਧਾਇਕ ਬਣੇ ਤੇ ਪੰਜਾਬ ਦੇ ਖਜਾਨਾ ਮੰਤਰੀ ਵੀ ਰਹੇ। 2022 ਵਿਚ ਰਾਜਾ ਵੜਿੰਗ ਨੇ ਗਿੱਦੜਬਾਹਾ ਸੀਟ ‘ਤੇ ਆਪਣਾ ਕਬਜਾ ਬਰਕਰਾਰ ਰੱਖਿਆ ਅਤੇ ਲਗਾਤਾਰ ਤੀਜੀ ਵਾਰ ਵਿਧਾਇਕ ਬਣੇ।

# ਪੰਜਾਬੀ ਕਦੇ ਹਾਰ ਨਹੀਂ ਮੰਨਦੇ, ਪਹਿਲਾਂ ਅੱਤਵਾਦ ਖਤਮ ਕੀਤਾ ਹੁਣ ਨਸ਼ਾ ਖਤਮ ਕਰਾਂਗੇ : ਹਰਚਰਨ ਭੁੱਲਰ

**ਏਜੰਸੀਆਂ**

ਬੁਢਲਾਡਾ 22 ਨਵੰਬਰ। ਦਿਨੋ-ਦਿਨ ਵੱਧ ਰਹੇ ਨਸ਼ਿਆਂ ਅਤੇ ਸਟਰੀਟ ਕ੍ਰਾਈਮ ਨੂੰ ਨੱਥ ਪਾਉਣ ਲਈ ਪੁਲਸ ਨੇ ਕਮਰ ਕੱਸ ਲਈ ਹੈ। ਇਸ ਸੰਬੰਧੀ ਡੀ.ਆਈ.ਜੀ. ਬਠਿੰਡਾ ਰੇਜ ਹਰਚਰਨ ਸਿੰਘ ਭੁੱਲਰ ਨੇ ਜਗਬਾਣੀ ਨਾਲ ਇਕ ਵਿਸ਼ੇਸ਼ ਇੰਟਰਵਿਊ ਰਾਹੀਂ ਜਾਣਕਾਰੀ ਸਾਂਝੀ ਕੀਤੀ। ਉਨ੍ਹਾਂ ਕਿਹਾ ਕਿ ਪੰਜਾਬੀ ਕਦੇ ਹਾਰ ਨਹੀਂ ਮੰਨਦੇ, ਪਹਿਲਾਂ ਅੱਤਵਾਦ ਖਤਮ ਕੀਤਾ ਸੀ ਹੁਣ ਨਸ਼ਿਆਂ ‘ਤੇ ਸ਼ਿਕੰਜਾ ਕਸਦਿਆਂ ਸਟਰੀਟ ਕ੍ਰਾਈਮ ਨੂੰ ਖਤਮ ਕਰਾਂਗੇ। ਇਹ ਆਮ ਜਨਤਾ ਦਾ ਸਹਿਯੋਗ ਨਾਲ ਹੀ ਸੰਭਵ ਹੋ ਸਕਦਾ ਹੈ। ਉਨ੍ਹਾਂ ਦੱਸਿਆ ਕਿ ਪੰਜਾਬ ਪੁਲਸ ਦੁਨੀਆਂ ਭਰ ਦੀ ਸਭ ਤੋਂ ਬਹਾਦਰ ਫੋਰਸ ਹੈ ਜੋ ਹਰ ਕੰਮ ਵਿਚ ਤਤਪਰ ਰਹਿੰਦੀ ਹੈ। ਭੁੱਲਰ ਨੇ ਦੱਸਿਆ ਕਿ ਮੁੱਖ ਮੰਤਰੀ ਪੰਜਾਬ ਦੀ ਅਗਵਾਈ ਹੇਠ ਡੀ.ਜੀ.ਪੀ. ਗੌਰਵ ਯਾਦਵ ਦੇ ਦਿਸ਼ਾ ਨਿਰਦੇਸ਼ਾਂ ਹੇਠ ਸੇਫ ਪੰਜਾਬ ਦੇ ਬੈਨਰ ਹੇਠ ਐਂਟੀ ਡਰੱਗ ਹੈਲਪਲਾਈਨ ਨਸ਼ਿਆਂ ਖ਼ਿਲਾਫ ਸ਼ੁਰੂ ਕਰਦਿਆਂ ਤੁਹਾਡੇ ਸਾਥ ਲਈ ਇਕ ਨੰਬਰ 9779100200 ਜਾਰੀ ਕੀਤਾ ਗਿਆ ਹੈ। ਜਿਸ ‘ਤੇ ਤੁਸੀਂ ਨਸ਼ਾ ਖ੍ਰੀਦਣ ਜਾਂ ਵੇਚਣ ਵਾਲੇ ਖ਼ਿਲਾਫ ਫੋਨ ਕਰਕੇ ਜਾਂ ਵਟਸਅਐਪ ਕਰਕੇ ਜਾਣਕਾਰੀ ਦੇ ਸਕਦੇ ਹੋ। ਕਾਲ ਕਰਨ ਵਾਲੇ ਸੰਬੰਧੀ ਜਾਣਕਾਰੀ ਨੂੰ ਗੁਪਤ ਰੱਖਿਆ ਜਾਵੇਗਾ। ਇਹ ਹੈਲਪਲਾਈਨ ਕਾਫੀ ਲਾਹੇਬੰਦ ਸਾਬਿਤ ਹੋ ਰਹੀ ਹੈ। ਭੁੱਲਰ ਨੇ ਦੱਸਿਆ ਕਿ ਸ਼ਹਿਰਾਂ ਕਸਬਿਆਂ ਦੀਆਂ ਗਲੀਆਂ ਮੁਹੱਲਿਆਂ ਵਿਚ ਹੋਣ ਵਾਲੇ ਸਟਰੀਟ ਕ੍ਰਾਈਮ ਵਹੀਕਲ ਚੋਰੀ, ਲੁੱਟ ਖੋਹ, ਸਨੈਚਿੰਗ ਵਰਗੀਆਂ ਵਾਰਦਾਤਾਂ ਨੂੰ ਠੱਲ ਪਾਉਣ ਲਈ ਸਟਰੀਟ ਕ੍ਰਾਈਮ ਨੂੰ ਖਤਮ ਕਰਨ ‘ਤੇ ਜੋਰ ਦਿੱਤਾ ਜਾ ਰਿਹਾ ਹੈ। ਇਹ ਲੋਕਾਂ ਦੇ ਸਹਿਯੋਗ ਸਦਕਾ ਹੀ ਸੰਭਵ ਹੋ ਸਕਦਾ ਹੈ। ਉਨ੍ਹਾਂ ਕਿਹਾ ਕਿ ਤੁਸੀਂ ਆਪਣੇ ਆਲੇ ਦੁਆਲੇ ਨੂੰ ਸੁਰੱਖਿਅਤ ਬਣਾਉਂਦਿਆਂ ਸੀ. ਸੀ. ਟੀ. ਵੀ. ਕੈਮਰੇ ਲਗਾਉਣ ‘ਤੇ ਵੀ ਜੋਰ ਦਿੱਤਾ। ਉਨ੍ਹਾਂ ਦੱਸਿਆ ਕਿ ਲੋਕਾਂ ਦੇ ਸਹਿਯੋਗ ਨਾਲ ਸ਼ਹਿਰ ਦੇ ਮੁੱਖ ਬਾਜਾਰਾਂ ਨੂੰ ਸੀ.ਸੀ.ਟੀ.ਵੀ. ਕੈਮਰੇ ਲਗਾਏ ਜਾਣਗੇ ਤਾਂ ਜੋ ਸਟਰੀਟ ਕ੍ਰਾਈਮ ਨੂੰ ਖਤਮ ਕੀਤਾ ਜਾ ਸਕੇ। ਉਨ੍ਹਾਂ ਕਿਹਾ ਕਿ ਆਮ ਜਨਤਾ ਆਪਣੇ ਕਰਤੱਵਾਂ ਨੂੰ ਅਣਦੇਖਿਆ ਕਰਦਿਆਂ ਆਪਣੇ ਅਧਿਕਾਰ ਦੀ ਵਰਤੋਂ ਨਹੀਂ ਕਰਦੇ ਅਤੇ ਦੂਸਰੇ ‘ਤੇ ਨਿਰਭਰ ਹੋ ਚੁੱਕੀ ਹੈ। ਪਬਲਿਕ ਲਈ ਸੜਕਾਂ ਆਦਿ ਬਣੇ ਹੋਏ ਹਨ ਪ੍ਰੰਤੂ ਉਨ੍ਹਾਂ ਨੂੰ ਸੁਰੱਖਿਅਤ ਕਰਨ ਵਿਚ ਅਸੀਂ ਅਕਸਰ ਅਣਦੇਖੀ ਕਰਦੇ ਹਾਂ। ਲੋੜ ਹੈ ਕਿ ਸੜਕਾਂ ਬਾਜਾਰਾਂ ‘ਚ ਟ੍ਰੈਫਿਕ ਦੀ ਉਲੰਘਣਾ ਨਾ ਕੀਤੀ ਜਾਵੇ ਅਤੇ ਆਪਣੇ ਵਹੀਕਲਾਂ ਨੂੰ ਸੁਰੱਖਿਅਤ ਅਤੇ ਸੁਚਾਰੂ ਢੰਗ ਨਾਲ ਪਾਰਕ ਕੀਤਾ ਜਾਵੇ। ਕ੍ਰਾਈਮ ਨੂੰ ਰੋਕਣ ਲਈ ਟ੍ਰੈਫਿਕ ਨਿਯਮਾਂ ਦੀ ਪਾਲਣਾ ਸਮੇਂ ਦੀ ਮੁੱਖ ਲੋੜ ਹੈ। ਆਮ ਜਨਤਾ ਨੂੰ ਆਪਣੇ ਅਧਿਕਾਰਾਂ ਦੀ ਵਰਤੋਂ ਕਰਨੀ ਚਾਹੀਦੀ ਹੈ। ਪੰਜਾਬ ਅੰਦਰ ਨਸ਼ਿਆਂ ਦੇ ਵਗ ਰਹੇ 6ਵੇਂ ਦਰਿਆ ‘ਤੇ ਹੁਣ ਪਰਿਵਾਰਿਕ ਮੈਂਬਰਾਂ ਨੂੰ ਵੀ ਆਪਣੀ ਨੈਤਿਕ ਜ਼ਿੰਮੇਵਾਰੀ ਨੂੰ ਸਮਝਣ ਦੀ ਲੋੜ ਹੈ। ਭੁੱਲਰ ਨੇ ਕਿਹਾ ਕਿ ਸਾਡੇ ਘਰ ਵਿਚ ਜਦੋਂ ਕੋਈ ਬੱਚਾ ਨਸ਼ਾ ਕਰਨ ਲੱਗਦਾ ਹੈ



ਤਾਂ ਉਸ ਬਾਰੇ ਸਾਰਾ ਪਰਿਵਾਰ ਜਾਣਦੇ ਹੋਏ ਵੀ ਉਸ ਵੱਲੋਂ ਲਿਆਂਦੇ ਜਾ ਰਹੇ ਨਸ਼ੇ ਸੰਬੰਧੀ ਜਾਣਕਾਰੀ ਇਕੱਠੀ ਕਰਨ ਦੀ ਬਜਾਏ ਉਨ੍ਹਾਂ ਦੀਆਂ ਕਮੀਆਂ ਨੂੰ ਛੁਪਾਉਣ ਵਿਚ ਜੁਟ ਜਾਂਦਾ ਹੈ। ਮਾਂ ਆਪਣੇ ਬੱਚੇ ਦੇ ਮੋਹ ਵਿਚ ਪਿਓ ਤੋਂ ਚੋਰੀ ਆਪਣੇ ਬੱਚੇ ਨੂੰ ਪੈਸੇ ਦਿੰਦੀ ਹੈ। ਪੈਸੇ ਨਾ ਮਿਲਣ ‘ਤੇ ਬੱਚਾ ਕ੍ਰਾਈਮ ਦੇ ਰਾਹ ‘ਤੇ ਤੁਰ ਪੈਂਦਾ ਹੈ। ਜੇ ਪਰਿਵਾਰ ਪਹਿਲਾ ਹੀ ਉਸਦੀਆਂ ਗਤੀਵਿਧੀਆਂ ਤੇ ਕਾਬੂ ਕਰ ਲਵੇ ਤਾਂ ਬੱਚਾ ਨਸ਼ੇ ਤੋਂ ਦੂਰ ਰੱਖਿਆ ਜਾ ਸਕਦਾ ਸੀ। ਭੁੱਲਰ ਨੇ ਕਿਹਾ ਕਿ ਉਨ੍ਹਾਂ ਦਾ ਨੌਕਰੀ ਵਿਚ ਲੰਬਾ ਤਜਰਬਾ ਹੈ ਕਿ ਨਸ਼ੇ ਕਾਰਨ ਪਵਿੱਤਰ ਰਿਸ਼ਤੇ ਖਤਮ ਹੋ ਚੁੱਕੇ ਹਨ। ਅਜਿਹੇ ਮਾਮਲੇ ਸਾਡੇ ਧਿਆਨ ਵਿਚ ਨਿੱਤ ਆਏ ਹਨ ਕਿ ਨਸ਼ੇ ਕਾਰਨ ਆਪਣੇ ਸਕੇ ਸੰਬੰਧੀਆਂ ਦੇ ਕਤਲ ਤੱਕ ਵੀ ਕਰ ਦਿੰਦੇ ਹਨ। ਸਮਾਜਿਕ ਰਿਸ਼ਤੇ ਖਤਮ ਹੋ ਗਏ ਪ੍ਰੰਤੂ ਫਿਰ ਵੀ ਉਨ੍ਹਾਂ ਨੂੰ ਬਚਾਉਣ ਲਈ ਅਦਾਲਤਾਂ ਅੰਦਰ ਆਪਣੇ ਬੱਚਿਆਂ ਨੂੰ ਬਚਾਉਣ ਲਈ ਪਿੱਛੇ ਜਾਂਦੇ ਹਨ ਕਿ ਉਹ ਕਾਨੂੰਨੀ ਕਾਰਵਾਈ ਤੋਂ ਛੁਡਾਉਣ ਨਾਲ ਸੁਧਰ ਜਾਵੇਗਾ। ਇੱਥੇ ਹੀ ਬਸ ਨਹੀਂ ਅੱਜ ਨਸ਼ੇ ਦਾ ਆਦੀ ਨੌਜਵਾਨ ਦਾ ਵਿਆਹ ਤਾਂ ਕਰਵਾ ਦਿੰਦੇ ਹਨ ਪ੍ਰੰਤੂ 2 ਮਹੀਨਿਆਂ ਬਾਅਦ ਸੱਚਾਈ ਸਾਹਮਣੇ ਆਉਂਦੇ ਹੀ ਵਿਆਹ ਤਾਲਾਕ ਦੇ ਰੂਪ ਵਿਚ ਬਦਲ ਜਾਂਦਾ ਹੈ। ਉਨ੍ਹਾਂ ਕਿਹਾ ਕਿ ਅੱਜ ਪੰਜਾਬ ਵਿਚ ਬਾਹਰਲੇ ਦੇਸ਼ਾਂ ‘ਚ ਜਾਣ ਦੀ ਹੋੜ ਲੱਗੀ ਹੋਈ ਹੈ, ਨੌਕਰੀਆਂ ਦੀ ਭਾਲ ਕਾਰਨ ਨੌਜਵਾਨ ਅੱਕਿਆ ਥੱਕਿਆ ਨਜਰ ਆਉਂਦਾ ਹੈ। ਮਾਪੇ ਬੱਚਿਆ ਦੀ ਸਥਿਤੀ ਨੂੰ ਸਮਝਣ ਅਤੇ ਉਨ੍ਹਾਂ ਨੂੰ ਸਮੇਂ ਸਿਰ ਸੰਭਾਲਣ। ਪਹਿਲਾਂ ਸਮਾਂ ਸੀ ਜਦੋਂ ਘਰ ਦਾ ਨੌਜਵਾਨ ਕੋਈ ਗਲਤੀ ਕਰਦਾ ਸੀ ਤਾਂ ਲੋਕ ਉਸਦਾ ਉਲਾਂਭਾ ਲੈ ਕੇ ਪਰਿਵਾਰ ਕੋਲ ਪਹੁੰਚਦੇ ਸਨ। ਪ੍ਰੰਤੂ ਅੱਜ ਲੋਕ ਉਸਨੂੰ ਨਿੱਜੀ ਦਖਲ-ਅੰਦਾਜੀ ਸਮਝ ਕੇ ਦੱਸਣ ਵਾਲੇ ਖ਼ਿਲਾਫ ਆਪਣਾ ਮਤ ਬਣਾ ਲੈਂਦੇ ਹਨ। ਉਨ੍ਹਾਂ ਕਿਹਾ ਕਿ ਅੱਜ ਨੌਜਵਾਨਾਂ ਨੂੰ ਮਾਨਸਿਕ ਤੌਰ ‘ਤੇ ਮਜਬੂਤ ਕਰਨ ਦੀ ਲੋੜ ਹੈ। ਇਸ ਲਈ ਸਰਕਾਰਾਂ ਵੱਲੋਂ ਖੇਡ ਗਰਾਊਂਡ ਬਣਾਏ ਗਏ, ਨਸ਼ਾ ਛਡਾਊ ਕੇਂਦਰ, ਰੁਜਗਾਰ ਲਈ ਭਰਤੀ ਦੇ ਸਾਧਨ ਪੈਦਾ ਕੀਤੇ ਗਏ ਹਨ। ਅੱਜ ਨਸ਼ੇ ਵਾਲੇ ਨੌਜਵਾਨ ਮਾਨਸਿਕ ਤੌਰ ‘ਤੇ ਇੰਨੇ ਕਮਜੋਰ ਹੋ ਚੁੱਕੇ ਹਨ ਕਿ ਉਹ ਕਿਸੇ ਵੀ ਟੈਸਟ ਨੂੰ ਪਾਸ ਕਰਨ ਦੇ ਯੋਗ ਨਹੀਂ ਹਨ। ਪ੍ਰੰਤੂ ਹੁਣ ਸਾਨੂੰ ਇਕ ਮਤ ਹੋ ਕੇ ਇਸ ਨਸ਼ੇ ਦੇ ਕੋਹੜ ਨੂੰ ਖਤਮ ਕਰਨ ਲਈ ਨੌਜਵਾਨਾਂ ਨੂੰ ਮਾਨਸਿਕ ਤੌਰ ‘ਤੇ ਮਜਬੂਤ ਕਰਨਾ ਪਵੇਗਾ। ਉਨ੍ਹਾਂ ਕਿਹਾ ਕਿ ਸਾਨੂੰ ਆਪਣੀ ਸੋਚ ਬਦਲਣੀ ਪਵੇਗੀ। ਪੰਜਾਬ ਜਦੋਂ ਅੱਤਵਾਦ ਦੇ ਦੌਰ ‘ਚ ਸੀ ਉਸ ਸਮੇਂ ਲੋਕਾਂ ਦੇ ਸਹਿਯੋਗ ਨਾਲ ਪੁਲਸ ਨੇ ਅੱਤਵਾਦ ਨੂੰ ਖਤਮ ਕੀਤਾ। ਇਸੇ ਤਰ੍ਹਾਂ ਜਦੋਂ ਤੱਕ ਸਮਾਜ ਖੁਦ ਉਠ ਕੇ ਅੱਗੇ ਨਹੀਂ ਆਵੇਗਾ ਅਤੇ ਆਪਣੀ ਸੋਚ ਨਹੀਂ ਬਦਲੇਗਾ, ਉਦੋਂ ਤਕ ਨਸ਼ੇ ‘ਤੇ ਕਾਬੂ ਪਾਉਣਾ ਸੰਭਵ ਨਹੀਂ ਹੈ। ਪ੍ਰੰਤੂ ਹੁਣ ਮੁੱਖ ਮੰਤਰੀ ਪੰਜਾਬ, ਪੰਜਾਬ ਦੀ ਨੌਜਵਾਨੀ ਨੂੰ ਬਚਾਉਣ ਲਈ ਗੰਭੀਰ ਹੁੰਦਿਆਂ ਹਰ ਪਹਿਲੂ ‘ਤੇ ਲੋਕਾਂ ਦੇ ਸਹਿਯੋਗ ਨਾਲ ਇਕ ਚੰਗੇ ਸਮਾਜ ਦੀ ਸਿਰਜਨਾ ਲਈ ਕੰਮ ਕਰ ਰਹੇ ਹਨ। ਜਿਸ ਦੇ ਨਤੀਜੇ ਚੰਗੇ ਨਿਕਲ ਰਹੇ ਹਨ।